Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 252, ਮਿਤੀ : 10 ਮਈ ਤੋਂ 10 ਮਈ 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com




# ਨਿੱਝਰ ਦੀ ਹੱਤਿਆ ’ਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਦੋਸ਼ਾਂ ’ਤੇ ਕਾਇਮ: ਕੈਨੇਡਾ

## ਹੱਤਿਆ ਮਾਮਲੇ ’ਚ ਗ੍ਰਿਫ਼ਤਾਰ ਤਿੰਨ ਭਾਰਤੀ ਸਰੀ ਦੀ ਅਦਾਲਤ ’ਚ ਪੇਸ਼

ਓਟਵਾ : ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੌਲੀ ਨੇ ਕਿਹਾ ਹੈ ਕਿ ਓਟਵਾ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਦੋਸ਼ਾਂ ’ਤੇ ਕਾਇਮ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੌਲੀ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਦੀ ਜਾਂਚ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, ‘ਕੈਨੇਡਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਕਰਨ ਲਈ ਕੋਈ ਕਸਰ ਨਹੀਂ ਛੱਡੇਗਾ। ਅਸੀਂ ਉਨ੍ਹਾਂ ਦੋਸ਼ਾਂ ’ਤੇ ਕਾਇਮ ਹਾਂ ਕਿ ਕੈਨੇਡੀਅਨ ਜ਼ਮੀਨ ’ਤੇ ਭਾਰਤੀ ਏਜੰਟਾਂ ਵੱਲੋਂ ਕੈਨੇਡੀਅਨ ਦੀ ਹੱਤਿਆ ਕੀਤੀ ਗਈ ਸੀ। ਇਸ ਦੀ ਆਰਸੀਐੱਮਪੀ ਜਾਂਚ ਕਰ ਰਹੀ ਹੈ। ਮੈਂ ਅੱਗੇ ਕੋਈ ਟਿੱਪਣੀ ਨਹੀਂ ਕਰਾਂਗੀ।” ਉਧਰ ਭਾਰਤ ਇਸ ਮਾਮਲੇ ’ਚ ਕੈਨੇਡਾ ਤੋਂ ਸਬੂਤ ਮੰਗ ਰਿਹਾ ਹੈ ਪਰ ਹਾਲੇ ਤੱਕ ਉਸ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ। ਉਧਰ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ ਵਿਚ ਗ੍ਰਿਫ਼ਤਾਰ ਤਿੰਨ ਭਾਰਤੀ ਨਾਗਰਿਕਾਂ ਨੂੰ ਮੰਗਲਵਾਰ ਨੂੰ ਵਰਚੁਅਲੀ ਕੈਨੇਡੀਅਨ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ। ਐਡਮਿੰਟਨ ਰਹਿੰਦੇ ਭਾਰਤੀ ਨਾਗਰਿਕਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਤੇ ਕਰਨਪ੍ਰੀਤ ਸਿੰਘ (28) ਨੂੰ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਉੱਤੇ ਪਹਿਲਾ ਦਰਜਾ ਕਤਲ ਤੇ ਕਤਲ ਦੀ ਸਾਜ਼ਿਸ਼ ਘੜਨ ਦੇ ਦੋਸ਼ ਆਇਦ ਹਨ। ਤਿੰਨਾਂ ਨੂੰ ਖਚਾਖਚ ਭਰੇ ਸਰੀ ਦੇ ਸੂਬਾਈ ਕੋਰਟ ਰੂਮ ਵਿਚ ਮੰਗਲਵਾਰ ਨੂੰ ਵੱਖੋ ਵੱਖਰੇ ਰੂਪ ਵਿਚ ਵਰਚੁਅਲੀ ਪੇਸ਼ ਕੀਤਾ ਗਿਆ। ਰੋਜ਼ਨਾਮਚਾ ‘ਵੈਨਕੂਵਰ ਸਨ’ ਦੀ ਰਿਪੋਰਟ ਮੁਤਾਬਕ ਮੁਲਜ਼ਮਾਂ ਨੂੰ ਆਪਣੇ ਵਕੀਲਾਂ ਨਾਲ ਸਲਾਹ ਮਸ਼ਵਰੇ ਲਈ ਸਮਾਂ ਦਿੰਦਿਆਂ ਕੇਸ ਦੀ ਅਗਲੀ ਸੁਣਵਾਈ 21 ਮਈ ਲਈ ਨਿਰਧਾਰਿਤ ਕੀਤੀ ਗਈ ਹੈ। ਉਂਜ ਸੁਣਵਾਈ ਮੌਕੇ ਅਦਾਲਤ ਦੇ ਬਾਹਰ ਸੈਂਕੜੇ ਸਥਾਨਕ ਖਾਲਿਸਤਾਨੀ ਸਮਰਥਕ ਮੌਜੂਦ ਸਨ ਜਿਨ੍ਹਾਂ ਹੱਥਾਂ ਵਿਚ ਖਾਲਿਸਤਾਨੀ ਝੰਡੇ ਤੇ ਸਿੱਖ ਵੱਖਵਾਦ ਨਾਲ ਸਬੰਧਤ ਪੋਸਟਰ ਫੜੇ ਹੋਏ ਸਨ। ਨਿੱਝਰ ਦੀ ਪਿਛਲੇ ਸਾਲ 18 ਜੂਨ ਨੂੰ ਸਰੀ ਦੇ ਇਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਰਿਪੋਰਟ ਵਿਚ ਕਿਹਾ ਗਿਆ ਕਿ ਮੰਨਿਆ ਜਾਂਦਾ ਹੈ ਕਿ ਤਿੰਨੇ ਮੁਲਜ਼ਮ ਕਥਿਤ ਹਿੱਟ ਸਕੁਐਡ ਦੇ ਮੈਂਬਰ ਹਨ। ਪੇਸ਼ੀ ਮੌਕੇ ਮੁਲਜ਼ਮਾਂ ਨੇ ਜੇਲ੍ਹ ਵੱਲੋਂ ਦਿੱਤੀਆਂ ਲਾਲ ਟੀ-ਸ਼ਰਟਾਂ ਤੇ ਪੈਂਟਾਂ ਪਾਈਆਂ ਹੋਈਆਂ ਸਨ। ਕਰਨ ਬਰਾੜ ਤੇ ਕਰਨਪ੍ਰੀਤ ਸਿੰਘ ਸਵੇਰ ਵੇਲੇ ਜਦੋਂਕਿ ਕਮਲਪ੍ਰੀਤ ਸਿੰਘ ਲੰਚ ਤੋਂ ਬਾਅਦ ਕੋਰਟ ਵਿਚ ਵਰਚੁਅਲੀ ਪੇਸ਼ ਹੋਇਆ। ਤਿੰਨਾਂ ਨੇ ਕੇਸ ਦੀ ਕਾਰਵਾਈ ਅੰਗਰੇਜ਼ੀ ਵਿਚ ਸੁਣਨ ਦੀ ਸਹਿਮਤੀ ਦਿੱਤੀ ਤੇ ਉਨ੍ਹਾਂ ਕਿਹਾ ਕਿ ਉਹ ਆਪਣੇ ਖਿਲਾਫ਼ ਲੱਗੇ ਪਹਿਲਾ ਦਰਜਾ ਕਤਲ ਤੇ ਨਿੱਝਰ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦੇ ਦੋਸ਼ਾਂ ਤੋਂ ਵਾਕਿਫ਼ ਹਨ। ਇਸ ਦੌਰਾਨ ਕੋਰਟ ਨੇ ਸਰਕਾਰੀ ਧਿਰ ਦੇ ਵਕੀਲ ਦੀ ਉਹ ਅਪੀਲ ਮੰਨ ਲਈ ਜਿਸ ਵਿਚ ਕੈਨੇਡਾ ਦੇ ਕ੍ਰਿਮੀਨਲ ਕੋਡ ਦੀ ਇਕ ਧਾਰਾ ਤਹਿਤ ਮੁਲਜ਼ਮਾਂ ਨੂੰ ਸੱਤ ਵਿਅਕਤੀਆਂ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਮਿਲਣ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ। ਰਿਪੋਰਟ ਮੁਤਾਬਕ ਇਨ੍ਹਾਂ ਸੱਤ ਵਿਅਕਤੀਆਂ ਵਿਚ ਨਿੱਝਰ ਦਾ ਪੁੱਤਰ ਬਲਰਾਜ ਨਿੱਝਰ (21), ਹਰਜਿੰਦਰ ਨਿੱਝਰ, ਮਹਿਤਾਬ ਨਿੱਝਰ, ਸਰਨਦੀਪ ਸਹਿਜ, ਹਰਸਿਮਰਨਜੀਤ ਸਿੰਘ, ਅਰਸ਼ਦੀਪ ਕਪੂਰ ਤੇ ਮਲਕੀਤ ਸਿੰਘ ਸ਼ਾਮਲ ਹਨ। ਮੁਲਜ਼ਮਾਂ ਵੱਲੋਂ ਦਾਇਰ ਅੰਤਰਿਮ ਜ਼ਮਾਨਤ ’ਤੇ ਸ਼ਨਿਚਰਵਾਰ ਨੂੰ ਸੁਣਵਾਈ ਹੋਈ ਸੀ, ਜਿਸ ਮਗਰੋਂ ਇਨ੍ਹਾਂ ਨੂੰ ਨਿਆਂਇਕ ਹਿਰਾਸਤ ਵਿਚ ਰੱਖਿਆ ਗਿਆ ਹੈ।

ਸਰੀ ਦੇ ਕ੍ਰਿਮੀਨਲ ਤੇ ਇਮੀਗ੍ਰੇਸ਼ਨ ਵਕੀਲ ਅਫਾਨ ਬਾਜਵਾ ਨੇ ਕਿਹਾ ਕਿ ਅਗਲੀ ਪੇਸ਼ਕਦਮੀ ਵਜੋਂ ਮੁਲਜ਼ਮਾਂ ਦੇ ਵਕੀਲ ਜ਼ਮਾਨਤ ਲਈ ਪਟੀਸ਼ਨ ਦਾਖਲ ਕਰਨਗੇ। ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਵਕੀਲ ਜਿੰਨਾ ਮਜ਼ਬੂਤ ਕੇਸ ਜੱਜ ਅੱਗੇ ਰੱਖਣਗੇ, ਓਨੀ ਉਨ੍ਹਾਂ ਦੀ ਰਿਹਾਈ ਦੇ ਆਸਾਰ ਵਧਣਗੇ। ਬਾਜਵਾ ਨੇ ਕਿਹਾ, “ਮੈਨੂੰ ਲੱਗਦਾ ਹੈ ਕਿ ਸੰਭਾਵੀ ਫਲਾਈਟ ਰਿਸਕ (ਮੁਲਕ ਛੱਡਣ) ਤੇ ਲੋਕਾਂ ਦੀ ਸੁਰੱਖਿਆ ਨੂੰ ਖ਼ਤਰੇ ਨਾਲ ਜੁੜੇ ਜੋਖ਼ਮਾਂ ਕਰਕੇ ਉਨ੍ਹਾਂ ਨੂੰ ਜ਼ਮਾਨਤ ਮਿਲਣੀ ਮੁਸ਼ਕਲ ਹੋ ਸਕਦੀ ਹੈ। ਬਾਜਵਾ ਨੇ ਕਿਹਾ ਕਿ ਜੇਕਰ ਕੇਸ ਅੱਗੇ ਵਧਦਾ ਹੈ ਤੇ ਉਹ ਪਹਿਲਾ ਦਰਜਾ ਕਤਲ ਦੇ ਦੋਸ਼ੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਘੱਟੋ-ਘੱਟ 25 ਸਾਲ ਪੈਰੋਲ ਨਹੀਂ ਮਿਲੇਗੀ। ਬਾਜਵਾ ਮੁਤਾਬਕ ਜੇਕਰ ਉਹ ਵਿਦੇਸ਼ੀ ਨਾਗਰਿਕ ਜਾਂ ਸਥਾਈ ਵਸਨੀਕ (ਪੀਆਰ) ਹਨ, ਤਾਂ ਜਿਵੇਂ ਹੀ ਉਹ ਰਿਹਾਅ ਹੋਣਗੇ ਤਾਂ ਕੈਨੇਡਾ ਬਾਰਡਰ ਸਰਵਿਸ ਏਜੰਸੀ ਉਨ੍ਹਾਂ ਨੂੰ ਜਲਾਵਤਨ ਕਰਨ ਬਾਰੇ ਸੁਣਵਾਈ ਕਰ ਸਕਦੀ ਹੈ। ਵੈਨਕੂਵਰ ਸਨ ਨੇ ਕਿਹਾ ਕਿ ਕੈਨੇਡੀਅਨ ਲਾਇਰ ਮੈਗਜ਼ੀਨ ਮੁਤਾਬਕ, “ਕੈਨੇਡਾ ਦੀ ਸੁਪਰੀਮ ਕੋਰਟ ਵੱਲੋਂ ਪਿਛਲੇ ਸਾਲ ਸਤੰਬਰ ਵਿਚ ਸੁਣਾਏ ਇਕ ਫੈਸਲੇ ਮੁਤਾਬਕ ਜੇਕਰ ਮੁਲਜ਼ਮ ਦੋਸ਼ੀ ਨਹੀਂ ਵੀ ਪਾਏ ਜਾਂਦੇ ਤਾਂ ਵੀ ਉਨ੍ਹਾਂ ਨੂੰ ਵਾਪਸ ਭਾਰਤ ਭੇਜਿਆ ਜਾ ਸਕਦਾ ਹੈ। ਨੌਂ ਜੱਜਾਂ ਵੱਲੋਂ ਸਰਬਸੰਮਤੀ ਨਾਲ ਸੁਣਾਏ ਫੈਸਲੇ ਮੁਤਾਬਕ ਇਮੀਗ੍ਰੇਸ਼ਨ ਤੇ ਰਫਿਊਜ਼ੀ ਪ੍ਰੋਟੈਕਸ਼ਨ ਐਕਟ ਤਹਿਤ ਕੈਨੇਡਾ ਦੀ ਸੁਰੱਖਿਆ ਲਈ ਖਤਰਾ ਬਣਨ ’ਤੇ ਅਜਿਹੇ ਵਿਦੇਸ਼ੀ ਨਾਗਰਿਕ ਕੈਨੇਡਾ ਵਿਚ ਦਾਖ਼ਲੇ ਦੇ ਅਯੋਗ ਹੋ ਜਾਣਗੇ।” -ਪੀਟੀਆਈ

**‘ਖ਼ਤਰੇ ਦੀ ਵੱਡੀ ਲਕੀਰ’ ਉਲੰਘ ਰਹੇ ਨੇ ਸਿੱਖ ਵੱਖਵਾਦੀ ਸਮੂਹ: ਵਰਮਾ**

ਓਟਵਾ: ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਜਾਰੀ ਕੂਟਨੀਤਕ ਤਣਾਅ ਦਰਮਿਆਨ ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਨੇ ਚਿਤਾਵਨੀ ਦਿੱਤੀ ਹੈ ਕਿ ਕੈਨੇਡਾ ਵਿਚ ਸਿੱਖ ਵੱਖਵਾਦੀ ਸਮੂਹ ‘ਖ਼ਤਰੇ ਦੀ ਵੱਡੀ ਲਕੀਰ’ ਉਲੰਘ ਰਹੇ ਹਨ, ਜਿਸ ਨੂੰ ਭਾਰਤ ਕੌਮੀ ਸੁਰੱਖਿਆ ਤੇ ਦੇਸ਼ ਦੀ ਪ੍ਰਾਦੇਸ਼ਕ ਅਖੰਡਤਾ ਦੇ ਮਸਲੇ ਵਜੋਂ ਦੇਖਦਾ ਹੈ। ਖਾਲਿਸਤਾਨ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ ਵਿਚ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਨ ਤੇ ਉਨ੍ਹਾਂ ਨੂੰ ਕੋਰਟ ਵਿਚ ਪੇਸ਼ ਕੀਤੇ ਜਾਣ ਮਗਰੋਂ ਭਾਰਤੀ ਸਫ਼ੀਰ ਵੱਲੋਂ ਕੀਤੀ ਇਹ ਪਹਿਲੀ ਜਨਤਕ ਟਿੱਪਣੀ ਹੈ। ਸੀਟੀਵੀ ਨਿਊਜ਼ ਦੀ ਰਿਪੋਰਟ ਮੁਤਾਬਕ ਨਿੱਝਰ ਦੀ ਹੱਤਿਆ ਨੂੰ ਭਾਰਤੀ ਸਫ਼ੀਰ ਘਰੇਲੂ ਅਪਰਾਧ ਨਾਲ ਜੋੜਦੇ ਨਜ਼ਰ ਆਏ। ਵਰਮਾ ਨੇ ਚਿਤਾਵਨੀ ਦਿੱਤੀ ਕਿ ਕੈਨੇਡਾ ਦੇ ਸਿੱਖ ਸਮੂਹ, ਜੋ ਭਾਰਤ ਵਿਚ ਵੱਖਰੇ ਰਾਜ ਦਾ ਸੱਦਾ ਦੇ ਰਹੇ ਹਨ, ‘ਖ਼ਤਰੇ ਦੀ ਵੱਡੀ ਲਕੀਰ’ ਉਲੰਘ ਰਹੇ ਹਨ, ਜਿਸ ਨੂੰ ਨਵੀਂ ਦਿੱਲੀ ਕੌਮੀ ਸੁਰੱਖਿਆ ਦੇ ਮਸਲੇ ਵਜੋਂ ਦੇਖਦਾ ਹੈ। ਵਰਮਾ ਨੇ ਵਿਦੇਸ਼ ਮਾਮਲਿਆਂ ਬਾਰੇ ਮਾਂਟਰੀਅਲ ਕੌਂਸਲ, ਜਿਸ ਨੂੰ ਥਿੰਕ ਟੈਂਕ ਮੰਨਿਆ ਜਾਂਦਾ ਹੈ, ਨੂੰ ਦੱਸਿਆ, “ਭਾਰਤ ਦੀ ਕਿਸਮਤ ਦਾ ਫੈਸਲਾ ਵਿਦੇਸ਼ ਬੈਠੇ ਲੋਕ ਨਹੀਂ ਬਲਕਿ ਭਾਰਤੀ ਕਰਨਗੇ।” ਉਨ੍ਹਾਂ ਕੌਂਸਲ ਨੂੰ ਦੱਸਿਆ ਕਿ ਇੰਨੇ ਸ਼ੋਰ-ਸ਼ਰਾਬੇ/ਹੰਗਾਮੇ ਦੇ ਬਾਵਜੂਦ ਭਾਰਤ ਤੇ ਕੈਨੇਡਾ ਦੇ ਸਾਕਾਰਾਤਮਕ ਰਿਸ਼ਤੇ ਹਨ। ਵਰਮਾ ਨੇ ਕਿਹਾ ਕਿ ਦੋਵੇਂ ਮੁਲਕ ਇਸ ਮੁੱਦੇ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਕਿਹਾ, “ਅਸੀਂ ਕਿਸੇ ਵੀ ਦਿਨ ਗੱਲਬਾਤ ਵਾਸਤੇ ਬੈਠਣ ਲਈ ਤਿਆਰ ਹਾਂ। ਅਤੇ ਅਸੀਂ ਅਜਿਹਾ ਕਰ ਰਹੇ ਹਾਂ।” ਉਨ੍ਹਾਂ ਕਿਹਾ ਕਿ ਹਾਲੀਆ ‘ਨਾਕਾਰਾਤਮਕ’ ਘਟਨਾਵਾਂ ਦੇ ਪਿੱਛੇ ਦੀਆਂ ਡੂੰਘੀਆਂ ਸਮੱਸਿਆਵਾਂ ‘ਦਹਾਕਿਆਂ ਪੁਰਾਣੇ ਮੁੱਦਿਆਂ’ ਬਾਰੇ ਕੈਨੇਡਾ ਦੀ ਗ਼ਲਤਫਹਿਮੀ ਨਾਲ ਜੁੜੇ ਹਨ, ਜਿਨ੍ਹਾਂ ਦੇ ਮੁੜ ਤੋਂ ਉਭਰਨ ਲਈ ਉਹ ਭਾਰਤੀ ਮੂਲ ਦੇ ਕੈਨੇਡੀਅਨਾਂ ਨੂੰ ਦੋਸ਼ੀ ਮੰਨਦੇ ਹਨ।

# ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ਼ ਅਮੇਰਿਕਾ ਨੂੰ ਵਾਸ਼ਿੰਗਟਨ ਅਡਵੈਂਟਿਸਟ ਯੂਨੀਵਰਸਿਟੀ ਨੇਂ ਡਾਕਟਰੇਟ ਇਨ ਹਿਉਮੇਨ ਲੈਟਰਸ ਦੀ ਡਿਗਰੀ ਨਾਲ ਸਨਮਾਨਿਤ ਕੀਤਾ

## ਇਹ ਸਿਰਫ ਮੇਰਾ ਨਹੀਂ ਸਮੁੱਚੀ ਦੁਨੀਆਂ ਚ ਵਸਦੇ ਸਿੱਖ ਅਤੇ ਏਸ਼ੀਅਨ ਭਾਈਚਾਰੇ ਦਾ ਮਾਣ ਹੈ- ਜਸਦੀਪ ਜੱਸੀ

ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ)- ਅਮਰੀਕੀ ਮੀਡੀਆ ਵਿੱਚ ਸਿੱਖ ਭਾਈਚਾਰੇ ਲਈ ਇਕ ਬਹੁਤ ਹੀ ਮਾਣ ਅਤੇ ਖੁਸ਼ੀ ਵਾਲੀ ਖਬਰਪ੍ਰਕਾਸ਼ਿਤ ਹੋ ਰਹੀ ਹੈ ਜਿਸ ਵਿਚ ਉੱਘੇ ਸਮਾਜਸੇਵੀ ਅਤੇ ਸਿੱਖੀ ਦਾ ਝੰਡਾ ਸਮੁੱਚੀ ਦੁਨੀਆਂ ਵਿੱਚਬੁਲੰਦ ਕਰਨ ਲਈ ਕਾਰਜਸ਼ੀਲ ਰਹਿਣ ਵਾਲੇ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ:ਜਸਦੀਪ ਸਿੰਘ ਜੱਸੀ ਨੂੰ ਵਾਸ਼ਿੰਗਟਨਅਡਵੈਂਟਿਸਟ ਯੂਨੀਵਰਸਿਟੀ ਨੇ 'ਡਾਕਟਰੇਟ ਇਨਹਿਊਮੈਨ ਲੈਟਰਸ' ਦੀ ਡਿਗਰੀ ਪ੍ਰਦਾਨ ਕੀਤੀ ਗਈ ਹੈ। ਇੱਥੇ ਦੱਸਣਯੋਗ ਹੈ ਕਿ ਸ: ਜਸਦੀਪ ਸਿੰਘ ਜੱਸੀ' ਮੈਰੀਲੈਂਡ ਗਵਰਨਰਸ ਕਮਿਸ਼ਨ ਆਨ ਸਾਊਥ ਏਸ਼ੀਅਨ ਅਮੈਰਿਕਨ ਅਫੇਅਰਸ ਦੇ ਚੈਅਰਮੈਨ ਦੇ ਵਜੋ ਵੀ ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਹਨ। ਦੁਨੀਆਂ ਵਿਚ ਕਿਤੇ ਵੀ ਕੁਦਰਤੀ ਆਫਤ ਆਉਂਦੀ ਹੈ ਤਾਂ ਸ: ਜਸਦੀਪ ਸਿੰਘ ਜੱਸੀ' ਦੀ ਅਗਵਾਈ @ਚ ਸਿੱਖਸ ਆਫ਼ ਅਮੇਰਿਕਾ ਵਲੋ ਮੈਡੀਕਲ ਕੈਂਪ ਲਗਾਏ ਜਾਦੇ ਹਨ ਅਤੇਲੋੜੀਂਦੀਆਂ ਵਸਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।ਲੋੜਵੰਦ ਸਕੂਲੀ ਬੱਚਿਆਂ ਨੂੰ ਸਕੂਲੀ ਬੈਗਅਤੇ ਬੂਟ ਜੁਰਾਬਾਂ ਵੀ ਦਿੱਤੇ ਜਾਂਦੇ ਹਨ।ਹਾਲ ਹੀਵਿੱਚ ਸ: ਜਸਦੀਪ ਸਿੰਘ ਜੱਸੀ ਨੇ ਸਿੱਖਸ ਆਫਅਮੈਰਿਕਾ ਵਲੋਂ ਅੰਮ੍ਰਿਤਸਰ ਵਿਚ 100 ਬੱਚਿਆਂਨੂੰ ਵਜ਼ੀਫੇ ਦੇਣ ਦਾ ਐਲਾਨ ਵੀ ਕੀਤਾ ਗਿਆਹੈ। ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬਦੀਆਂ ਦੋ ਗਲੀਆਂ ਦੀ ਸਫ਼ਾਈ ਦੀ ਜ਼ਿੰਮੇਵਾਰੀਵੀ ਪੱਕੇ ਤੌਰ @ਤੇ ਲਈ ਗਈ ਹੈ।ਭਾਈਚਾਰਕ, ਸਿਆਸੀ ਅਤੇ ਸਮਾਜ ਸੇਵੀ ਆਗੂਆਂ ਵਲੋ ਸ.ਜਸਦੀਪ ਸਿੰਘ ਜੱਸੀ ਨੂੰ ਵਧਾਈਆ ਭੇਟ ਕੀਤੀਆਂ ਗਈਆਂ ਸਿੱਖਸ ਆਫ਼ ਅਮੇਰਿਕਾ ਦੇ ਪ੍ਰਧਾਨ ਕਮਲਜੀਤ ਸਿੰਘ ਸੋਨੀ ਅਤੇ ਉਪ-ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਸ.ਜਸਦੀਪ ਸਿੰਘ ਜੱਸੀ ਨੂੰ ਮਿਲੇ ਮਾਣ ਨੂੰ ਸਿੱਖਸ ਆਫ ਅਮੇਰਿਕਾ ਦਾ ਰੁਤਬਾਦੁਨੀਆਂ @ਚ ਵੱਡਾ ਕੀਤਾ ਹੈ।ਉਹਨਾਂ ਕਿਹਾ ਕਿਉਹਨਾਂ ਦੀ ਸੰਸਥਾ ਹੋਰ ਵੀ ਸਮਾਜ ਸੇਵੀ ਕਾਰਜਾਂਨੂੰ ਵੱਡੇ ਪੱਧਰ @ਤੇ ਅਮਲ @ਚ ਲਿਆਉਣ ਲਈਉਤਸ਼ਾਹਿਤ ਹੋਈ ਹੈ। ਇਸ ਮੌਕੇ ਸ: ਜਸਦੀਪ ਸਿੰਘ ਜੱਸੀ ' ਨੇ ਕਿਹਾ ਕਿ ਇਹ ਮਾਣ ਉਹਨਾਂ ਦਾਹੀ ਨਹੀਂ ਸਗੋਂ ਸਮੁੱਚੇ ਏਸ਼ੀਅਨ ਅਤੇ ਸਮੁੱਚੀਦੁਨੀਆਂ @ਚ ਵਸਦੇ ਸਿੱਖ ਭਾਈਚਾਰੇ ਦਾ ਮਾਣ ਹੈ।ਉਹ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦਕਰਦੇ ਹਨ ਜਿਹਨਾਂ ਦੀ ਮਿਹਰ ਨਾਲ ਉਹ ਸਮਾਜਸੇਵੀ ਕਾਰਜ ਕਰ ਰਹੇ ਹਨ ਅਤੇ ਅਜਿਹੇ ਮਾਣਹਾਸਲ ਹੋ ਰਹੇ ਹਨ। ਉਹਨਾਂ ਵਾਸ਼ਿੰਗਟਨਅਡਵੈਂਟਿਸਟ ਯੂਨੀਵਰਸਿਟੀ ਦੀ ਫੈਕਿਲਟੀ ਅਤੇ ਬੋਰਡ ਦਾ ਵੀ ਧੰਨਵਾਦ ਕੀਤਾ।ਜਿਹਨਾਂ ਨੇ ਉਹਨਾਂ ਨੂੰ ਇਸ ਸਨਮਾਨ ਲਈ ਚੁਣਿਆ।





# ਇਜ਼ਰਾਈਲ ਨੇ ਗਾਜ਼ਾ 'ਚ ਅਹਿਮ ਲਾਂਘਾ ਮੁੜ ਖੋਲ੍ਹਿਆ

## ਫਲਸਤੀਨੀਆਂ ਨੂੰ ਮਿਲੇਗੀ ਮਾਨਵੀ ਸਹਾਇਤਾ; ਰਾਫ਼ਾਹ ਲਾਂਘਾ ਬੰਦ ਹੋਣ ਕਾਰਨ ਹੋਵੇਗਾ ਨੁਕਸਾਨ

ਯੇਰੂਸ਼ਲਮ : ਇਜ਼ਰਾਇਲੀ ਫ਼ੌਜ ਨੇ ਗਾਜ਼ਾ 'ਚ ਅਹਿਮ ਲਾਂਘਾ ਕੇਰੇਮ ਸ਼ਾਲੋਮ ਮਾਨਵੀ ਸਹਾਇਤਾ ਲਈ ਮੁੜ ਖੋਲ੍ਹ ਦਿੱਤਾ ਹੈ। ਇਸ ਲਾਂਘੇ ਨੂੰ ਹਮਾਸ ਦੇ ਰਾਕੇਟ ਹਮਲੇ ਮਗਰੋਂ ਕਰੀਬ ਤਿੰਨ ਦਿਨ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ ਜਿਸ 'ਚ ਚਾਰ ਇਜ਼ਰਾਇਲੀ ਜਵਾਨ ਮਾਰੇ ਗਏ ਸਨ। ਇਜ਼ਰਾਇਲੀ ਟੈਂਕ ਬ੍ਰਿਗੇਡ ਨੇ ਗਾਜ਼ਾ ਅਤੇ ਮਿਸਰ ਵਿਚਕਾਰ ਰਾਫ਼ਾਹ ਨੇੜਲੇ ਲਾਂਘੇ 'ਤੇ ਮੰਗਲਵਾਰ ਨੂੰ ਕਬਜ਼ਾ ਕਰ ਲਿਆ ਸੀ ਜੋ ਅਜੇ ਵੀ ਬੰਦ ਪਿਆ ਹੈ। ਖ਼ਬਰ ਏਜੰਸੀ ਦੇ ਪੱਤਰਕਾਰਾਂ ਨੇ ਇਲਾਕੇ 'ਚ ਰਾਤ ਸਮੇਂ ਤੇਜ਼ ਧਮਾਕਿਆਂ ਅਤੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਇਲਾਕੇ 'ਚ ਬੁੱਧਵਾਰ ਤੜਕੇ ਦੋ ਵੱਡੇ ਧਮਾਕੇ ਵੀ ਸੁਣਾਈ ਦਿੱਤੇ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਇਲਾਜ ਲਈ ਰਾਫ਼ਾਹ ਲਾਂਘੇ ਤੋਂ ਜਾਣ ਵਾਲੇ 46 ਮਰੀਜ਼ ਹੁਣ ਫਸ ਗਏ ਹਨ। ਸੰਯੁਕਤ ਰਾਸ਼ਟਰ ਏਜੰਸੀਆਂ ਅਤੇ ਸਹਾਇਤਾ ਗਰੁੱਪਾਂ ਨੇ ਪਿਛਲੇ ਕੁਝ ਹਫ਼ਤਿਆਂ ਤੋਂ ਮਾਨਵੀ ਸਹਾਇਤਾ ਤੇਜ਼ ਕਰ ਦਿੱਤੀ ਹੈ ਕਿਉਂਕਿ ਇਜ਼ਰਾਈਲ ਨੇ ਅਮਰੀਕਾ ਅਤੇ ਉਸ ਦੇ ਭਾਈਵਾਲਾਂ ਦੇ ਦਬਾਅ ਹੇਠ ਕੁਝ ਪਾਬੰਦੀਆਂ ਹਟਾਉਂਦਿਆਂ ਉੱਤਰ 'ਚ ਵਾਧੂ ਲਾਂਘਾ ਖੋਲ੍ਹ ਦਿੱਤਾ ਹੈ। ਉਂਜ ਸਹਾਇਤਾ ਕਰਮੀਆਂ ਨੇ ਕਿਹਾ ਹੈ ਕਿ ਰਾਫ਼ਾਹ ਲਾਂਘਾ ਬੰਦ ਹੋਣ ਨਾਲ ਟਰੱਕਾਂ ਅਤੇ ਜੈਨਰੇਟਰਾਂ ਲਈ ਈਂਧਣ ਦਾ ਦਾਖ਼ਲਾ ਰੁਕ ਜਾਵੇਗਾ ਜਿਸ ਦੇ ਗੰਭੀਰ ਸਿੱਟੇ ਨਿਕਲਣਗੇ। ਉਧਰ ਸੰਯੁਕਤ ਰਾਸ਼ਟਰ ਆਖਦਾ ਆ ਰਿਹਾ ਹੈ ਕਿ ਉੱਤਰੀ ਗਾਜ਼ਾ 'ਚ ਕਾਲ ਵਰਗੇ ਹਾਲਾਤ ਹਨ।




# ਅਦਾਲਤ ਵੱਲੋਂ ਬੁਸ਼ਰਾ ਬੀਬੀ ਨੂੰ ਅਡਿਆਲਾ ਜੇਲ੍ਹ ਭੇਜਣ ਦੇ ਹੁਕਮ

ਇਸਲਾਮਾਬਾਦ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਤਨੀ ਬੁਸ਼ਰਾ ਬੀਬੀ ਨੂੰ ਵੱਡੀ ਕਾਨੂੰਨੀ ਜਿੱਤ ਮਿਲੀ ਹੈ। ਦੇਸ਼ ਦੇ ਇਕ ਹਾਈ ਕੋਰਟ ਨੇ ਅੱਜ ਇਹ ਹੁਕਮ ਜਾਰੀ ਕਰ ਕੇ ਕਿਹਾ ਹੈ ਕਿ ਬੁਸ਼ਰਾ ਨੂੰ ਅਡਿਆਲਾ ਜੇਲ੍ਹ ਵਿੱਚ ਤਬਦੀਲ ਕੀਤਾ ਜਾਵੇ, ਜਿੱਥੇ ਇਮਰਾਨ ਖਾਨ ਸਜ਼ਾ ਕੱਟ ਰਹੇ ਹਨ। ਦੋ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਬੁਸ਼ਰ ਬੀਬੀ (49) ਨੂੰ ਇਸਲਾਮਾਬਾਦ ਦੇ ਉਪ ਨਗਰੀ ਇਲਾਕੇ ਵਿੱਚ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਸੰਸਥਾਪਕ ਖਾਨ ਦੀ ਹਵੇਲੀ ਬਨਿਗਾਲਾ ਵਿੱਚ ਹੀ ਕੈਦ ਕਰ ਦਿੱਤਾ ਗਿਆ ਸੀ ਜਦਕਿ 71 ਸਾਲਾ ਖਾਨ ਨੂੰ ਰਾਵਲਪਿੰਡੀ ਦੀ ਉੱਚ ਸੁਰੱਖਿਆ ਵਾਲੀ ਅਡਿਆਲਾ ਜੇਲ੍ਹ ਵਿੱਚ ਰੱਖਿਆ ਗਿਆ ਹੈ। ਨਿੱਜੀ ਰਿਹਾਇਸ਼ ਨੂੰ ਹੀ ਉਪ-ਜੇਲ੍ਹ ਐਲਾਨਿਆ ਗਿਆ ਸੀ। ਬੁਸ਼ਰਾ ਨੇ ਉਸ ਨੂੰ ਬਨਿਗਾਲਾ ਵਿੱਚ ਰੱਖਣ ਦੇ ਫੈਸਲੇ ਖ਼ਿਲਾਫ਼ ਇਸਲਾਮਾਬਾਦ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਜਸਟਿਸ ਮੀਆਂਗੁਲ ਹਸਨ ਔਰੰਗਜ਼ੇਬ ਨੇ ਪਿਛਲੇ ਹਫ਼ਤੇ ਮਾਮਲੇ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਅਦਾਲਤ ਨੇ ਆਪਣੇ ਹੁਕਮਾਂ ਵਿੱਚ ਬਨਿਗਾਲਾ ਨੂੰ ਇਕ ਉਪ-ਜੇਲ੍ਹ ਐਲਾਨਣ ਸਬੰਧੀ ਨੋਟੀਫਿਕੇਸ਼ਨ ਨੂੰ 'ਨਾ ਮੰਨਣਯੋਗ' ਕਰਾਰ ਦਿੱਤਾ ਅਤੇ ਬੁਸ਼ਰਾ ਨੂੰ ਅਡਿਆਲਾ ਜੇਲ੍ਹ ਵਿੱਚ ਤਬਦੀਲ ਕਰਨ ਦਾ ਹੁਕਮ ਦਿੱਤਾ। ਬੁਸ਼ਰਾ ਨੂੰ ਇਕ ਹੋਰ ਮਾਮਲੇ ਵਿੱਚ ਸੁਣਵਾਈ ਲਈ ਅੱਜ ਅਡਿਆਲਾ ਜੇਲ੍ਹ ਲਿਜਾਇਆ ਗਿਆ।



# ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਦਾ ਨਿਊਯਾਰਕ ਦੀ ਸੰਗਤਾਂ ਵਲੋ ਸਵਾਗਤ

## ਜਥੇਬੰਦੀਆਂ ਵੱਲੋਂ ਨਹੀਂ ਕੀਤਾ ਗਿਆ ਕਿਸੇ ਵੀ ਤਰ੍ਹਾਂ ਦਾ ਪ੍ਰਦਰਸ਼ਨ

ਨਿਊਯਾਰਕ : ਅਕਾਲ ਤਖਤ ਸਾਹਿਬ ਮਹਾਨ ਹੈ ਸਿੱਖ ਕੌਮ ਦੀ ਸ਼ਾਨ ਹੈ ਜਿਥੋ ਕੋਈ ਵੀ ਸੰਦੇਸ਼ ਜਾਂ ਹੁਕਮਨਾਮਾ ਜਾਰੀ ਹੁੰਦਾ ਹੈ ਕੌਮ ਮੰਨਦੀ ਹੈ, ਜਿਨਾ ਭੁਲ ਨਹੀ ਬਕਸ਼ਾਈ ਜੀਰੋ ਹੋ ਗਏ। ਬੀਤੇ ਦਿਨੀਂ ਨਿਊਯਾਰਕ ਵਿਖੇ ਆਯੋਜਿਤ ਕੀਤੀ ਗਈ 36ਵੀਂ ਸਿੱਖ ਡੇਅ ਵਿਚ ਹੋਏ ਪ੍ਰਦਰਸ਼ਨ ਬਾਰੇ ਜਿਥੇ ਭਾਰਤ ਦੀਆਂ ਵੱਖ ਵੱਖ ਅਖ਼ਬਾਰਾਂ ਨੇ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ ਹਨ, ਉਥੇ ਹੀ ਇਹ ਗੱਲ ਸਾਫ ਤੌਰ 'ਤੇ ਬੇ ਬੁਨਿਆਦ ਸਾਬਤ ਹੋ ਜਾਂਦੀ ਹੈ ਕਿ ਨਿਊਯਾਰਕ ਵਿਚ ਅਜਿਹਾ ਕਿਸੇ ਵੀ ਤਰ੍ਹਾਂ ਦਾ ਕੋਈ ਵਰਤਾਰਾ ਨਹੀਂ ਵਾਪਰਿਆ। ਅਜਿਹੀਆਂ ਖ਼ਬਰਾਂ ਨੂੰ ਭਾਰਤ ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕਰਨਾ ਨਿੰਦਨਯੋਗ ਹੈ।ਸੱਚ ਨੇ ਸੱਚ ਹੀ ਰਹਿਣਾ ਹੈ ਝੂਠ ਨੂੰ ਜਿੰਨੇ ਮਰਜੀ ਸਰਟੀਫਿਕੇਟ ਦੇ ਦਿਓ ਸੱਚ ਨਹੀ ਬਣ ਜਾਣਾ।

ਪਰਵਿੰਦਰ ਸਿੰਘ ਢਿਲੋ 516-234-8545



# ਭਾਰਤ ਦੀ 'ਨਿਰਪੱਖ' ਤੇ ਮਜ਼ਬੂਤ ਇਰਾਦਿਆਂ ਵਾਲੇ ਮੁਲਕ ਵਜੋਂ ਪਛਾਣ ਬਣੀ: ਜੈਸ਼ੰਕਰ

ਨਵੀਂ ਦਿੱਲੀ : ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅੱਜ ਕਿਹਾ ਕਿ ਭਾਰਤ ਨੂੰ ਅੱਜ ਆਲਮੀ ਪੱਧਰ 'ਤੇ ਨਾ ਸਿਰਫ਼ 'ਮਿੱਤਰ ਤੇ ਨਿਰਪੱਖ', ਸਗੋਂ 'ਦ੍ਰਿੜ੍ਹ ਤੇ ਮਜ਼ਬੂਤ' ਇਰਾਦਿਆਂ ਵਾਲੇ ਦੇਸ਼ ਵਜੋਂ ਵੀ ਦੇਖਿਆ ਜਾਂਦਾ ਹੈ ਜੋ ਸੰਕਟ ਦੀ ਸਥਿਤੀ ਵਿੱਚ ਆਪਣੇ ਲੋਕਾਂ ਦਾ ਖਿਆਲ ਰੱਖਦਾ ਹੈ ਅਤੇ ਉਨ੍ਹਾਂ ਦੀ ਰੱਖਿਆ ਕਰਦਾ ਹੈ।

ਜੈਸ਼ੰਕਰ ਨੇ ਦਿੱਲੀ ਯੂਨੀਵਰਸਿਟੀ ਦੇ ਹੰਸਰਾਜ ਕਾਲਜ ਵਿੱਚ ਇੱਕ ਸਮਾਗਮ ਦੌਰਾਨ 'ਵਿਕਸਿਤ ਭਾਰਤ-2047- ਨੌਜਵਾਨਾਂ ਦੀ ਆਵਾਜ਼' ਵਿਸ਼ੇ 'ਤੇ ਬੋਲਦਿਆਂ ਇਹ ਟਿੱਪਣੀ ਕੀਤੀ। ਉਹ ਯੂਕਰੇਨ ਵਰਗੇ ਯੁੱਧ ਪ੍ਰਭਾਵਿਤ ਦੇਸ਼ਾਂ ਵਿੱਚੋਂ ਆਪਣੇ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਭਾਰਤ ਵੱਲੋਂ ਚਲਾਈ ਗਈ ਬਚਾਅ ਮੁਹਿੰਮ ਦਾ ਜ਼ਿਕਰ ਕਰ ਰਹੇ ਸਨ। ਜੈਸ਼ੰਕਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਕਸਿਤ ਭਾਰਤ ਸਿਰਫ਼ ਲੋਕਾਂ ਨੂੰ ਪ੍ਰੇਰਿਤ ਕਰਨ ਦਾ ਨਾਅਰਾ ਨਹੀਂ ਹੈ, ਸਗੋਂ ਇਹ ਪਿਛਲੇ 10 ਸਾਲਾਂ ਵਿੱਚ ਬਣਾਈ ਗਈ ਨੀਂਹ ਹੈ, ਜਿਸ 'ਤੇ ਭਾਰਤ ਦਾ ਅਗਲੇ 25 ਸਾਲਾਂ ਦਾ ਭਵਿੱਖ ਉਸਾਰਿਆ ਜਾਵੇਗਾ। ਉਨ੍ਹਾਂ ਕਿਹਾ, ਅੰਮ੍ਰਿਤ ਕਾਲ ਦੇ ਅਗਲੇ 25 ਸਾਲ ਤੁਹਾਡਾ ਭਵਿੱਖ ਹਨ। ਇਹ ਵਿਕਸਿਤ ਭਾਰਤ ਤਰਫ਼ ਯਾਤਰਾ ਹੈ ਅਤੇ ਤੁਸੀਂ ਹੀ ਇਸ ਯਾਤਰਾ ਨੂੰ ਸੰਭਵ ਬਣਾਉਗੇ।" ਵਿਦੇਸ਼ ਮੰਤਰੀ ਨੇ ਕਿਹਾ ਕਿ ਉਹ ਇਨ੍ਹਾਂ 25 ਸਾਲਾਂ ਨੂੰ 'ਮੌਕੇ ਤੇ ਨਵੀਂ ਚੁਣੌਤੀ' ਦੇ ਦੌਰ ਵਜੋਂ ਦੇਖਦੇ ਹਨ। ਜੈਸ਼ੰਕਰ ਨੇ ਅਰਥਵਿਵਸਥਾ ਅਤੇ ਟੈਕਨਾਲੋਜੀ ਦੇ ਖੇਤਰ ਵਿੱਚ ਹੋਏ ਵਿਕਾਸ ਅਤੇ ਵਿਸ਼ਵ ਪੱਧਰ 'ਤੇ ਭਾਰਤ ਦੇ ਵਧਦੇ ਕੱਦ ਬਾਰੇ ਕਿਹਾ, "ਇਹ ਇੱਕ ਅਜਿਹਾ ਬਦਲਾਅ ਹੈ ਜੋ ਅਸੀਂ ਪਹਿਲਾਂ ਕਦੇ ਨਹੀਂ ਦੇਖਿਆ।" ਜੈਸ਼ੰਕਰ ਨੇ ਦੇਸ਼ ਦੇ ਚੰਦਰਮਾ ਮਿਸ਼ਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਵਿਸ਼ਵ ਪੱਧਰ 'ਤੇ ਟੈਕਨੋਲੋਜੀ ਲੀਡਰ ਵਜੋਂ ਉਭਰਿਆ ਹੈ ਅਤੇ ਦੁਨੀਆ 'ਤੇ ਇਸਦੀ ਪਹਿਲੀ ਛਾਪ ਚੰਦਰਯਾਨ-3 ਦੀ ਸਫਲਤਾ ਨਾਲ ਬਣੀ, ਜਿਸ 'ਤੇ ਇੱਕ ਫਿਲਮ ਬਣਾਉਣ ਦੀ ਲਾਗਤ ਤੋਂ ਵੀ ਘੱਟ ਖਰਚ ਹੋਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਹਰ ਮਹੀਨੇ 12 ਅਰਬ ਕੈਸ਼ਲੈੱਸ ਲੈਣ-ਦੇਣ ਦੇ ਨਾਲ ਇੱਕ ਡਿਜੀਟਲ ਅਰਥਵਿਵਸਥਾ ਵਜੋਂ ਵਧ ਰਿਹਾ ਹੈ, ਜੋ ਕਿ ਅਮਰੀਕਾ ਤੋਂ ਵੱਧ ਹੈ ਜਿੱਥੇ ਇੱਕ ਸਾਲ ਵਿੱਚ ਅਜਿਹੇ ਚਾਰ ਅਰਬ ਦੇ ਲੈਣ-ਦੇਣ ਹੁੰਦੇ ਹਨ। ਜੈਸ਼ੰਕਰ ਨੇ ਸਰਹੱਦ ਪਾਰ ਅਤਿਵਾਦ ਪ੍ਰਤੀ ਭਾਰਤ ਦੀ ਬਿਲਕੁਲ ਬਰਦਾਸ਼ਤ ਨਾ ਕਰਨ ਨੀਤੀ ਬਾਰੇ ਵੀ ਗੱਲ ਕੀਤੀ ਅਤੇ ਬਾਲਾਕੋਟ ਹਵਾਈ ਹਮਲੇ ਦੀ ਵੀ ਮਿਸਾਲ ਦਿੱਤੀ।



# ਆਸਟਰੇਲੀਆ 'ਚ ਭਾਰਤੀ ਵਿਦਿਆਰਥੀ ਦੀ ਹੱਤਿਆ ਦੇ ਦੋਸ਼ 'ਚ ਦੋ ਹਰਿਆਣਵੀ ਭਰਾ ਗ੍ਰਿਫ਼ਤਾਰ



ਮੈਲਬਰਨ : ਆਸਟਰੇਲਿਆਈ ਪੁਲੀਸ ਨੇ ਭਾਰਤ ਦੇ 22 ਸਾਲਾ ਐੱਮਟੈੱਕ ਵਿਦਿਆਰਥੀ ਦੀ ਹੱਤਿਆ ਦੇ ਮਾਮਲੇ ਵਿਚ ਲੋੜੀਂਦੇ ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੋਵਾਂ 'ਤੇ ਹਰਿਆਣਾ ਦੇ ਕਰਨਾਲ ਵਾਸੀ ਨੌਜਵਾਨ ਨਵਜੀਤ ਸੰਧੂ ਦੀ ਚਾਕੂ ਮਾਰਕੇ ਹੱਤਿਆ ਕਰਨ ਦਾ ਦੋਸ਼ ਹੈ। ਮੁਲਜ਼ਮਾਂ ਅਭਿਜੀਤ ਏ (26) ਅਤੇ ਰੌਬਿਨ ਗਾਰਟਨ (27) ਨੂੰ ਮੰਗਲਵਾਰ ਨੂੰ ਨਿਊ ਸਾਊਥ ਵੇਲਜ਼ ਦੇ ਗੌਲਬਰਨ ਸ਼ਹਿਰ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਪੁਲੀਸ ਉਨ੍ਹਾਂ ਨੂੰ ਵਿਕਟੋਰੀਆ ਹਵਾਲੇ ਕਰਨ ਦੀ ਤਿਆਰੀ ਕਰ ਰਹੀ ਹੈ। ਇਹ ਦੋਵੇਂ ਵੀ ਹਰਿਆਣਾ ਨਾਲ ਸਬੰਧਤ ਹਨ। ਨੋਬਲ ਪਾਰਕ ਨਿਵਾਸੀ ਨਵਜੀਤ ਸੰਧੂ ਦੀ ਸ਼ਨਿਚਰਵਾਰ ਦੇਰ ਰਾਤ ਮੈਲਬਰਨ ਦੇ ਦੱਖਣ-ਪੂਰਬ ਦੇ ਓਰਮੰਡ ਵਿੱਚ ਘਰ ਵਿੱਚ ਹੱਤਿਆ ਕਰਨ ਤੋਂ ਬਾਅਦ ਦੋਵੇਂ ਭਰਾ ਫ਼ਰਾਰ ਸਨ। ਇਸ ਦੌਰਾਨ 30 ਸਾਲਾ ਵਿਅਕਤੀ ਵੀ ਜ਼ਖਮੀ ਹੋ ਗਿਆ।

# ਪਾਕਿਸਤਾਨ ਦੀ ਗਵਾਦਰ ਬੰਦਰਗਾਹ 'ਚ ਅਤਿਵਾਦੀ ਹਮਲੇ ਕਾਰਨ 7 ਮਜ਼ਦੂਰਾਂ ਦੀ ਮੌਤ




ਕਰਾਚੀ : ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਖੇਤਰ ਵਿਚ ਸਥਿਤ ਬੰਦਰਗਾਹ ਸ਼ਹਿਰ ਗਵਾਦਰ ਵਿਚ ਅੱਜ ਅਤਿਵਾਦੀ ਹਮਲੇ ਵਿਚ ਘੱਟੋ-ਘੱਟ 7 ਮਜ਼ਦੂਰ ਮਾਰੇ ਗਏ। ਸੁਰਬੰਦਰ ਇਲਾਕੇ 'ਚ ਗਵਾਦਰ ਫਿਸ਼ ਹਾਰਬਰ ਨੇੜੇ ਇਮਾਰਤ 'ਤੇ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀਬਾਰੀ ਕੀਤੀ, ਜਿਸ 'ਚ 7 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਕ ਜ਼ਖਮੀ ਹੋ ਗਿਆ। ਇਸ ਹਮਲੇ 'ਚ ਮਾਰੇ ਗਏ ਅਤੇ ਜ਼ਖਮੀ ਹੋਏ ਵਿਅਕਤੀ ਇਲਾਕੇ 'ਚ ਵਾਲ ਕੱਟਣ ਦੀ ਦੁਕਾਨ 'ਤੇ ਕੰਮ ਕਰਦੇ ਸਨ। ਉਹ ਖਾਨੇਵਾਲ, ਪੰਜਾਬ ਦਾ ਵਸਨੀਕ ਸੀ। ਪੁਲੀਸ ਨੇ ਦੱਸਿਆ ਕਿ ਜ਼ਖਮੀ ਵਿਅਕਤੀ ਨੂੰ ਗਵਾਦਰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

# ਭਾਰਤ ਦੇ ਅੰਦਰੂਨੀ ਮਾਮਲਿਆਂ ਤੇ ਲੋਕ ਸਭਾ ਚੋਣਾਂ 'ਚ ਦਖ਼ਲਅੰਦਾਜ਼ੀ ਕਰ ਰਿਹਾ ਹੈ ਅਮਰੀਕਾ: ਰੂਸ ਦਾ ਦੋਸ਼

ਮਾਸਕੋ : ਰੂਸ ਨੇ ਅਮਰੀਕਾ 'ਤੇ ਭਾਰਤ ਦੇ ਘਰੇਲੂ ਮਾਮਲਿਆਂ ਅਤੇ ਚੱਲ ਰਹੀਆਂ ਚੋਣਾਂ 'ਚ ਦਖਲ ਦੇਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਅਮਰੀਕਾ ਨੇ ਆਪਣੇ ਦੇਸ਼ 'ਚ ਖਾਲਿਸਤਾਨੀ ਅਤਿਵਾਦੀ ਨੂੰ ਮਾਰਨ ਦੀ ਸਾਜ਼ਿਸ਼ 'ਚ ਭਾਰਤੀ ਨਾਗਰਿਕਾਂ ਦੇ ਸ਼ਾਮਲ ਹੋਣ ਦਾ ਹਾਲੇ ਤੱਕ ਕੋਈ ਠੋਸ ਸਬੂਤ ਨਹੀਂ ਦਿੱਤਾ ਹੈ। ਅਮਰੀਕੀ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ ਵਿੱਚ ਇੱਕ ਭਾਰਤੀ ਸਰਕਾਰੀ ਕਰਮਚਾਰੀ ਨਾਲ ਸਹਿਯੋਗ ਕਰਨ ਦਾ ਦੋਸ਼ ਲਗਾਇਆ ਸੀ। 'ਵਾਸ਼ਿੰਗਟਨ ਪੋਸਟ' ਨੇ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਭਾਰਤ ਹੁਣ ਰੂਸ ਅਤੇ ਸਾਊਦੀ ਅਰਬ ਵਰਗੀਆਂ ਨੀਤੀਆਂ ਅਪਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਦੋਂ ਰੂਸੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਰੀਆ ਜ਼ਖਾਰੋਵਾ ਨੂੰ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ, 'ਸਾਡੇ ਕੋਲ ਜੋ ਜਾਣਕਾਰੀ ਹੈ, ਅਮਰੀਕਾ ਨੇ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਵਿੱਚ ਭਾਰਤੀ ਨਾਗਰਿਕਾਂ ਦੇ ਸ਼ਾਮਲ ਹੋਣ ਦਾ ਕੋਈ ਭਰੋਸੇਯੋਗ ਸਬੂਤ ਨਹੀਂ ਦਿੱਤਾ ਹੈ। ਸਬੂਤਾਂ ਦੀ ਅਣਹੋਂਦ ਵਿੱਚ ਇਸ ਵਿਸ਼ੇ 'ਤੇ ਕਿਆਸ ਲਗਾਉਣਾ ਅਸਵੀਕਾਰਨਯੋਗ ਹੈ।' ਉਨ੍ਹਾਂ ਕਿਹਾ ਕਿ ਅਮਰੀਕਾ ਭਾਰਤ ਦੀ ਕੌਮੀ ਸੋਚ ਅਤੇ ਇਤਿਹਾਸ ਨੂੰ ਨਹੀਂ ਸਮਝਦਾ ਅਤੇ ਭਾਰਤ ਵਿੱਚ ਧਾਰਮਿਕ ਆਜ਼ਾਦੀ ਬਾਰੇ 'ਬੇਬੁਨਿਆਦ ਦੋਸ਼' ਲਾਉਂਦਾ ਰਹਿੰਦਾ ਹੈ। ਉਹ ਆਮ ਸੰਸਦੀ ਚੋਣਾਂ ਨੂੰ ਗੁੰਝਲਦਾਰ ਬਣਾਉਣ ਲਈ ਭਾਰਤ ਦੀ ਅੰਦਰੂਨੀ ਸਿਆਸੀ ਸਥਿਤੀ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਤਰੀਕਾ ਹੈ।

# ਪਰਵਾਸੀ ਭਾਰਤੀਆਂ ਨੇ 2022 ਵਿੱਚ 111 ਅਰਬ ਡਾਲਰ ਤੋਂ ਵੱਧ ਰਕਮ ਮੁਲਕ ਭੇਜੀ

## ਵਿਦੇਸ਼ਾਂ ਤੋਂ ਡਾਲਰ ਮਿਲਣ ਦੇ ਮਾਮਲੇ 'ਚ ਭਾਰਤ ਮੋਹਰੀ


ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਮਾਈਗਰੇਸ਼ਨ ਏਜੰਸੀ ਨੇ ਕਿਹਾ ਹੈ ਕਿ ਭਾਰਤ 'ਚ ਸਾਲ 2022 ਦੌਰਾਨ 111 ਅਰਬ ਡਾਲਰ ਦੀ ਰਕਮ ਭੇਜੀ ਗਈ ਜੋ ਦੁਨੀਆ 'ਚ ਸਭ ਤੋਂ ਵੱਧ ਹੈ। ਇਸ ਦੇ ਨਾਲ ਭਾਰਤ 100 ਅਰਬ ਡਾਲਰ ਦੇ ਅੰਕੜੇ ਤੱਕ ਪੁੱਜਣ ਅਤੇ ਇਸ ਨੂੰ ਪਾਰ ਕਰਨ ਵਾਲਾ ਪਹਿਲਾ ਮੁਲਕ ਬਣ ਗਿਆ ਹੈ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗਰੇਸ਼ਨ ਨੇ ਜਾਰੀ ਆਪਣੀ ਆਲਮੀ ਮਾਈਗਰੇਸ਼ਨ ਰਿਪੋਰਟ 'ਚ ਕਿਹਾ ਕਿ 2022 'ਚ ਬਾਹਰੋਂ ਆਈ ਰਕਮ ਹਾਸਲ ਕਰਨ ਵਾਲੇ ਸਿਖਰਲੇ ਪੰਜ ਮੁਲਕਾਂ 'ਚ ਭਾਰਤ, ਮੈਕਸਿਕੋ, ਚੀਨ, ਫਿਲਪੀਨਜ਼ ਅਤੇ ਫਰਾਂਸ ਸ਼ਾਮਲ ਹਨ। ਪਰਵਾਸੀਆਂ ਵੱਲੋਂ ਆਪਣੇ ਮੂਲ ਮੁਲਕ 'ਚ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਭੇਜੀ ਗਈ ਰਕਮ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਰਿਪੋਰਟ ਮੁਤਾਬਕ ਮੈਕਸਿਕੋ ਦੂਜਾ ਸਭ ਤੋਂ ਵਧ ਰਕਮ ਹਾਸਲ ਕਰਨ ਵਾਲਾ ਮੁਲਕ ਰਿਹਾ। ਇਹ ਸਥਾਨ ਉਸ ਨੇ 2021 ਵਿੱਚ ਚੀਨ ਨੂੰ ਪਿੱਛੇ ਛੱਡ ਦੇ ਹਾਸਲ ਕੀਤਾ ਸੀ। ਇਸ ਤੋਂ ਪਹਿਲਾਂ ਤੱਕ ਭਾਰਤ ਤੋਂ ਬਾਅਦ ਚੀਨ ਦੂਜੇ ਨੰਬਰ 'ਤੇ ਸੀ। ਰਿਪੋਰਟ ਦੇ ਅੰਕੜਿਆਂ ਮੁਤਾਬਕ ਭਾਰਤ 2010 (53.48 ਅਰਬ ਡਾਲਰ), 2015 (68.91 ਅਰਬ ਡਾਲਰ) ਤੇ 2020 (83.15 ਅਰਬ ਡਾਲਰ) 'ਚ ਵੀ ਸਿਖਰ 'ਤੇ ਰਿਹਾ ਸੀ। ਦੱਖਣੀ ਏਸ਼ੀਆ ਵਿੱਚ ਤਿੰਨ ਮੁਲਕ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਦੁਨੀਆ ਵਿੱਚ ਕੌਮਾਂਤਰੀ ਤੌਰ 'ਤੇ ਬਾਹਰੋਂ ਮਿਲਣ ਵਾਲੀ ਰਕਮ ਵਾਲੇ 10 ਸਿਖਰਲੇ ਮੁਲਕਾਂ 'ਚ ਸ਼ਾਮਲ ਰਹੇ।



# ਭਾਰਤ ਨੇ ਅਤਿਵਾਦ ਵਿਰੋਧੀ ਟਰੱਸਟ ਫੰਡ 'ਚ 5 ਲੱਖ ਡਾਲਰ ਦਾ ਯੋਗਦਾਨ ਦਿੱਤਾ

ਸੰਯੁਕਤ ਰਾਸ਼ਟਰ : ਭਾਰਤ ਨੇ ਸੰਯੁਕਤ ਰਾਸ਼ਟਰ ਅਤਿਵਾਦ ਵਿਰੋਧੀ ਟਰੱਸਟ ਫੰਡ 'ਚ 5 ਲੱਖ ਡਾਲਰ ਦਾ ਯੋਗਦਾਨ ਦਿੱਤਾ ਹੈ। ਸੰਯੁਕਤ ਰਾਸ਼ਟਰ 'ਚ ਭਾਰਤ ਦੀ ਸਥਾਈ ਪ੍ਰਤੀਨਿਧ ਰੁਚਿਰਾ ਕੰਬੋਜ ਨੇ ਅਤਿਵਾਦ ਵਿਰੋਧੀ ਸੰਯੁਕਤ ਰਾਸ਼ਟਰ ਦੇ ਦਫ਼ਤਰ ਦੇ ਅਧੀਨ ਸਕੱਤਰ ਜਨਰਲ ਵਲਾਦੀਮੀਰ ਵੋਰੋਨਕੋਵ ਨੂੰ ਇਹ ਰਾਸ਼ੀ ਸੌਂਪੀ। ਭਾਰਤ ਦੇ ਸਥਾਈ ਮਿਸ਼ਨ ਨੇ ਇਕ ਬਿਆਨ 'ਚ ਕਿਹਾ ਕਿ ਉਨ੍ਹਾਂ ਦਾ ਮੁਲਕ ਸੰਯੁਕਤ ਰਾਸ਼ਟਰ ਦੇ ਅਤਿਵਾਦ ਵਿਰੋਧੀ ਦਫ਼ਤਰ ਵੱਲੋਂ ਵਿੱਢੇ ਗਏ ਕੰਮਾਂ ਨੂੰ ਅਹਿਮੀਅਤ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਖ਼ਿਲਾਫ਼ ਸੰਯੁਕਤ ਰਾਸ਼ਟਰ ਦੀ ਅਗਵਾਈ ਹੇਠ ਆਲਮੀ ਜੰਗ 'ਚ ਹਮਾਇਤ ਪ੍ਰਤੀ ਇਹ ਯੋਗਦਾਨ ਭਾਰਤ ਦੀ ਵਚਨਬੱਧਤਾ ਦਿਖਾਉਂਦਾ ਹੈ। ਅਫ਼ਰੀਕਾ 'ਚ ਅਤਿਵਾਦ ਵਿਰੋਧੀ ਵਧ ਰਹੇ ਖ਼ਤਰੇ ਦੇ ਮੁੱਦੇ ਨੂੰ ਹੱਲ ਕਰਨ ਲਈ ਭਾਰਤ ਪਿਛਲੇ ਕੁਝ ਸਾਲਾਂ ਤੋਂ ਤਰਜੀਹ ਦੇ ਰਿਹਾ ਹੈ।

# ਪੰਨੂ ਮਾਮਲੇ 'ਚ ਭਾਰਤੀ ਜਾਂਚ ਦੇ ਨਤੀਜਿਆਂ ਦੀ ਉਡੀਕ: ਅਮਰੀਕਾ



ਵਾਸ਼ਿੰਗਟਨ : ਅਮਰੀਕੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਉਹ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਨਾਲ ਸਬੰਧਤ ਦੋਸ਼ਾਂ ਦੀ ਭਾਰਤ ਵੱਲੋਂ ਕੀਤੀ ਜਾ ਰਹੀ ਜਾਂਚ ਦੇ ਨਤੀਜਿਆਂ ਦੀ ਉਡੀਕ ਵਿਚ ਹਨ। ਮੰਤਰਾਲੇ ਦੇ ਤਰਜਮਾਨ ਮੈਥਿਊ ਮਿੱਲਰ ਨੇ ਆਪਣੀ ਨਿਯਮਤ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਉਨ੍ਹਾਂ (ਭਾਰਤ ਸਰਕਾਰ) ਇਸ ਮਾਮਲੇ ਵਿਚ ਜਾਂਚ ਕਮੇਟੀ ਬਣਾਈ ਸੀ, ਅਤੇ ਉਹ ਕੰਮ ਜਾਰੀ ਹੈ; ਸਾਨੂੰ ਜਾਂਚ ਦੇ ਨਤੀਜਿਆਂ ਦੀ ਉਡੀਕ ਹੈ। ਪਰ ਅਸੀਂ ਸਾਫ਼ ਕਰ ਦਿੱਤਾ ਹੈ ਕਿ ਅਸੀਂ ਇਸ ਮਸਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ ਅਤੇ ਸਾਨੂੰ ਲੱਗਦਾ ਹੈ ਕਿ ਉਹ ਵੀ ਇਸ ਨੂੰ ਸੰਜੀਦਗੀ ਨਾਲ ਲੈਣਗੇ।" ਮਿੱਲਰ ਅਮਰੀਕੀ ਨਾਗਰਿਕ ਤੇ ਵੱਖਵਾਦੀ ਸਿੱਖ ਆਗੂ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਵਿਚ ਭਾਰਤ ਸਰਕਾਰ ਦੇ ਅਧਿਕਾਰੀਆਂ ਦੀ ਸ਼ਮੂਲੀਅਤ ਸਬੰਧੀ ਦੋਸ਼ਾਂ ਬਾਰੇ ਸਵਾਲ ਦਾ ਜਵਾਬ ਦੇ ਰਹੇ ਸਨ।

ਕਾਬਿਲੇਗੌਰ ਹੈ ਕਿ ਰੋਜ਼ਨਾਮਚਾ ਦਿ ਵਾਸ਼ਿੰਗਟਨ ਪੋਸਟ ਨੇ ਪਿਛਲੇ ਦਿਨੀਂ ਗੁਮਨਾਮ ਸਰੋਤਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਸੀ ਕਿ ਪਿਛਲੇ ਸਾਲ ਅਮਰੀਕੀ ਧਰਤੀ 'ਤੇ ਪੰਨੂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਘੜਨ ਵਿਚ ਭਾਰਤ ਦੀ ਖੁਫੀਆ ਏਜੰਸੀ 'ਰਾਅ' ਦਾ ਇਕ ਅਧਿਕਾਰੀ ਸ਼ਾਮਲ ਸੀ। ਭਾਰਤ ਨੇ ਹਾਲਾਂਕਿ ਅਮਰੀਕੀ ਰੋਜ਼ਨਾਮਚੇ ਦੀ ਰਿਪੋਰਟ ਨੂੰ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਸੀ ਕਿ ਇਕ ਸੰਜੀਦਾ ਮਸਲੇ 'ਤੇ 'ਗੈਰਵਾਜਬ ਤੇ ਬੇਬੁਨਿਆਦ' ਦੋਸ਼ ਲਾਏ ਗਏ ਹਨ ਤੇ ਇਸ ਕੇਸ ਵਿਚ ਜਾਂਚ ਦਾ ਅਮਲ ਅਜੇ ਜਾਰੀ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਮਾਮਲੇ ਦੀ ਜਾਂਚ ਦਾ ਅਮਲ ਅਜੇ ਜਾਰੀ ਹੈ।

**ਕੈਨੇਡਾ ਅਪਰਾਧਕ ਤੇ ਵੱਖਵਾਦੀ ਤੱਤਾਂ ਨੂੰ ਪਨਾਹ ਦੇਣੀ ਬੰਦ ਕਰੇ: ਭਾਰਤ**

ਨਵੀਂ ਦਿੱਲੀ: ਭਾਰਤ ਨੇ ਅੱਜ ਕੈਨੇਡਾ ਸਰਕਾਰ 'ਤੇ ਹਿੰਸਾ ਦਾ 'ਜਸ਼ਨ ਮਨਾਉਣ ਅਤੇ ਗੁਣ-ਗਾਣ' ਕਰਨ ਦੀ ਇਜਾਜ਼ਤ ਦੇਣ ਦਾ ਦੋਸ਼ ਲਾਇਆ ਅਤੇ ਓਟਵਾ ਨੂੰ ਕਿਹਾ ਕਿ ਉਹ ਕੈਨੇਡਾ ਵਿੱਚ ਅਪਰਾਧਕ ਤੇ ਵੱਖਵਾਦੀ ਤੱਤਾਂ ਨੂੰ ਪਨਾਹ ਦੇਣੀ ਬੰਦ ਕਰੇ। ਭਾਰਤ ਦੀ ਇਹ ਪ੍ਰਤੀਕਿਰਿਆ ਓਂਟਾਰੀਓ ਦੇ ਮਾਲਟਨ ਵਿੱਚ ਨਗਰ ਕੀਰਤਨ ਦੌਰਾਨ ਖਾਲਿਸਤਾਨ ਪੱਖੀ ਨਾਅਰੇ ਲਾਉਣ ਅਤੇ ਭੜਕਾਊ ਤਕਰੀਰ ਦੀਆਂ ਰਿਪੋਰਟਾਂ ਸਾਹਮਣੇ ਆਉਣ ਮਗਰੋਂ ਆਈ ਹੈ। 'ਨਗਰ ਕੀਰਤਨ' ਵਿੱਚ ਇੱਕ ਵਿਵਾਦਤ 'ਝਾਕੀ' ਸ਼ਾਮਲ ਹੋਣ 'ਤੇ ਪ੍ਰਤੀਕਿਰਿਆ ਦਿੰਦਿਆਂ ਭਾਰਤ ਨੇ ਜਸਟਿਨ ਟਰੂਡੋ ਸਰਕਾਰ ਨੂੰ ਕਿਹਾ ਕਿ ਉਹ ਕੈਨੇਡਾ ਵਿੱਚ ਅਪਰਾਧਕ ਤੇ ਵੱਖਵਾਦੀ ਤੱਤਾਂ ਨੂੰ 'ਪਨਾਹ' ਦੇਣੀ ਬੰਦ ਕਰੇ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਕੈਨੇਡਾ ਵਿੱਚ ਆਪਣੇ ਕੂਟਨੀਤਕ ਨੁਮਾਇੰਦਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ ਅਤੇ ਉਮੀਦ ਕਰਦਾ ਹੈ ਕਿ ਓਟਵਾ ਇਹ ਯਕੀਨੀ ਬਣਾਏਗਾ ਕਿ ਉਹ ਬਿਨਾਂ ਕਿਸੇ ਡਰ ਦੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਸਕਣ। ਉਨ੍ਹਾਂ ਕਿਹਾ, "ਅਸੀਂ ਕੈਨੇਡਾ ਵਿੱਚ ਕੱਟੜਪੰਥੀ ਤੱਤਾਂ ਵੱਲੋਂ ਸਾਡੇ ਸਿਆਸੀ ਆਗੂਆਂ ਖ਼ਿਲਾਫ਼ ਵਰਤੀਆਂ ਜਾ ਰਹੀਆਂ ਹਿੰਸਕ ਤਸਵੀਰਾਂ ਨੂੰ ਲੈ ਕੇ ਵਾਰ-ਵਾਰ ਆਪਣੀ ਡੂੰਘੀ ਚਿੰਤਾ ਪ੍ਰਗਟਾਈ ਹੈ।'

# ਪੁਲੀਸ ਨੇ ਜੌਰਜ ਵਾਸ਼ਿੰਗਟਨ 'ਵਰਸਿਟੀ 'ਚ ਫਲਸਤੀਨ ਪੱਖੀਆਂ ਦੇ ਟੈਂਟ ਉਖਾੜੇ




ਸ਼ਿਕਾਗੋ : ਪੁਲੀਸ ਨੇ ਫਲਸਤੀਨ ਪੱਖੀ ਵਿਦਿਆਰਥੀਆਂ ਵੱਲੋਂ ਵਾਸ਼ਿੰਗਟਨ ਡੀਸੀ 'ਚ ਜੌਰਜ ਵਾਸ਼ਿੰਗਟਨ ਯੂਨੀਵਰਸਿਟੀ ਅੰਦਰ ਲਾਏ ਕੈਂਪਾਂ ਨੂੰ ਅੱਜ ਤੜਕੇ ਉਦੋਂ ਉਖਾੜ ਦਿੱਤਾ ਜਦੋਂ ਦਰਜਨਾਂ ਪ੍ਰਦਰਸ਼ਨਕਾਰੀਆਂ ਨੇ ਯੂਨੀਵਰਸਿਟੀ ਮੁਖੀ ਏਲੇਨ ਗਰੈਨਬਰਗ ਦੀ ਰਿਹਾਇਸ਼ ਵੱਲ ਮਾਰਚ ਕੀਤਾ। ਪੁਲੀਸ ਨੇ 33 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਨ੍ਹਾਂ ਪਲਾਜ਼ਾ ਦੇ ਅੱਗੇ ਐੱਚ ਸਟਰੀਟ ਅਤੇ ਯੂਨੀਵਰਸਿਟੀ ਯਾਰਡ ਖਾਲੀ ਨਾ ਕੀਤਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਯੂਨੀਵਰਸਿਟੀ ਅਧਿਕਾਰੀਆਂ ਨੇ ਵੀ ਚਿਤਾਵਨੀ ਦਿੱਤੀ ਸੀ ਕਿ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਜਾਵੇਗਾ। ਯੂਨੀਵਰਸਿਟੀ ਨੇ ਇਕ ਬਿਆਨ 'ਚ ਕਿਹਾ ਕਿ ਉਹ ਵਿਦਿਆਰਥੀਆਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਰੱਖਿਆ ਲਈ ਵਚਨਬੱਧ ਹੈ ਪਰ ਕੈਂਪ ਲਾਉਣਾ ਗ਼ੈਰਕਾਨੂੰਨੀ ਸਰਗਰਮੀ ਹੈ ਜਿਸ ਨਾਲ ਯੂਨੀਵਰਸਿਟੀ ਦੀਆਂ ਨੀਤੀਆਂ ਅਤੇ ਸ਼ਹਿਰ ਦੇ ਨੇਮਾਂ ਦੀ ਸਿੱਧੀ ਉਲੰਘਣਾ ਹੁੰਦੀ ਹੈ। ਸਥਾਨਕ ਮੀਡੀਆ ਮੁਤਾਬਕ ਕੁਝ ਪ੍ਰਦਰਸ਼ਨਕਾਰੀਆਂ ਨੂੰ ਕੈਂਪ 'ਚ ਦਾਖ਼ਲ ਹੋਣ ਤੋਂ ਰੋਕਣ ਲਈ ਮਿਰਚਾਂ ਦਾ ਸਪਰੇਅ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਯੂਨੀਵਰਸਿਟੀ ਆਫ਼ ਸ਼ਿਕਾਗੋ 'ਚ ਫਲਸਤੀਨ ਪੱਖੀਆਂ ਦੇ ਕੈਂਪ ਹਟਾ ਦਿੱਤੇ ਗਏ ਸਨ। ਕਰੀਬ ਤਿੰਨ ਹਫ਼ਤੇ ਪਹਿਲਾਂ ਕੋਲੰਬੀਆ ਯੂਨੀਵਰਸਿਟੀ 'ਚ ਸ਼ੁਰੂ ਕੀਤੇ ਗਏ ਪ੍ਰਦਰਸ਼ਨਾਂ ਦਾ ਭਾਂਬੜ ਅਮਰੀਕਾ ਦੀਆਂ ਹੋਰ ਯੂਨੀਵਰਸਿਟੀਆਂ ਅਤੇ ਯੂਰੋਪ ਤੱਕ ਫੈਲ ਗਿਆ ਹੈ। ਕੁਝ ਕਾਲਜਾਂ ਨੇ ਫੌਰੀ ਪ੍ਰਦਰਸ਼ਨਾਂ 'ਤੇ ਨੱਥ ਪਾ ਲਈ ਸੀ ਪਰ ਕੁਝ ਨੂੰ ਪੁਲੀਸ ਸੱਦਣੀ ਗਈ।

# ਪਿੰਡ ਲੱਡਾ ਵਿੱਚ ਸੁਖਪਾਲ ਖਹਿਰਾ ਦੀ ਚੋਣ ਸਭਾ ਦੌਰਾਨ ਹੰਗਾਮਾ

## ਸਟੇਜ ’ਤੇ ਚੜ੍ਹ ਕੇ ਸਿਮਰਨ ਮਹੰਤ ਨੇ ਪਿੰਡ ਦੇ ਸਰਪੰਚ ’ਤੇ ਲਾਏ ਦੋਸ਼; ਮਿੱਠੂ ਲੱਡਾ ਨੇ ਦੋਸ਼ ਨਕਾਰੇ; ਪੁਲੀਸ ਵੱਲੋਂ ਜਾਂਚ ਸ਼ੁਰੂ



.ਸੰਗਰੂਰ/ਧੂਰੀ : ਪਿੰਡ ਲੱਡਾ ਵਿੱਚ ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੀ ਚੋਣ ਸਭਾ ਦੌਰਾਨ ਉਸ ਸਮੇਂ ਜ਼ੋਰਦਾਰ ਹੰਗਾਮਾ ਹੋ ਗਿਆ ਜਦੋਂ ਸਿਮਰਨ ਮਹੰਤ ਪਟਿਆਲਾ (ਕਿੰਨਰ) ਤੇ ਉਸ ਦੇ ਸਾਥੀਆਂ ਨੇ ਤਾੜੀਆਂ ਮਾਰ ਸਟੇਜ ’ਤੇ ਚੜ੍ਹ ਕੇ ਖਹਿਰਾ ਅੱਗੇ ਬੋਲਣਾ ਸ਼ੁਰੂ ਕਰ ਦਿੱਤਾ। ਸਟੇਜ ’ਤੇ ਮੌਜੂਦ ਕਾਂਗਰਸੀ ਆਗੂ ਤੇ ਪਿੰਡ ਦੇ ਸਰਪੰਚ ਮਿੱਠੂ ਲੱਡਾ ਵੱਲੋਂ ਸਿਮਰਨ ਮਹੰਤ ਦਾ ਵਿਰੋਧ ਕੀਤਾ ਗਿਆ। ਤਕਰਾਰਬਾਜ਼ੀ ਤੇ ਤਣਾਅਪੂਰਨ ਮਾਹੌਲ ਦੌਰਾਨ ਮਿੱਠੂ ਲੱਡਾ ਦੇ ਸਮਰਥਕਾਂ ਵੱਲੋਂ ਸਿਮਰਨ ਮਹੰਤ ਤੇ ਉਸ ਦੇ ਸਾਥੀਆਂ ਦੀ ਕਥਿਤ ਕੁੱਟਮਾਰ ਕੀਤੀ ਗਈ। ਮਗਰੋਂ ਸਿਮਰਨ ਮਹੰਤ ਨੇ ਪੁਲੀਸ ਥਾਣਾ ਧੂਰੀ ਵਿੱਚ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ। ਇਸ ਘਟਨਾ ਮਗਰੋਂ ਸੰਗਰੂਰ ’ਚ ਮੀਡੀਆ ਨਾਲ ਗੱਲਬਾਤ ਕਰਦਿਆਂ ਸਿਮਰਨ ਮਹੰਤ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਸੁਖਪਾਲ ਖਹਿਰਾ ਨੂੰ ਫੋਨ ਕੀਤੇ ਪਰ ਗੱਲ ਨਾ ਹੋਈ। ਮਗਰੋਂ ਉਨ੍ਹਾਂ ਖਹਿਰਾ ਦੇ ਦਫ਼ਤਰ ’ਚ ਗੱਲ ਕਰਕੇ ਕਿਹਾ ਸੀ ਕਿ ਮਿੱਠੂ ਲੱਡਾ ਨੂੰ ਆਪਣੇ ਤੋਂ ਦੂਰ ਰੱਖੋ ਕਿਉਂਕਿ ਇਸ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ ਅਤੇ ਲੱਖਾਂ ਰੁਪਏ ਦੀ ਠੱਗੀ ਮਾਰੀ ਹੈ, ਉਸ ਨੇ ਉਨ੍ਹਾਂ ਦੀ ਜ਼ਿੰਦਗੀ ਖ਼ਰਾਬ ਕੀਤੀ ਹੈ। ਸਿਮਰਨ ਮਹੰਤ ਨੇ ਕਿਹਾ ਕਿ ਇਹ ਸਭ ਕੁਝ ਉਹ ਖਹਿਰਾ ਨੂੰ ਦੱਸਣਾ ਚਾਹੁੰਦੇ ਸਨ। ਅੱਜ ਜਦੋਂ ਪਿੰਡ ਲੱਡਾ ਵਿੱਚ ਚੋਣ ਸਭਾ ਦੌਰਾਨ ਸ੍ਰੀ ਖਹਿਰਾ ਨੂੰ ਆਪਣਾ ਦੁੱਖ ਦੱਸਣ ਲੱਗੇ ਤਾਂ ਮਿੱਠੂ ਲੱਡਾ ਨੇ ਮਾਈਕ ਖੋਹ ਲਿਆ। ਉਨ੍ਹਾਂ ਦੋਸ਼ ਲਾਇਆ ਕਿ ਮੌਕੇ ’ਤੇ ਮੌਜੂਦ ਮਿੱਠੂ ਲੱਡਾ ਤੇ ਉਸ ਦੇ ਸਮਰਥਕਾਂ ਨੇ ਉਨ੍ਹਾਂ ਅਤੇ ਉਸ ਦੇ ਸਾਥੀਆਂ ਦੀ ਕੁੱਟਮਾਰ ਕੀਤੀ ਅਤੇ ਕੱਪੜੇ ਪਾੜ ਦਿੱਤੇ। ਉਨ੍ਹਾਂ ਭੱਜ ਕੇ ਜਾਨ ਬਚਾਈ। ਸਿਮਰਨ ਮਹੰਤ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਮਿੱਠੂ ਲੱਡਾ ਨੇ ਸਿਮਰਨ ਮਹੰਤ ਨਾਲ ਵਿਆਹ ਕਰਵਾਇਆ ਸੀ ਅਤੇ ਤਿੰਨ ਸਾਲ ਇਕੱਠੇ ਰਹਿਣ ਮਗਰੋਂ ਵੱਖ ਹੋ ਗਏ ਸਨ। ਉਧਰ, ਮਿੱਠੂ ਲੱਡਾ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸਿਮਰਨ ਮਹੰਤ ਤੇ ਉਸ ਦੇ ਸਾਥੀ ਉਸ ਦਾ ਅਕਸ ਖਰਾਬ ਕਰਨ ਅਤੇ ਚੋਣ ਸਭਾ ਵਿੱਚ ਜਾਣਬੁੱਝ ਕੇ ਵਿਘਨ ਪਾਉਣ ਲਈ ਆਏ ਸਨ। ਉਨ੍ਹਾਂ ਪਿੰਡ ਦੇ ਲੋਕਾਂ ਸਾਹਮਣੇ ਉਸ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਉਸ ਦੇ ਸਮਰਥਕਾਂ ਦੇ ਸੱਟਾਂ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਸਿਮਰਨ ਮਹੰਤ ਨਾਲ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ ਅਤੇ ਜੋ ਵੀ ਫੈਸਲਾ ਲਿਆ ਜਾਵੇਗਾ, ਉਸ ਨੂੰ ਮਨਜ਼ੂਰ ਹੋਵੇਗਾ। ਇਸ ਦੌਰਾਨ ਐੱਸਐੱਸਪੀ ਸਰਤਾਜ ਸਿੰਘ ਚਾਹਲ ਦਾ ਕਹਿਣਾ ਹੈ ਕਿ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਜਿਸ ਮਗਰੋਂ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਲੋਕ ਸਭਾ ਚੋਣਾਂ ’ਚ ਪਈ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਗੂੰਜ

## ਇਨਸਾਫ ਨਾ ਮਿਲਣ ’ਤੇ ਸਰਕਾਰ ਨੂੰ ਘੇਰਨ ਲੱਗੀਆਂ ਵਿਰੋਧੀ ਪਾਰਟੀਆਂ

ਲੁਧਿਆਣਾ : ਮਰਹੂਮ ਪੰਜਾਬੀ ਗਾਇਕ ਤੇ ਕਾਂਗਰਸ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਨਾਮ ਲੋਕ ਸਭਾ ਚੋਣਾਂ ਦੌਰਾਨ ਗੂੰਜ ਰਿਹਾ ਹੈ। ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਲੈ ਕੇ ਵਿਰੋਧੀ ਧਿਰਾਂ ਸਰਕਾਰ ਨੂੰ ਘੇਰ ਰਹੀਆਂ ਹਨ। ਸਿੱਧੂ ਮੂਸੇਵਾਲਾ ਪਰਿਵਾਰ ਦੇ ਨਜ਼ਦੀਕੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤਾਂ ਲੁਧਿਆਣਾ ਦੇ ਨਾਲ ਨਾਲ ਜਿੱਥੇ ਵੀ ਚੋਣ ਜਲਸਾ ਕਰਦੇ ਹਨ, ਉਹ ਸਿੱਧੂ ਮੂਸੇਵਾਲਾ ਨੂੰ ਯਾਦ ਕਰਦੇ ਹਨ ਤੇ ਸਾਫ਼ ਤੌਰ ’ਤੇ ਦੋਸ਼ ਲਾਉਂਦੇ ਹਨ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ’ਚ ਆਈ ਹੈ ਕਾਨੂੰਨ ਵਿਵਸਥਾ ਨਾਮ ਦੀ ਕੋਈ ਚੀਜ਼ ਨਹੀਂ ਹੈ। ਪੰਜਾਬ ਸਰਕਾਰ ਦੀ ਅਣਗਹਿਲੀ ਕਾਰਨ ਹੀ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ। ਰਾਜਾ ਵੜਿੰਗ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ ’ਚ ਸਰਕਾਰ ਨੂੰ ਘੇਰਦੇ ਹੋਏ ਨਾਲ ਹੀ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਤੇ ਅਕਾਲੀ ਉਮੀਦਵਾਰ ਰਣਜੀਤ ਸਿੰਘ ਢਿੱਲੋਂ ’ਤੇ ਵੀ ਇਸ ਮੁੱਦੇ ਨੂੰ ਲੈ ਕੇ ਸਰਕਾਰ ਨੂੰ ਘੇਰਨ ਤੋਂ ਪਿੱਛੇ ਹਟਣ ਦੇ ਦੋਸ਼ ਲਾਏ। ਪੰਜਾਬ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਲੋਕ ਸਭਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਿਹਾਤੀ ਖੇਤਰਾਂ ਦੇ ਨਾਲ ਨਾਲ ਸ਼ਹਿਰੀ ਇਲਾਕਿਆਂ ’ਚ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਝਾੜੂ ਦੀ ਸਰਕਾਰ ਨੇ ਹੀ ਸਿੱਧੂ ਮੂਸੇਵਾਲਾ ਮਰਵਾ ਦਿੱਤਾ ਹੈ। ਹੁਣ ਉਨ੍ਹਾਂ ਦੇ ਘਰ ਲੜਕਾ ਪੈਦਾ ਹੋਇਆ ਤਾਂ ਸਰਕਾਰ ਨੇ ਪੁਲੀਸ ਭੇਜੀ ਤੇ ਪੁੱਛ-ਪੜਤਾਲ ਕਰਵਾਉਣੀ ਸ਼ੁਰੂ ਕਰ ਦਿੱਤੀ ਕਿ ਲੜਕਾ ਕਿਵੇਂ ਤੇ ਕਿਉਂ ਪੈਦਾ ਹੋਇਆ ਹੈ। ਇਸ ਸਮੇਂ ’ਚ ਕਿਵੇਂ ਬੱਚਾ ਪੈਦਾ ਹੋ ਸਕਦਾ ਹੈ। ਇਸ ਨਾਲ ਸਰਕਾਰ ਧੱਕੇਸ਼ਾਹੀ ਕਰਨ ਲੱਗ ਗਈ ਹੈ। ਉਹ ਲੋਕਾਂ ਨੂੰ ਆਖ ਰਹੇ ਹਨ ਕਿ ਕੇਂਦਰ ’ਚ ਜੇਕਰ ਕਾਂਗਰਸ ਦੀ ਸਰਕਾਰ ਆਵੇਗੀ ਤਾਂ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ਼ ਜ਼ਰੂਰ ਮਿਲੇਗਾ। ਉਧਰ, ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਵੀ ਸਿੱਧੂ ਮੂਸੇਵਾਲਾ ਕਤਲ ਕਾਂਡ ’ਚ ਸਰਕਾਰ ਅਤੇ ਕਾਂਗਰਸੀਆਂ ਨੂੰ ਘੇਰ ਰਹੇ ਹਨ। ਉਹ ਆਖ ਰਹੇ ਹਨ ਕਿ ਕਾਂਗਰਸ ਆਗੂਆਂ ਕਾਰਨ ਹੀ ਇਨਸਾਫ਼ ਮਿਲਣ ਵਿਚ ਦੇਰੀ ਹੋ ਰਹੀ ਹੈ। ਬਿੱਟੂ ਆਖਦੇ ਹਨ ਕਿ ਕੇਂਦਰ ’ਚ ਮੋਦੀ ਸਰਕਾਰ ਆਉਣ ’ਤੇ ਚਾਰ ਜੂਨ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਹਮਣੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਉਹ ਖੁਦ ਲੈ ਕੇ ਜਾਣਗੇ ਅਤੇ ਇਨਸਾਫ਼ ਦਿਵਾਉਣਗੇ। ਉਧਰ, ਰਣਜੀਤ ਸਿੰਘ ਢਿੱਲੋਂ ਵੀ ਮਾਨ ਸਰਕਾਰ ਨੂੰ ਇਸ ਮੁੱਦੇ ’ਤੇ ਘੇਰ ਰਹੇ ਹਨ।



# ਖਹਿਰਾ ਤੇ ਡਾ. ਗਾਂਧੀ ਸਣੇ 20 ਉਮੀਦਵਾਰਾਂ ਵੱਲੋਂ ਕਾਗਜ਼ ਦਾਖਲ

ਚੰਡੀਗੜ੍ਹ : ਪੰਜਾਬ ਦੀਆਂ 13 ਲੋਕ ਸਭਾ ਸੀਟਾਂ ’ਤੇ ਨਾਮਜ਼ਦਗੀਆਂ ਭਰਨ ਦੇ ਦੂਜੇ ਦਿਨ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਅਤੇ ਡਾ. ਗਾਂਧੀ ਸਣੇ 20 ਉਮੀਦਵਾਰਾਂ ਵੱਲੋਂ 22 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਸੁਖਪਾਲ ਸਿੰਘ ਖਹਿਰਾ ਨੇ ਲੋਕ ਸਭਾ ਹਲਕਾ ਸੰਗਰੂਰ ਅਤੇ ਡਾ. ਧਰਮਵੀਰ ਗਾਂਧੀ ਨੇ ਲੋਕ ਸਭਾ ਹਲਕਾ ਪਟਿਆਲਾ ਤੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਮੌਜੂਦ ਰਹੇ। ਜਾਣਕਾਰੀ ਅਨੁਸਾਰ ਅੱਜ ਸੰਗਰੂਰ ਤੋਂ ਪੰਜ, ਅੰਮ੍ਰਿਤਸਰ, ਪਟਿਆਲਾ ਤੇ ਲੁਧਿਆਣਾ ਤੋਂ ਤਿੰਨ-ਤਿੰਨ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਫਰੀਦਕੋਟ ਤੋਂ ਦੋ, ਗੁਰਦਾਸਪੁਰ, ਜਲੰਧਰ, ਆਨੰਦਪੁਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਤੋਂ ਇਕ-ਇਕ ਉਮੀਦਵਾਰ ਨੇ ਨਾਮਜ਼ਦਗੀ ਪੱਤਰ ਦਾਖਲ ਕੀਤਾ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਫਿਰੋਜ਼ਪੁਰ, ਖਡੂਰ ਸਾਹਿਬ, ਬਠਿੰਡਾ ਅਤੇ ਹੁਸ਼ਿਆਰਪੁਰ ਲੋਕ ਸਭਾ ਸੀਟ ਲਈ ਕਿਸੇ ਵੀ ਉਮੀਦਵਾਰ ਵੱਲੋਂ ਅੱਜ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤਾ ਗਿਆ ਹੈ। ਭਾਜਪਾ ਦੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਹੰਸ ਰਾਜ ਹੰਸ 9 ਮਈ ਦਿਨ ਵੀਰਵਾਰ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨਗੇ। ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਬੱਬੂ, ਜਲੰਧਰ ਤੋਂ ਸੁਸ਼ੀਲ ਰਿੰਕੂ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ, ਬਠਿੰਡਾ ਤੋਂ ਪਰਮਪਾਲ ਕੌਰ ਸਿੱਧੂ, ਖਡੂਰ ਸਾਹਿਬ ਤੋਂ ਮਨਜੀਤ ਸਿੰਘ ਮੰਨਾ ਅਤੇ ਅੰਮ੍ਰਿਤਸਰ ਤੋਂ ਤਰਨਜੀਤ ਸਿੰਘ ਸੰਧੂ 10 ਮਈ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨਗੇ। ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਵੱਲੋਂ ਅੱਜ ਵੱਡੇ ਰੋਡ ਸ਼ੋਅ ਮਗਰੋਂ ਨਾਮਜ਼ਦਗੀ ਕਾਗ਼ਜ਼ ਦਾਖ਼ਲ ਕੀਤੇ ਗਏ। ਰੋਡ ਸ਼ੋਅ ਦੌਰਾਨ ਕਾਗ਼ਜ਼ ਦਾਖ਼ਲ ਕਰਨ ਤੱਕ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਇਸ ਦੌਰਾਨ ਡਾ. ਗਾਂਧੀ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੀ ਤਸਵੀਰ ਵੀ ਨਾਲ ਰੱਖੀ ਜਿਸ ਤੋਂ ਉਨ੍ਹਾਂ ਸੰਦੇਸ਼ ਦਿੱਤਾ ਕਿ ਭਾਰਤੀ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਜਾਰੀ ਹੈ। ਇਸ ਤੋਂ ਇਲਾਵਾ ਲੋਕ ਸਭਾ ਹਲਕੇ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਦੇ ਇੰਚਾਰਜ, ਜ਼ਿਲ੍ਹਾ ਕਾਂਗਰਸ ਕਮੇਟੀ, ਯੂਥ ਕਾਂਗਰਸ, ਮਹਿਲਾ ਕਾਂਗਰਸ, ਸੇਵਾ ਦਲ ਦੇ ਅਹੁਦੇਦਾਰਾਂ ਸਣੇ ਜ਼ਿਲ੍ਹੇ ਦੀ ਸਮੁੱਚੀ ਕਾਂਗਰਸ ਲੀਡਰਸ਼ਿਪ ਇੱਕਜੁਟਤਾ ਨਾਲ ਡਾ. ਗਾਂਧੀ ਨਾਲ ਖੜ੍ਹੀ ਦਿਖਾਈ ਦਿੱਤੀ। ਰਾਜਾ ਵੜਿੰਗ ਨੇ ਕਿਹਾ ਕਿ ਜਿਵੇਂ ਪਟਿਆਲਾ ਦੇ ਲੋਕਾਂ ਨੇ ਡਾ. ਗਾਂਧੀ ਦੇ ਨਾਮਜ਼ਦਗੀ ਪੱਤਰ ਭਰਨ ’ਤੇ ਉਤਸ਼ਾਹ ਦਿਖਾਇਆ ਹੈ ਤਾਂ ਸਪੱਸ਼ਟ ਹੋ ਗਿਆ ਹੈ ਕਿ ਡਾ. ਗਾਂਧੀ ਵੱਡੇ ਫਰਕ ਨਾਲ ਜਿੱਤ ਰਹੇ ਹਨ। ਉਨ੍ਹਾਂ ਕਿਹਾ ਕਿ ਸਮੁੱਚੀ ਕਾਂਗਰਸ ਪਾਰਟੀ ਡਾਕਟਰ ਗਾਂਧੀ ਨੂੰ ਜਿਤਾਉਣ ਲਈ ਇੱਕਜੁਟ ਹੈ। ਰੋਡ ਸ਼ੋਅ ਦਾ ਥਾਂ-ਥਾਂ ’ਤੇ ਸਵਾਗਤ ਕਰਨ ਲਈ ਲੋਕ ਆਪਣੇ ਹੱਥਾਂ ਵਿੱਚ ਫੁੱਲ ਲੈ ਕੇ ਖੜ੍ਹੇ ਸਨ ਅਤੇ ਡਾ. ਗਾਂਧੀ ਦੇ ਕਾਫ਼ਲੇ ’ਤੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਡਾ. ਗਾਂਧੀ ਦੇ ਰੋਡ ਸ਼ੋਅ ਦੀ ਪ੍ਰਬੰਧਕੀ ਟੀਮ ਵੱਲੋਂ ਆਮ ਸੜਕੀ ਆਵਾਜਾਈ ਪ੍ਰਭਾਵਿਤ ਹੋਣ ਤੋਂ ਰੋਕਣ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਤਾਂ ਜੋ ਰਾਹਗੀਰਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਡਾ. ਗਾਂਧੀ ਨੇ ਕਿਹਾ ਕਿ ਉਨ੍ਹਾਂ ਦਾ ਸਮਾਜਿਕ ਜੀਵਨ ਇੱਕ ਖੁੱਲ੍ਹੀ ਕਿਤਾਬ ਵਾਂਗ ਲੋਕਾਂ ਦੇ ਸਾਹਮਣੇ ਹੈ। ਉਨ੍ਹਾਂ ਦੇ ਸਾਹਮਣੇ ਵਾਲੇ ਉਮੀਦਵਾਰ ਪੈਸੇ ਅਤੇ ਸੱਤਾ ਦੀ ਤਾਕਤ ਪੱਖੋਂ ਬਹੁਤ ਧਨੀ ਹਨ ਪਰ ਉਨ੍ਹਾਂ ਨਾਲ ਪਟਿਆਲਾ ਲੋਕ ਸਭਾ ਹਲਕੇ ਦੇ ਲੋਕ ਖੜ੍ਹੇ ਹਨ ਅਤੇ ਲੋਕਾਂ ਦੀ ਤਾਕਤ ਹੀ ਉਨ੍ਹਾਂ ਨੂੰ ਸੰਸਦ ਵਿੱਚ ਪਹੁੰਚਾਏਗੀ।



# ਪੰਜਾਬ ਵਿੱਚ 2.14 ਕਰੋੜ ਵੋਟਰ ਕਰਨਗੇ ਉਮੀਦਵਾਰਾਂ ਦਾ .ਫੈਸਲਾ

ਚੰਡੀਗੜ੍ਹ : ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਪ੍ਰੀਕਿਰਿਆ ਸ਼ੁਰੂ ਹੋ ਚੁੱਕੀ ਹੈ। ਇਸ ਵਾਰ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ’ਤੇ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ 2 ਕਰੋੜ 14 ਲੱਖ 21 ਹਜ਼ਾਰ 555 ਵੋਟਰ ਕਰਨਗੇ। ਇਸ ਵਿਚ 1 ਕਰੋੜ 12 ਲੱਖ 67 ਹਜ਼ਾਰ 19 ਮਰਦ ਵੋਟਰ ਤੇ 1 ਕਰੋੜ 1 ਲੱਖ 53 ਹਜ਼ਾਰ 767 ਮਹਿਲਾ ਵੋਟਰ ਤੇ 769 ਹੋਰ ਵੋਟਰ ਹਨ। ਹਾਲਾਂਕਿ ਚੋਣ ਵਿਭਾਗ ਵੱਲੋਂ ਵੋਟਰਾਂ ਦੀ ਫਾਈਨਲ ਸੂਚੀ 14 ਮਈ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਸੂਬੇ ਦੇ 5 ਲੱਖ 28 ਹਜ਼ਾਰ 864 ਵੋਟਰ ਪਹਿਲੀ ਵਾਰ ਵੋਟ ਪਾਉਣਗੇ। ਇਸ ਵਿੱਚ 3 ਲੱਖ 16 ਹਜ਼ਾਰ 670 ਲੜਕੇ ਤੇ 2 ਲੱਖ 12 ਹਜ਼ਾਰ 178 ਕੁੜੀਆਂ ਅਤੇ 16 ਹੋਰ ਵੋਟਰ ਹਨ। ਇਸੇ ਤਰ੍ਹਾਂ 1 ਲੱਖ 89 ਹਜ਼ਾਰ 832 ਵੋਟਰ 85 ਸਾਲ ਤੋਂ ਜ਼ਿਆਦਾ ਉਮਰ ਦੇ ਹਨ, ਜਿਨ੍ਹਾਂ ਵਿਚ 88,169 ਮਰਦ, 1,01,661 ਮਹਿਲਾਵਾਂ ਅਤੇ 2 ਹੋਰ ਵੋਟਰ ਹਨ। ਉਨ੍ਹਾਂ ਕਿਹਾ ਕਿ 13 ਲੋਕ ਸਭਾ ਸੀਟਾਂ ਲਈ ਕੁੱਲ 24,451 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਇਸ ਵਿੱਚੋਂ 16,517 ਪਿੰਡਾਂ ਅਤੇ 7,934 ਸ਼ਹਿਰਾਂ ਵਿਚ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ‘ਇਸ ਵਾਰ 70 ਪਾਰ’ ਦੇ ਟੀਚੇ ਦੀ ਪੂਰਤੀ ਲਈ ਪੋਲਿੰਗ ਬੂਥਾਂ ਉੱਤੇ ਵੋਟਰਾਂ ਦੀ ਸਹੂਲਤ ਲਈ ਸਾਰੇ ਬੰਦੋਬਸਤ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਗੁਰਦਾਸਪੁਰ ’ਚ 16 ਲੱਖ 3 ਹਜ਼ਾਰ 628 , ਅੰਮ੍ਰਿਤਸਰ ’ਚ 16 ਲੱਖ 8 ਹਜ਼ਾਰ 391, ਖਡੂਰ ਸਾਹਿਬ ’ਚ 16 ਲੱਖ 64 ਹਜ਼ਾਰ 199, ਜਲੰਧਰ ’ਚ 16 ਲੱਖ 50 ਹਜ਼ਾਰ 849, ਹੁਸ਼ਿਆਰਪੁਰ ਵਿੱਚ 16 ਲੱਖ 43 ਅਤੇ ਆਨੰਦਪੁਰ ਸਾਹਿਬ ਵਿਖੇ 17 ਲੱਖ 27 ਹਜ਼ਾਰ 844 ਵੋਟਰ ਹਨ। ਲੁਧਿਆਣਾ ਵਿੱਚ 17 ਲੱਖ 54 ਹਜ਼ਾਰ 11, ਫਤਿਹਗੜ੍ਹ ਸਾਹਿਬ ਵਿੱਚ 15 ਲੱਖ 50 ਹਜ਼ਾਰ 734 ਵੋਟਰ ਹਨ।

# ਸਿਆਸੀ ਆਗੂਆਂ ਨੇ ਲੋਕਾਂ ਦੇ ਪੈਸਿਆਂ ਨਾਲ ਪਹਾੜਾਂ ਵਿੱਚ ਮਹਿਲ ਬਣਾਏ: ਭਗਵੰਤ ਮਾਨ

ਬਠਿੰਡਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਥੇ ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੇ ਹੱਕ ’ਚ ਰੋਡ ਸ਼ੋਅ ਕੀਤਾ। ਉਨ੍ਹਾਂ ਭਾਵੁਕ ਤਕਰੀਰ ਕਰਦਿਆਂ ਵਿਰੋਧੀਆਂ ’ਤੇ ਨਿਸ਼ਾਨੇ ਸੇਧੇ। ਮੁੱਖ ਮੰਤਰੀ ਦੀ ਫੇਰੀ ਮੌਕੇ ਕਿਸਾਨ ਜਥੇਬੰਦੀ ਬੀਕੇਯੂ ਸਿੱਧੂਪੁਰ ਨੇ ਮੰਗ ਪੱਤਰ ਦੇਣਾ ਸੀ ਤੇ ਮੁੱਖ ਮੰਤਰੀ ਨੂੰ ਸਵਾਲ ਕਰਨੇ ਸਨ ਪਰ ਪੁਲੀਸ ਨੇ ਸੌ ਦੇ ਕਰੀਬ ਕਿਸਾਨ ਆਗੂਆਂ ਤੇ ਕਾਰਕੁਨਾਂ ਨੂੰ ਗ੍ਰਿਫਤਾਰ ਕਰਕੇ ਵੱਖ ਵੱਖ ਥਾਣਿਆਂ ਵਿੱਚ ਬੰਦ ਕਰ ਦਿੱਤਾ ਤੇ ਦੇਰ ਸ਼ਾਮ ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਹੀ ਰਿਹਾਅ ਕੀਤਾ ਗਿਆ। ਇਸ ਤੋਂ ਇਲਾਵਾ ਠੇਕਾ ਮੁਲਾਜ਼ਮਾਂ ਨੇ ਹਨੂੰਮਾਨ ਚੌਕ ਨੇੜੇ ਵਿਰੋਧ ਕੀਤਾ ਪਰ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ’ਚ ਲੈ ਲਿਆ। ਮੁੱਖ ਮੰਤਰੀ ਨੇ ਰੋਡ ਸ਼ੋਅ ਦੌਰਾਨ ਕਿਹਾ ਕਿ ਸੂਬੇ ਦੇ ਕਈ ਆਗੂਆਂ ਨੇ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਬਣਾਏ ਪੈਸੇ ਨਾਲ ਪਹਾੜਾਂ ’ਚ ਆਪਣੇ ਮਹਿਲ ਬਣਾਏ ਹਨ। ਉਨ੍ਹਾਂ ਕਿਹਾ ਕਿ ਸੁਖ ਵਿਲਾਸ ’ਚ ਇਕ ਦਿਨ ਦਾ ਕਿਰਾਇਆ ਸੱਤ ਲੱਖ ਹੈ। ਦੂਜੇ ਪਾਸੇ ‘ਆਪ’ ਸਰਕਾਰ ਮਹਿਲ ਬਣਾਉਣ ਦੀ ਥਾਂ ਸੂਬੇ ਵਿਚ ਸਕੂਲ ਬਣਾ ਰਹੀ ਹੈ। ਮੁੱਖ ਮੰਤਰੀ ਨੇ ਬੀਬੀ ਹਰਸਿਮਰਤ ਬਾਦਲ ’ਤੇ ਤਨਜ਼ ਕਸਦਿਆਂ ਕਿਹਾ ਕਿ ਇਸ ਵਾਰ ਲੋਕ ਉਨ੍ਹਾਂ ਦੀ ਪਾਰਟੀ ਨੂੰ ਸਬਕ ਸਿਖਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ‘ਆਪ’ ਸਰਕਾਰ ਵੱਲੋਂ ਸੂਬੇ ਨੂੰ ਸੋਨੇ ਦੀ ਚਿੜੀ ਬਣਾਇਆ ਜਾਵੇਗਾ। ਉਨ੍ਹਾਂ ਦੀ ਸਰਕਾਰ ਨੇ 43 ਹਜ਼ਾਰ ਨੌਕਰੀਆਂ ਦੇ ਦਿੱਤੀਆਂ ਹਨ ਅਤੇ ਅੱਗੇ ਹੋਰ ਵੀ ਦਿੱਤੀਆਂ ਜਾਣਗੀਆਂ। ਉਨ੍ਹਾਂ ਬਠਿੰਡਾ ਥਰਮਲ ਪਲਾਂਟ ਬੰਦ ਹੋਣ ’ਤੇ ਵਿਰੋਧੀਆਂ ਦੀ ਆਲੋਚਨਾ ਕਰਦਿਆਂ ਆਖਿਆ ਕਿ ਥਰਮਲ ਦੀ ਜੋ 1200 ਏਕੜ ਜਗ੍ਹਾ ਹੈ। ਇਥੇ ਇਹੋ ਜਿਹੀ ਸ਼ਾਨਦਾਰ ਚੀਜ਼ ਬਣਾਈ ਜਾਵੇਗੀ ਕਿ ਲੋਕ ਬਠਿੰਡੇ ਆ ਕੇ ਫ਼ੋਟੋਆਂ ਖਿਚਵਾਇਆ ਕਰਨਗੇ।

# ਅੰਮ੍ਰਿਤਸਰ ਵਿੱਚ ਸਮੂਹ ਸਿਆਸੀ ਧਿਰਾਂ ਦਾ ਵੱਕਾਰ ਦਾਅ ’ਤੇ ਲੱਗਿਆ









## ਨੌਂ ਵਿਧਾਨ ਸਭਾ ਹਲਕਿਆਂ ਵਿੱਚੋਂ ਸੱਤ ’ਤੇ ‘ਆਪ’ ਕਾਬਜ਼; ਇੱਕ ’ਤੇ ਕਾਂਗਰਸ ਅਤੇ ਇੱਕ ’ਤੇ ਅਕਾਲੀ ਦਲ ਦਾ ਕਬਜ਼ਾ

ਅੰਮ੍ਰਿਤਸਰ : ਅੰਮ੍ਰਿਤਸਰ ਲੋਕ ਸਭਾ ਹਲਕਾ ਜਿਸ ਨੇ ਕਈ ਨਾਮਵਰ ਆਗੂ ਜਿਤਾਏ ਅਤੇ ਕਈ ਆਗੂਆਂ ਨੂੰ ਧੋਬੀ ਪਟਕਾ ਵੀ ਦਿੱਤਾ ਹੈ। ਹੁਣ 18ਵੀਂ ਲੋਕ ਸਭਾ ਚੋਣ ਲਈ ਇੱਥੋਂ ਛੇ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰ ਮੈਦਾਨ ਵਿੱਚ ਨਿੱਤਰ ਚੁੱਕੇ ਹਨ। ਇਨ੍ਹਾਂ ਵਿੱਚ ਕਾਂਗਰਸ ਵੱਲੋਂ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਮੁੜ ਉਮੀਦਵਾਰ ਹਨ। ਭਾਜਪਾ ਵੱਲੋਂ ਤਰਨਜੀਤ ਸਿੰਘ ਸੰਧੂ, ਆਮ ਆਦਮੀ ਪਾਰਟੀ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ , ਅਕਾਲੀ ਦਲ ਅੰਮ੍ਰਿਤਸਰ (ਮਾਨ ਦਲ) ਵੱਲੋਂ ਈਮਾਨ ਸਿੰਘ ਮਾਨ ਅਤੇ ਸੀਪੀਆਈ ਤੇ ਸੀਪੀਐੱਮ ਵੱਲੋਂ ਸਾਂਝੇ ਉਮੀਦਵਾਰ ਵਜੋਂ ਦਸਵਿੰਦਰ ਕੌਰ ਮੈਦਾਨ ਵਿੱਚ ਹਨ। ਇਸ ਤੋਂ ਇਲਾਵਾ ਕੁਝ ਆਜ਼ਾਦ ਉਮੀਦਵਾਰ ਵੀ ਮੈਦਾਨ ਵਿੱਚ ਹਨ। ਇਸ ਵਾਰ ਇੱਥੇ ਬਹੁਕੋਣਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ।

ਗੁਰਜੀਤ ਸਿੰਘ ਔਜਲਾ ਇਸ ਲੋਕ ਸਭਾ ਹਲਕੇ ਤੋਂ ਤੀਜੀ ਵਾਰ ਕਾਂਗਰਸ ਲਈ ਚੋਣ ਲੜ ਰਹੇ ਹਨ। ਉਨ੍ਹਾਂ ਨੇ 2017 ਅਤੇ 2019 ਵਿੱਚ ਭਾਜਪਾ ਦੇ ਉਮੀਦਵਾਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਹਰਦੀਪ ਸਿੰਘ ਪੁਰੀ ਕੇਂਦਰੀ ਮੰਤਰੀ ਨੂੰ ਵੱਡੇ ਫਰਕ ਨਾਲ ਹਰਾਇਆ ਸੀ। ਭਾਜਪਾ ਦੇ ਤਰਨਜੀਤ ਸਿੰਘ ਸੰਧੂ ਸਾਬਕਾ ਰਾਜਦੂਤ ਹਨ ਅਤੇ ਉਹ ਅਮਰੀਕਾ ਵਿੱਚ ਭਾਰਤੀ ਰਾਜਦੂਤ ਰਹੇ ਹਨ। ਉਹ ਸਵਰਗੀ ਸਿੱਖ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਹਨ। ਉਨ੍ਹਾਂ ਦੇ ਪਿਤਾ ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਰਹੇ ਹਨ। ਤਰਨਜੀਤ ਸਿੰਘ ਸੰਧੂ ਪਹਿਲੀ ਵਾਰ ਚੋਣ ਲੜ ਰਹੇ ਹਨ ਅਤੇ ਉਨ੍ਹਾਂ ਨੂੰ ਇਹ ਸਾਬਤ ਕਰਨ ਲਈ ਜ਼ੋਰ ਲਾਉਣਾ ਪੈ ਰਿਹਾ ਹੈ ਕਿ ਉਹ ਬਾਹਰੋਂ ਆਏ ਉਮੀਦਵਾਰ ਨਹੀਂ ਸਗੋਂ ਅੰਮ੍ਰਿਤਸਰ ਦੇ ਵਾਸੀ ਹਨ। ਆਪਣੀ ਪਛਾਣ ਦੀ ਸਥਾਪਤੀ ਲਈ ਉਨ੍ਹਾਂ ਆਪਣੇ ਨਾਂ ਦੇ ਨਾਲ ‘ਸੰਧੂ ਸਮੁੰਦਰੀ’ ਵੀ ਜੋੜ ਲਿਆ ਹੈ। ਆਮ ਆਦਮੀ ਪਾਰਟੀ ਦੇ ਕੁਲਦੀਪ ਸਿੰਘ ਧਾਲੀਵਾਲ ਇਸ ਵੇਲੇ ਪੰਜਾਬ ਸਰਕਾਰ ਵਿੱਚ ਕੈਬਿਨਟ ਮੰਤਰੀ ਹਨ। ਉਹ ਲੋਕ ਸਭਾ ਚੋਣ ਦੂਜੀ ਵਾਰ ਲੜ ਰਹੇ ਹਨ ਇਸ ਤੋਂ ਪਹਿਲਾਂ 2019 ਵਿੱਚ ਉਨ੍ਹਾਂ ਆਮ ਆਦਮੀ ਪਾਰਟੀ ਵੱਲੋਂ ਚੋਣ ਲੜੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਹ ਅਜਨਾਲਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ ਪਹਿਲਾਂ ਭਾਜਪਾ ਵਿੱਚ ਸਨ ਅਤੇ ਹੁਣ ਅਕਾਲੀ ਦਲ ਵਿੱਚ ਹਨ। ਉਹ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਵਿੱਚ ਦੋ ਵਾਰ ਕੈਬਨਿਟ ਮੰਤਰੀ ਰਹੇ ਹਨ। ਉਹ ਪਹਿਲੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਮਾਨ ਦਲ ਵੱਲੋਂ ਈਮਾਨ ਸਿੰਘ ਮਾਨ ਚੋਣ ਲੜ ਰਹੇ ਹਨ ਅਤੇ ਇਹ ਉਨ੍ਹਾਂ ਦੀ ਪਹਿਲੀ ਚੋਣ ਹੈ। ਉਹ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਹਨ। ਖੱਬੇ ਪੱਖੀ ਧਿਰਾਂ ਸੀਪੀਆਈ ਅਤੇ ਸੀਪੀਐੱਮ ਵੱਲੋਂ ਸਾਂਝੇ ਉਮੀਦਵਾਰ ਵੱਜੋਂ ਦਸਵਿੰਦਰ ਕੌਰ ਮੈਦਾਨ ਵਿੱਚ ਹਨ। ਉਹ ਸੀਪੀਆਈ ਵੱਲੋਂ ਤੀਜੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਉਹ ਘਰੇਲੂ ਮਜ਼ਦੂਰ ਔਰਤਾਂ ਦੀ ਬਣੀ ਜਥੇਬੰਦੀ ਦੀ ਕੌਮੀ ਪ੍ਰਧਾਨ ਵੀ ਹਨ। ਰੇਸ਼ਮ ਸਿੰਘ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ ਜੋ ਕਿ 2022 ਵਿੱਚ ਆਮ ਆਦਮੀ ਪਾਰਟੀ ਨਾਲ ਜੁੜੇ ਰਹੇ ਹਨ।

# ਮੈਂ ‘ਬੰਬੇ ਮੱਲ੍ਹਮ’ ਵਾਂਗ ਫੌਰੀ ਅਸਰ ਕਰਦਾ ਹਾਂ: ਰਾਜਾ ਵੜਿੰਗ

## ਕਾਂਗਰਸ ਦੇ ਉਮੀਦਵਾਰ ਨਾਲ ਚੋਣ ਮੈਦਾਨ ’ਚ ਧੀ-ਪੁੱਤ ਵੀ ਉਤਰੇ

ਜਗਰਾਉਂ : ਪੰਜਾਬ ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਤੋਂ ਲੋਕ ਸਭਾ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਉਹ ਪਹਿਲੇ ਸਮੇਂ ’ਚ ਵਿਕਦੀ ‘ਬੰਬੇ ਮੱਲ੍ਹਮ’ ਵਰਗੇ ਹਨ ਜਿਹੜਾ ਹਰ ਤਰ੍ਹਾਂ ਦੇ ਜ਼ਖ਼ਮ ’ਤੇ ਫੌਰੀ ਅਸਰ ਕਰਦਾ ਹੁੰਦਾ ਸੀ। ਉਨ੍ਹਾਂ ਦੀ ਵੀ ਜਦੋਂ ਲੋਕਾਂ ਨੂੰ ਲੋੜ ਪਵੇਗੀ ਤਾਂ ਉਹ ਅੱਧੀ ਰਾਤ ਨੂੰ ਵੀ ਲੋਕਾਂ ਦੀ ਸੇਵਾ ’ਚ ਹਾਜ਼ਰ ਹੋਣਗੇ। ਉਹ ਜਗਰਾਉਂ ਦੇ ਵਾਰਡ ਨੰਬਰ ਛੇ, ਇਕ ਅਤੇ ਗਿਆਰਾਂ ’ਚ ਚੋਣ ਜਲਸਿਆਂ ਦੌਰਾਨ ਸੰਬੋਧਨ ਕਰ ਰਹੇ ਸਨ। ਵਾਰਡ ਨੰਬਰ ਛੇ ’ਚ ਕਾਂਗਰਸੀ ਕੌਂਸਲਰ ਜਰਨੈਲ ਸਿੰਘ ਲੋਹਟ ਨੇ ਭਰਵਾਂ ਇਕੱਠ ਕੀਤਾ। ਇਸੇ ਤਰ੍ਹਾਂ ਇਕ ਨੰਬਰ ਵਾਰਡ ’ਚ ਮਹਿਲਾ ਕੌਂਸਲਰ ਗੁਰਪ੍ਰੀਤ ਕੌਰ ਤਤਲਾ ਅਤੇ ਗਿਆਰਾਂ ਨੰਬਰ ’ਚ ਕੌਂਸਲਰ ਸੁਖਦੇਵ ਕੌਰ ਧਾਲੀਵਾਲ ਨੇ ਚੋਣ ਜਲਸਾ ਕਰਵਾਇਆ। ਇਸ ਸਮੇਂ ਰਾਜਾ ਵੜਿੰਗ ਦੀ ਧੀ ਏਕਮ ਵੜਿੰਗ ਅਤੇ ਪੁੱਤਰ ਅਮਾਨ ਵੜਿੰਗ ਵੀ ਹਾਜ਼ਰ ਰਹੇ। ਰਾਜਾ ਵੜਿੰਗ ਨੇ ਆਖਿਆ ਕਿ ਉਨ੍ਹਾਂ ਦੀ ਮਾਂ ਨੇ ਲਾਡ ’ਚ ਰਾਜਾ ਨਾਂ ਜ਼ਰੂਰ ਰੱਖਿਆ ਪਰ ਉਹ ਇਕ ਸਾਧਾਰਨ ਜਿਹੇ ਪਰਿਵਾਰ ’ਚੋਂ ਹਨ। ਉਨ੍ਹਾਂ ਨੇ ਚੋਣ ਜਲਸਿਆਂ ਦੌਰਾਨ ਜਿੱਤ ਕੇ ਸੰਸਦ ’ਚ ਪੰਜਾਬ ਦੀ ਆਵਾਜ਼ ਚੁੱਕਣ ਅਤੇ ਲੋਕਾਂ ਦੇ ਹੱਕ ਦੀ ਗੱਲ ਕਰਨ ਦਾ ਭਰੋਸਾ ਦਿੱਤਾ। ਭਰਵੇਂ ਇਕੱਠ ਲਈ ਉਨ੍ਹਾਂ ਕੌਂਸਲਰ ਜਰਨੈਲ ਸਿੰਘ ਲੋਹਟ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਾਬਕਾ ਜ਼ਿਲ੍ਹਾ ਪ੍ਰਧਾਨ ਕਰਨਜੀਤ ਸਿੰਘ ਸੋਨੀ ਗਾਲਿਬ, ਪ੍ਰੀਤਮ ਸਿੰਘ ਅਖਾੜਾ, ਕਾਮਰੇਡ ਰਵਿੰਦਰਪਾਲ ਰਾਜੂ, ਪ੍ਰਸ਼ੋਤਮ ਲਾਲ ਖ਼ਲੀਫਾ, ਜਤਿੰਦਰਪਾਲ ਰਾਣਾ, ਸਾਬਕਾ ਚੇਅਰਮੈਨ ਗੋਪਾਲ ਸ਼ਰਮਾ ਆਦਿ ਨੇ ਵੀ ਸੰਬੋਧਨ ਕੀਤਾ।



# ਮੁੱਦਿਆਂ ਦੀ ਥਾਂ ਚਿਹਰਿਆਂ ’ਤੇ ਚੋਣਾਂ ਲੜ ਰਹੀਆਂ ਨੇ ਸਿਆਸੀ ਧਿਰਾਂ



ਮੋਗਾ : ਲੋਕ ਸਭਾ ਚੋਣਾਂ ਲਈ ਸੂਬੇ ਵਿੱਚ ਪ੍ਰਚਾਰ ਮੁਹਿੰਮ ਪੂਰੇ ਸਿਖਰ ’ਤੇ ਹੈ। ਵਰਤਮਾਨ ਸਮੇਂ ਪੰਜਾਬ ’ਚ ਧਰਤੀ ਹੇਠਲੇ ਪਾਣੀ ਦਾ ਡਿੱਗ ਰਿਹਾ ਪੱਧਰ, ਐੱਮਐੱਸਪੀ ’ਤੇ ਕਾਨੂੰਨੀ ਗਾਰੰਟੀ, ਕਿਸਾਨ-ਮਜ਼ਦੂਰ ਖੁਦਕੁਸ਼ੀਆਂ, ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਤੇ ਨੌਜਵਾਨਾਂ ਵਿੱਚ ਪਰਵਾਸ ਦਾ ਰੁਝਾਨ ਬਾਰੇ ਸਿਆਸੀ ਧਿਰਾਂ ਚੁੱਪ ਹਨ। ਫ਼ਰੀਦਕੋਟ ਰਾਖਵਾਂ ਹਲਕੇ ਤੋਂ ਸਾਰੀਆਂ ਸਿਆਸੀ ਧਿਰਾਂ ਦੇ ਉਮੀਦਵਾਰ ਵਿਰੋਧੀਆਂ ਖ਼ਿਲਾਫ਼ ਸਿੱਧੀ ਦੂਸ਼ਣਬਾਜ਼ੀ ਤੋਂ ਬਚ ਕੇ ਸੇਵਾ ਦਾ ਮੌਕਾ ਮੰਗ ਰਹੇ ਹਨ। ਫ਼ਰੀਦਕੋਟ ਰਾਖਵਾਂ ਹਲਕੇ ਤੋਂ ‘ਆਪ’ ਉਮੀਦਵਾਰ ਕਰਮਜੀਤ ਅਨਮੋਲ ਕਿਸੇ ਉਮੀਦਵਾਰ ਖ਼ਿਲਾਫ਼ ਬੋਲਣ ਦੀ ਥਾਂ ਦੱਬਵੀਂ ਸੁਰ ਨਾਲ ਮੋਦੀ ਸਰਕਾਰ ਖ਼ਿਲਾਫ਼ ਨੋਟਬੰਦੀ ਤੇ ਮਹਿੰਗਾਈ ਨੂੰ ਨਿਸ਼ਾਨਾ ਬਣਾ ਕੇ ‘ਮਾਨ’ ਸਰਕਾਰ ਦੇ ਨਾਂ ਅਤੇ ਸਰਕਾਰ ਦੀ ਕਰੀਬ 2 ਸਾਲ ਦੀ ਕਾਰਗੁਜ਼ਾਰੀ ਨੂੰ ਲੈ ਕੇ ਵੋਟਾਂ ਮੰਗਦੇ ਹੋਏ ਆਪਣੀ ਭਵਿੱਖ ਦੀ ਯੋਜਨਾ ਤੇ ਵਿਕਾਸ ਕਾਰਜਾਂ ਨੂੰ ਵੋਟਰਾਂ ਮੂਹਰੇ ਰੱਖ ਰਹੇ ਹਨ। ਭਾਜਪਾ ਉਮੀਦਵਾਰ ਹੰਸ ਰਾਜ ਹੰਸ ਕਿਸੇ ਵੀ ਵਿਰੋਧੀ ਉਮੀਦਵਾਰ ਬਾਰੇ ਕੋਈ ਖੁਲਾਸਾ ਕਰਨ ਤੋਂ ਪ੍ਰਹੇਜ਼ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕਤੰਤਰ ’ਚ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਸੰਵਿਧਾਨਕ ਹੱਕ ਹੈ ਪਰ ਜਿਸ ਧੀਰਜ ਨਾਲ ਸੰਵਾਦ ਹੋਣਾ ਚਾਹੀਦਾ ਹੈ, ਉਹ ਗੁੰਮ ਹੈ ਅਤੇ ਬੜਬੋਲਾਪਣ ਤੇ ਭਾਸ਼ਾ ਪ੍ਰਦੂਸ਼ਣ ਭਾਰੂ ਹੋ ਰਿਹਾ ਹੈ। ਕਾਂਗਰਸ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਦਬਵੀਂ ਸੁਰ ’ਚ ਆਪਣੇ ਵਿਰੋਧੀ ‘ਆਪ’ ਉਮੀਦਵਾਰ ’ਤੇ ਵਿਅੰਗ ਕੱਸ ਰਹੇ ਹਨ ਕਿ ਉਹ ਜਿਥੇ ਜਾਂਦੇ ਹਨ ਗੀਤ ‘ਨੀ ਮੈਂ ਚਾਦਰ ਕੱਢਦੀ’ ਸੁਣਾ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਇਥੇ ਚੋਣ ਜਲਸੇ ’ਚ 22 ਮਿੰਟ ਦੇ ਭਾਸ਼ਣ ਵਿੱਚ 12 ਮਿੰਟ ਚੁਟਕਲੇ ਸੁਣਾਏ। ਉਹ ਆਖਦੇ ਹਨ ਕਿ ‘ਆਪ’ ਸਰਕਾਰ ਨੇ ਲੋਕਾਂ ਨੂੰ ਗੁਮਰਾਹ ਕੀਤਾ ਹੈ। ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਨੇ ਹਾਲੇ ਤੱਕ ਇਕ ਵੀ ਸ਼ਬਦ ਆਪਣੇ ਵਿਰੋਧੀ ਉਮੀਦਵਾਰਾਂ ਬਾਰੇ ਨਹੀਂ ਬੋਲਿਆ। ਉਹ ਚੋਣ ਜਲਸਿਆਂ ’ਚ ਆਪਣੀ ਗੱਲ ਹੀ ਰੱਖਦੇ ਹਨ ਤੇ ਸੇਵਾ ਦਾ ਇਕ ਮੌਕਾ ਮੰਗ ਰਹੇ ਹਨ। ਉਹ ਕਿਸੇ ਵਿਰੋਧੀ ਨੂੰ ਭੰਡਣ ਦੀ ਥਾਂ ਆਪਣੇ ਪਿਤਾ ਸ਼ੀਤਲ ਸਿੰਘ ਦੇ ਲਗਾਤਾਰ ਤਿੰਨ ਵਾਰ ਵਿਧਾਇਕ ਅਤੇ ਨਾਨਾ ਮਰਹੂਮ ਕੈਬਨਿਟ ਮੰਤਰੀ ਗੁਰਦੇਵ ਸਿੰਘ ਬਾਦਲ ਵੱਲੋਂ ਸਿਆਸਤ ’ਚ ਕੀਤੀ ਸੇਵਾ ਦਾ ਫਲ ਮੰਗ ਰਹੇ ਹਨ।

# ਗੁਰੂਘਰਾਂ ’ਚ ਆਰਐੱਸਐੱਸ ਦੀ ਸੋਚ ਲਾਗੂ ਕਰਨਾ ਚਾਹੁੰਦੀ ਹੈ ਭਾਜਪਾ: ਸੁਖਬੀਰ

ਅੰਮ੍ਰਿਤਸਰ/ਚੇਤਨਪੁਰਾ : ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਉਮੀਦਵਾਰ ਅਨਿਲ ਜੋਸ਼ੀ ਦੇ ਹੱਕ ਵਿੱਚ ਹਲਕਾ ਅਜਨਾਲਾ ਦੇ ਇੰਚਾਰਜ ਜੋਧ ਸਿੰਘ ਸਮਰਾ ਦੀ ਅਗਵਾਈ ਹੇਠ ਪਿੰਡ ਦਾਲਮ ਦੇ ਪੈਲੇਸ ਵਿੱਚ ਅੱਜ ਚੋਣ ਰੈਲੀ ਕੀਤੀ ਗਈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਸਿਰਫ਼ ਪੰਜਾਬ ਨੂੰ ਲੁੱਟਣ ਲਈ ਇਥੇ ਆਈਆਂ ਹਨ ਤੇ ਇਸ ਦੀ ਉਦਾਹਰਨ ਸਭ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਅੱਜ ਤੋਂ 40 ਸਾਲ ਪਹਿਲਾਂ ਹਰਿਮੰਦਰ ਸਾਹਿਬ ’ਤੇ ਹਮਲਾ ਕਰਵਾਇਆ ਤੇ ਦਿੱਲੀ ਵਿੱਚ ਸਿੱਖ ਕਤਲੇਆਮ ਕਰਵਾਇਆ। ਉਨ੍ਹਾਂ ਕਿਹਾ ਕਿ ਭਾਜਪਾ ਜਦੋਂ ਅਕਾਲੀ ਦਲ ਨਾਲ ਸੀ ਤਾਂ ਉਨ੍ਹਾਂ ਦੀ ਹਿੰਮਤ ਨਹੀਂ ਸੀ ਪਈ ਕਿ ਸਿੱਖ ਪੰਥ ’ਤੇ ਹਮਲਾ ਕਰ ਸਕੀਏ ਪਰ ਜਦੋਂ ਅਕਾਲੀ ਦਲ ਨੇ ਕਿਸਾਨੀ ਅੰਦੋਲਨ ਕਰਕੇ ਉਨ੍ਹਾਂ ਦਾ ਸਾਥ ਛੱਡਿਆ ਤਾਂ ਉਨ੍ਹਾਂ ਦਿੱਲੀ, ਮਹਾਰਾਸ਼ਟਰ ਤੇ ਹੋਰ ਚੁਣੀਆਂ ਹੋਈਆਂ ਗੁਰੂ ਘਰਾਂ ਦੀਆਂ ਕਮੇਟੀਆਂ ਤੇ ਮੈਂਬਰ ਤੋੜ ਕੇ ਉਥੇ ਆਰਐੱਸਐੱਸ ਦੀ ਸੋਚ ਨੂੰ ਲਾਗੂ ਕਰ ਦਿੱਤਾ। ਉਨ੍ਹਾਂ ‘ਆਪ’ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਇਨ੍ਹਾਂ ਬਾਰੇ ਬਹੁਤ ਰੌਲਾ ਪਾਇਆ ਪਰ ਲੋਕਾਂ ਨੇ ਪੰਜਾਬ ਦੀ ਵਾਗਡੋਰ ਇਨ੍ਹਾਂ ਨੂੰ ਸੌਂਪ ਦਿੱਤੀ ਜਿਸ ਦੇ ਨਤੀਜੇ ਅੱਜ ਸਭ ਨੂੰ ਭੁਗਤਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਪੰਜਾਬ ਵਿੱਚ ਬੇਅਦਬੀਆਂ ਹੋ ਰਹੀਆਂ ਹਨ, ਘਰ-ਘਰ ਨਸ਼ਾ ਆਮ ਹੋ ਗਿਆ ਹੈ ਪਰ ਹੁਣ ਮੰਡ, ਦਾਦੂਵਾਲ ਵਰਗਾ ਕੋਈ ਨਹੀਂ ਬੋਲ ਰਿਹਾ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ‘ਆਪ’, ਕਾਂਗਰਸ ਤੇ ਭਾਜਪਾ ਦਾ ਪੰਜਾਬ ਵਿੱਚ ਗੁਪਤ ਸਮਝੌਤਾ ਹੋਇਆ ਹੈ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬੀਆਂ ਤੇ ਖਾਸ ਕਰ ਸਿੱਖਾਂ ਲਈ ਬੜਾ ਘਾਤਕ ਸਿੱਧ ਹੋ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਸਾਡੇ ਕਿਸਾਨਾਂ ਨੂੰ ਦਿੱਲੀ ਜਾਣ ਲਈ ਬਾਰਡਰ ਨਹੀਂ ਟੱਪਣ ਦਿੱਤੇ ਤੇ ਤੁਸੀਂ ਵੀ ਇਨ੍ਹਾਂ ਪਾਰਟੀਆਂ ਨੂੰ ਪੰਜਾਬ ਵਿੱਚ ਵੜਨ ਨਾ ਦਿਓ। ਇਸ ਮੌਕੇ ਅਨਿਲ ਜੋਸ਼ੀ, ਸ਼੍ਰੋਮਣੀ ਕਮੇਟੀ ਮੈਂਬਰ ਮਾ. ਅਮਰੀਕ ਸਿੰਘ ਵਿਛੋਆ, ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਰਾਜਾ ਲਦੇਹ, ਪ੍ਰਧਾਨ ਜੋਰਾਵਰ ਸਿੰਘ ਅਜਨਾਲਾ, ਮੁਖਤਾਰ ਸਿੰਘ ਸੂਫੀਆਂ, ਮਾਸਟਰ ਪ੍ਰੀਤ ਸਿੰਘ ਬਰਲਾਸ, ਬੀਬੀ ਸਵਾਰਨ ਕੌਰ ਤੇੜਾ, ਐਡਵੋਕੇਟ ਮਨਜੀਤ ਸਿੰਘ ਨਿੱਜਰ, ਈਸਾਈ ਆਗੂ ਬੰਟੀ ਅਜਨਾਲਾ ਨੇ ਸੰਬੋਧਨ ਕੀਤਾ। ਇਸ ਦੌਰਾਨ ਵੱਖ-ਵੱਖ ਪਾਰਟੀਆਂ ਦੇ ਵਰਕਰ ਅਕਾਲੀ ਦਲ ਵਿੱਚ ਸ਼ਾਮਲ ਹੋਏ।




**ਅਮਿਤ ਸ਼ਾਹ ਅਤੇ ਭਗਵੰਤ ਮਾਨ ਦੋਵੇਂ ਇੱਕਜੁਟ: ਸੁਖਬੀਰ**

ਅੰਮ੍ਰਿਤਸਰ: ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ ਦੇ ਚੋਣ ਪ੍ਰਚਾਰ ਨੂੰ ਹੁਲਾਰਾ ਦੇਣ ਆਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਅਜਨਾਲਾ, ਰਾਜਾਸਾਂਸੀ ਅਤੇ ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਿਆ ਵਿੱਚ ਕਈ ਥਾਵਾਂ ’ਤੇ ਰੈਲੀਆਂ ਕੀਤੀਆਂ। ਅੱਜ ਸ਼ਾਮ ਨੂੰ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲਬਾਤ ਚਲ ਰਹੀ ਹੈ ਤੇ ਇਹ ਹੁਣ ਕੁਝ ਹੀ ਦਿਨਾਂ ਦੀ ਗੱਲ ਹੈ ਕਿ ਉਹ ‘ਆਪ’ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਛੱਡ ਕੇ ਪੰਜਾਬ ਵਿਚ ਆਪਣੀ ਵੱਖਰੀ ਸਰਕਾਰ ਭਾਜਪਾ ਦੀ ਹਮਾਇਤ ਨਾਲ ਬਣਾਉਣਗੇ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਅਤੇ ਭਗਵੰਤ ਮਾਨ ਇੱਕਮੁਕ ਹਨ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਭਾਜਪਾ ਅਤੇ ਇਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਮੰਗ ਪੱਤਰ ਵਿੱਚ ਕਿਸਾਨਾਂ ਨੂੰ ਦੇਸ਼ ਵਿਰੋਧੀ ਕਹਿਣ ਅਤੇ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਵੱਲੋਂ ਕਿਸਾਨਾਂ ਨੂੰ ਦੇਸ਼ ਵਿਰੋਧੀ ਕਹਿਣ ਦੀ ਨਿਖੇਧੀ ਕੀਤੀ। ਇਸ ਦੌਰਾਨ ਅਨਿਲ ਜੋਸ਼ੀ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਧਾਲੀਵਾਲ ਦੀ ਆਲੋਚਨਾ ਕਰਦਿਆਂ ਅਕਾਲੀ ਦਲ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180





**PRITPAL KAUR**
Editor-In-Chief
+1 201-312-4180
+1 917-328-8436



**ADVISORY BOARD**

ਜੋਗਾ ਸਿੰਘ
*****************************
ਜਸਵਿੰਦਰ ਸਿੰਘ ਨਿਊਜਰਸੀ
*****************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
*****************************
ਜੀ. ਐਸ ਸਿੰਘ ਪੰਜਾਬ
*****************************
ਸੁਜਾਨ ਨਾਗ, ਯੂ.ਐਸ.ਏ.
*******************
ਸਰਬਜੀਤ ਕੌਰ ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
*****************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
*****************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।



Preetnamausa@gmail.com
www.preetnama.com


# ਭਾਰਤੀ ਸਿਆਸਤ 'ਚੋਂ ਗ਼ਾਇਬ ਹੋ ਰਿਹੈ ਗ਼ਰੀਬੀ ਦਾ ਮੁੱਦਾ

**ਕੁਲਦੀਪ ਸਿੰਘ**

ਭਾਰਤੀ ਸਿਆਸਤ ਦੀ ਅਜੋਕੀ ਸਥਿਤੀ ਬਹੁਤੀ ਚੰਗੀ ਨਹੀਂ। ਸਿਆਸੀ ਪਾਰਟੀਆਂ ਦਾ ਮਕਸਦ ਸਿਰਫ਼ ਸੱਤਾ ਹਾਸਿਲ ਕਰਨ ਤੱਕ ਰਹਿ ਗਿਆ ਹੈ, ਜਿਸ ਲਈ ਤਰ੍ਹਾਂ ਤਰ੍ਹਾਂ ਦੇ ਹੀਲੇ ਵਰਤੇ ਜਾਂਦੇ ਹਨ। ਇਹ ਦੋਸ਼ ਅਕਸਰ ਲੱਗਦੇ ਹਨ ਕਿ ਸੱਤਾ ਹਾਸਿਲ ਕਰਨ ਲਈ ਪਾਰਟੀਆਂ ਵੱਲੋਂ ਪਾਰਟੀ ਫੰਡ ਦੇ ਨਾਂ 'ਤੇ ਸਰਮਾਏਦਾਰ ਲੋਕਾਂ ਤੋਂ ਪੈਸਾ ਇਕੱਠਾ ਕੀਤਾ ਜਾਂਦਾ ਹੈ ਅਤੇ ਸੱਤਾ ਵਿੱਚ ਆਉਣ ਮਗਰੋਂ ਸਰਕਾਰਾਂ ਵੱਲੋਂ ਇਨ੍ਹਾਂ ਧਨਾਢਾਂ ਵੱਲ ਹੀ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦਿਆਂ ਨੂੰ ਪੈਸੇ ਅਤੇ ਅਹੁਦਿਆਂ ਦੇ ਲਾਲਚ ਨਾਲ ਖਰੀਦ ਲਿਆ ਜਾਂਦਾ ਹੈ, ਸਰਕਾਰਾਂ ਤੋੜ ਦਿੱਤੀਆਂ ਜਾਂਦੀਆਂ ਹਨ। ਮੁੱਕਦੀ ਗੱਲ ਇਹ ਹੈ ਕਿ ਦੇਸ਼ ਅਸਲ ਮੁੱਦਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ।

ਭੁਲਾਏ ਜਾ ਰਹੇ ਮੁੱਦਿਆਂ ਵਿੱਚੋਂ ਗ਼ਰੀਬੀ ਦੇਸ਼ ਦਾ ਸਭ ਤੋਂ ਵੱਡਾ ਮੁੱਦਾ ਹੈ। ਇਸ ਮੁੱਦੇ 'ਤੇ ਕੋਈ ਵੀ ਸਰਕਾਰ ਬਹਿਸ ਕਰਨ ਨੂੰ ਤਿਆਰ ਨਹੀਂ ਹੋ ਸਕੀ। ਕਿਸੇ ਵੇਲੇ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਹੁਣ ਵੀ ਭਾਰਤ ਕੋਲ ਅਮੀਰ ਅਤੇ ਵਿਕਾਸਸ਼ੀਲ ਦੇਸ਼ਾਂ ਨਾਲੋਂ ਚੰਗੀ ਉਪਜਾਊ ਧਰਤੀ, ਚੰਗਾ ਵਾਤਾਵਰਨ ਅਤੇ ਮਿਹਨਤੀ ਲੋਕ ਹਨ, ਪਰ ਜੇ ਅਸੀਂ ਗ਼ਰੀਬੀ ਦੇ ਲਿਹਾਜ਼ ਨਾਲ ਦੇਖੀਏ ਤਾਂ ਭਾਰਤ ਗ਼ਰੀਬ ਦੇਸ਼ਾਂ ਦੀ ਪਹਿਲੀ ਕਤਾਰ ਵਿੱਚ ਆਉਂਦਾ ਹੈ। ਦੇਸ਼ ਦੀ ਗ਼ਰੀਬੀ ਦੇ ਬੇਸ਼ੱਕ ਕਈ ਕਾਰਨ ਹੋ ਸਕਦੇ ਹਨ ਪਰ ਗੰਧਲੀ ਅਤੇ ਭ੍ਰਿਸ਼ਟ ਸਿਆਸਤ ਨੂੰ ਇਸ ਦਾ ਸਭ ਤੋਂ ਵੱਡਾ ਕਾਰਨ ਕਹਿਣਾ ਗ਼ਲਤ ਨਹੀਂ ਹੋਵੇਗਾ। ਸਾਡੇ ਦੇਸ਼ ਵਿੱਚ ਜਿਹੜਾ ਦਿਹਾਤੀ ਵਿਅਕਤੀ ਰੋਜ਼ਾਨਾ 33 ਰੁਪਏ ਅਤੇ ਸ਼ਹਿਰੀ ਰੋਜ਼ਾਨਾ 27 ਰੁਪਏ ਖਰਚਦਾ ਹੈ ਸਰਕਾਰ ਉਸ ਨੂੰ ਗ਼ਰੀਬ ਨਹੀਂ ਮੰਨਦੀ। ਜਦੋਂ ਇਹ ਤੱਥ ਪੇਸ਼ ਕਰਦੀ ਰਿਪੋਰਟ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰੰਗਾਰਾਜਨ ਨੇ ਕੇਂਦਰ ਸਰਕਾਰ ਕੋਲ ਪੇਸ਼ ਕੀਤੀ ਤਾਂ ਚਾਰੇ ਪਾਸੇ ਹਾਹਾਕਾਰ ਮੱਚ ਗਈ। ਇੰਨੀ ਰਕਮ ਨਾਲ ਤਾਂ ਇੱਕ ਵਿਅਕਤੀ ਨੂੰ ਅਤਿ ਦੀ ਮਹਿੰਗਾਈ ਦੇ ਸਮੇਂ 'ਚ ਦੋ ਡੰਗ ਦੀ ਸਧਾਰਨ ਰੋਟੀ ਵੀ ਨਹੀਂ ਮਿਲਦੀ ਤਾਂ ਫਿਰ ਉਹ ਗ਼ਰੀਬ ਕਿਵੇਂ ਨਾ ਹੋਏ? ਜੇਕਰ ਸਰਕਾਰਾਂ ਦੀ ਮੰਨੀਏ ਤਾਂ ਭਾਰਤ ਦੀ ਕੁੱਲ 144 ਕਰੋੜ ਆਬਾਦੀ ਵਿੱਚੋਂ ਲਗਭਗ 4 ਕਰੋੜ ਲੋਕ ਗ਼ਰੀਬੀ ਰੇਖਾ ਤੋਂ ਥੱਲੇ ਰਹਿੰਦੇ ਹਨ। ਜੇਕਰ ਇਹ ਸੱਚ ਜ਼ਮੀਨੀ ਪੱਧਰ 'ਤੇ ਦੇਖਿਆ ਜਾਵੇ ਤਾਂ ਇਸ ਦੇ ਅੰਕੜੇ ਹੈਰਾਨੀਜਨਕ ਹੋ ਸਕਦੇ ਹਨ। ਦੇਸ਼ ਵਿੱਚ ਗ਼ਰੀਬਾਂ ਦੀ ਗਿਣਤੀ ਹਰ ਵਰ੍ਹੇ ਵਧਦੀ ਹੀ ਜਾ ਰਹੀ ਹੈ। ਗ਼ਰੀਬੀ ਕਾਰਨ ਹੀ ਦੇਸ਼ ਵਿੱਚ ਭੁੱਖਮਰੀ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਭੁੱਖ ਸਬੰਧੀ ਵਿਸ਼ਵ ਸੂਚੀ 2017 ਵਿੱਚ ਭਾਰਤ ਦਾ 121 ਦੇਸ਼ਾਂ ਵਿੱਚੋਂ 107ਵਾਂ ਸਥਾਨ ਹੈ। ਇਸ ਸੂਚੀ ਵਿੱਚ ਭਾਰਤ ਉੱਤਰੀ ਕੋਰੀਆ, ਇਰਾਨ ਅਤੇ ਬੰਗਲਾਦੇਸ਼ ਤੋਂ ਵੀ ਪੱਛੜ ਗਿਆ ਹੈ, ਪਰ ਪਾਕਿਸਤਾਨ ਅਤੇ ਅਫ਼ਗ਼ਾਨਿਸਤਾਨ ਤੋਂ ਰਤਾ ਮਾਸਾ ਕੁ ਅੱਗੇ ਹੈ। ਕੌਮਾਂਤਰੀ ਖੁਰਾਕ ਨੀਤੀ ਖੋਜ ਸੰਸਥਾ ਨੇ ਇੱਕ ਰਿਪੋਰਟ ਵਿੱਚ ਦੱਸਿਆ ਹੈ ਕਿ ਭਾਰਤ ਵਿੱਚ ਵਧੇਰੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ, ਜਿਸ ਦਾ ਕਾਰਨ ਦੇਸ਼ ਵਿੱਚ ਭੁੱਖਮਰੀ ਦਾ ਪੱਧਰ ਗੰਭੀਰ ਹਾਲਤ ਵਿੱਚ ਪੁੱਜਣਾ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਦੇ ਹਾਕਮਾਂ ਨੇ ਦੇਸ਼ ਵਿੱਚੋਂ ਭੁੱਖਮਰੀ ਅਤੇ ਗ਼ਰੀਬੀ ਤੋਂ ਲੋਕਾਂ ਨੂੰ ਨਿਜ਼ਾਤ ਦਿਵਾਉਣ ਲਈ ਗ਼ਰੀਬੀ ਹਟਾਉ ਜਿਹੇ ਨਾਅਰੇ ਵੀ ਲਗਾਏ। ਗ਼ਰੀਬਾਂ ਲਈ ਭਲਾਈ ਸਕੀਮਾਂ ਵੀ ਸ਼ੁਰੂ ਕੀਤੀਆਂ। ਉਨ੍ਹਾਂ ਨੂੰ ਰੁਜ਼ਗਾਰ ਦੇਣ ਲਈ ਸਮੇਂ ਸਮੇਂ ਯਤਨ ਕੀਤੇ ਪਰ ਇਹ ਨਾਅਰੇ ਅਤੇ ਯੋਜਨਾਵਾਂ ਗ਼ਰੀਬਾਂ ਦਾ ਕੁਝ ਵੀ ਸੰਵਾਰ ਨਹੀਂ ਸਕੀਆਂ। ਜੇਕਰ ਇਨ੍ਹਾਂ ਯੋਜਨਾਵਾਂ ਨੇ ਗ਼ਰੀਬਾਂ ਦਾ ਕੁਝ ਸੰਵਾਰਿਆ ਹੁੰਦਾ ਤਾਂ ਦੇਸ਼ ਵਿੱਚ 'ਹਰੇਕ ਲਈ ਭੋਜਨ' ਵਾਲਾ ਕਾਨੂੰਨ ਪਾਸ ਨਾ ਕਰਨਾ ਪੈਂਦਾ ਅਤੇ ਉਸ ਵਿੱਚ ਦੇਸ਼ ਦੀ ਅੱਧੀ ਤੋਂ ਵੱਧ ਅਬਾਦੀ ਨੂੰ ਸ਼ਾਮਿਲ ਨਾ ਕਰਨਾ ਪੈਂਦਾ। ਇਨ੍ਹਾਂ ਯੋਜਨਾਵਾਂ ਦੇ ਬਾਵਜੂਦ ਦੇਸ਼ ਦਾ ਗ਼ਰੀਬ ਹੋਰ ਗ਼ਰੀਬ ਅਤੇ ਅਮੀਰ ਹੋਰ ਅਮੀਰ ਹੁੰਦਾ ਗਿਆ। ਗ਼ਰੀਬ ਅਮੀਰ ਦਾ ਪਾੜਾ ਦਿਨ-ਬ-ਦਿਨ ਵਧਦਾ ਹੀ ਜਾ ਰਿਹਾ ਹੈ। ਇਨ੍ਹਾਂ ਲੋਕਾਂ ਕੋਲ ਨਾ ਤਾਂ ਖਾਣ ਲਈ ਪੂਰਾ ਭੋਜਨ ਹੈ, ਨਾ ਰਹਿਣ ਲਈ ਮਕਾਨ ਹਨ ਅਤੇ ਨਾ ਪਹਿਨਣ ਲਈ ਯੋਗ ਕੱਪੜਾ। ਭਾਵ ਜ਼ਿੰਦਗੀ ਜਿਊਣ ਲਈ ਲੋੜਾਂ ਪੂਰੀਆਂ ਕਰਨ ਦੇ ਨਾ ਉਹ ਆਪ ਕਾਬਲ ਹੋ ਸਕੇ ਹਨ ਅਤੇ ਨਾ ਹੀ ਸੱਤ ਦਹਾਕਿਆਂ 'ਚ ਸਮੇਂ ਸਮੇਂ ਬਣੀਆਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਨੇ ਉਨ੍ਹਾਂ ਦੀ ਸਾਰ ਲਈ ਹੈ। ਸਰਕਾਰਾਂ ਵੱਲੋਂ ਸਮੇਂ ਸਮੇਂ ਲਾਗੂ ਨੀਤੀਆਂ ਤੇ ਯੋਜਨਾਵਾਂ 'ਹਵਾ 'ਚ ਤਲਵਾਰਾਂ' ਮਾਰਨ ਤੋਂ ਵੱਧ ਹੋਰ ਕੁਝ ਵੀ ਨਹੀਂ। ਗ਼ਰੀਬੀ ਲੋਕਾਂ ਲਈ ਸਰਾਪ ਬਣੀ ਹੋਈ ਹੈ। ਗ਼ਰੀਬ ਅਨਪੜ੍ਹਤਾ ਦੇ ਚੁੰਗਲ ਵਿੱਚੋਂ ਬਾਹਰ ਨਹੀਂ ਆ ਸਕੇ। ਇਨ੍ਹਾਂ ਲੋਕਾਂ ਵਿੱਚੋਂ ਵੱਡੀ ਗਿਣਤੀ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲਿਆਂ ਦੇ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਦੀ ਦੇਸ਼ 'ਚ ਅਬਾਦੀ ਕ੍ਰਮਵਾਰ ਲਗਭਗ 19 ਅਤੇ 12 ਫ਼ੀਸਦੀ ਹੈ। ਇਨ੍ਹਾਂ ਲੋਕਾਂ ਦਾ ਕਿੱਤਾ ਮੁੱਖ ਤੌਰ 'ਤੇ ਮਜ਼ਦੂਰੀ ਹੈ। ਇਨ੍ਹਾਂ ਵਿੱਚੋਂ 55 ਫ਼ੀਸਦੀ ਦਿਹਾੜੀਦਾਰ ਮਜ਼ਦੂਰੀ ਕਰਦੇ ਹਨ ਅਤੇ ਖੇਤ ਮਜ਼ਦੂਰ ਹਨ। ਇਨ੍ਹਾਂ ਵਿੱਚੋਂ ਮਸਾਂ 10 ਫ਼ੀਸਦੀ ਪਰਿਵਾਰਾਂ ਕੋਲ ਫਰਿੱਜ ਆਦਿ ਹਨ ਅਤੇ ਲਗਭਗ 28 ਫ਼ੀਸਦੀ ਅਜਿਹੇ ਪਰਿਵਾਰ ਹਨ ਜਿਨ੍ਹਾਂ ਕੋਲ ਆਪਣੇ ਘਰ ਹਨ। ਇਨ੍ਹਾਂ ਵਿੱਚੋਂ 58 ਫ਼ੀਸਦੀ ਪਰਿਵਾਰ ਬੇਜ਼ਮੀਨੇ ਹਨ। ਜਿਨ੍ਹਾਂ 54 ਫ਼ੀਸਦੀ ਪਰਿਵਾਰਾਂ ਕੋਲ ਆਪਣੇ ਘਰ ਹਨ, ਉਸ ਵਿੱਚ ਇੱਕ ਜਾਂ ਦੋ ਕਮਰੇ ਹੀ ਹਨ। ਅਜਿਹੇ ਹਾਲਾਤ ਵਿੱਚ ਉਨ੍ਹਾਂ ਦਾ ਜੀਵਨ ਜਿਊਣ ਦਾ ਪੱਧਰ ਬਹੁਤ ਹੀ ਨੀਵਾਂ ਹੈ ਕਿਉਂਕਿ ਉਨ੍ਹਾਂ ਵਿੱਚ ਪੀਣ ਦੇ ਸਾਫ਼ ਪਾਣੀ ਜਾਂ ਘਰਾਂ 'ਚ ਪਖਾਨੇ ਬਣਾਉਣ ਦੀ ਸਮਰੱਥਾ ਹਾਲੇ ਤੱਕ ਵੀ ਨਹੀਂ। ਵਧਦੀ ਆਬਾਦੀ ਦਾ ਦੇਸ਼ ਦੀ ਆਰਥਿਕਤਾ ਉੱਤੇ ਭਾਰ ਅਸਹਿਣਯੋਗ ਬਣਦਾ ਜਾ ਰਿਹਾ ਹੈ ਜੋ ਗ਼ਰੀਬੀ ਦਾ ਵੀ ਕਾਰਨ ਬਣਦਾ ਹੈ। ਉੱਪਰੋਂ ਦੇਸ਼ ਦੀ ਸਿਆਸਤ 'ਚ ਵਧ ਰਿਹਾ ਗੰਧਲਾਪਣ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗ਼ਰੀਬ ਵਿਰੋਧੀ ਸਰਕਾਰੀ ਨੀਤੀਆਂ ਅਤੇ ਗ਼ਰੀਬਾਂ ਲਈ ਲੋਕ ਭਲਾਈ ਯੋਜਨਾਵਾਂ ਦੀ ਥੁੜ ਆਮ ਲੋਕਾਂ ਨੂੰ ਗ਼ਰੀਬ ਬਣਾ ਰਹੀ ਹੈ। ਸਮਾਜ ਵਿਚਲੇ ਭੇਦ-ਭਾਵ ਅਤੇ ਧਨ ਦੀ ਗ਼ੈਰ-ਵਾਜਬ ਵੰਡ ਨੇ ਦੇਸ਼ ਦੇ ਆਮ ਲੋਕਾਂ ਨੂੰ ਗ਼ਰੀਬੀ ਰੇਖਾ ਵੱਲ ਧੱਕਣ ਵਿੱਚ ਖ਼ਾਸ ਭੂਮਿਕਾ ਨਿਭਾਈ ਹੈ। ਗ਼ਰੀਬਾਂ ਲਈ ਨਾ ਬਰਾਬਰ ਦੀ ਸਿੱਖਿਆ ਹੈ, ਨਾ ਲੋੜੀਂਦੀਆਂ ਸਿਹਤ ਸਹੂਲਤਾਂ ਹਨ। ਜੀਵਨ ਜਿਊਣ ਦੀਆਂ ਲੋੜਾਂ ਦੀ ਥੁੜ ਉਨ੍ਹਾਂ ਨੂੰ ਨਿਰਾਸ਼ਾ ਵੱਲ ਧੱਕ ਰਹੀ ਹੈ। ਅਸਲ ਵਿੱਚ ਗ਼ਰੀਬੀ ਅਤੇ ਇਸ ਦੀ ਉਪਜ ਭੁੱਖਮਰੀ ਭਾਰਤ ਵਰਗੇ ਲੋਕਤੰਤਰ ਦੇ ਮੱਥੇ ਉੱਤੇ ਕਲੰਕ ਹੈ। ਇਸੇ ਲਈ ਥੁੜਾਂ ਮਾਰੇ ਲੋਕਾਂ ਦਾ ਦੇਸ਼ ਦੀ ਸਿਆਸਤ ਤੋਂ ਵਿਸ਼ਵਾਸ ਉੱਠਦਾ ਜਾ ਰਿਹਾ ਹੈ। ਗ਼ਰੀਬੀ ਕਾਰਨ ਲੋਕ ਅੰਧ-ਵਿਸ਼ਵਾਸਾਂ 'ਚ ਉਲਝ ਰਹੇ ਹਨ। ਸਮਾਜ ਵਿਰੋਧੀ ਸੰਸਥਾਵਾਂ ਦੇ ਚੁੰਗਲ 'ਚ ਫਸ ਕੇ ਆਪਣੇ ਮਨ ਲਈ ਸਕੂਨ ਲੱਭਣ ਦਾ ਰਾਹ ਫੜ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਜ਼ਿੰਦਗੀ ਦੀਆਂ ਸਹੂਲਤਾਂ ਤੋਂ ਵਿਰਵੇ ਇਨ੍ਹਾਂ ਲੋਕਾਂ ਲਈ ਬਿਨਾਂ ਭੇਦ-ਭਾਵ ਤੋਂ ਭਲਾਈ ਯੋਜਨਾਵਾਂ ਦੇ ਨਾਲ ਨਾਲ ਰੁਜ਼ਗਾਰ ਦੇ ਸਾਧਨ ਅਤੇ ਮੌਕੇ ਮੁਹੱਈਆ ਕੀਤੇ ਜਾਣ। ਸਿਰਫ਼ ਦਾਲ, ਆਟਾ ਤੇ ਬਿਜਲੀ ਮੁਫ਼ਤ ਕੀਤਿਆਂ ਅਤੇ ਸਿਰਫ਼ ਵੋਟ ਰਾਜਨੀਤੀ ਤਹਿਤ ਯੋਜਨਾਵਾਂ ਲਾਗੂ ਕੀਤਿਆਂ ਹੀ ਲੋਕਾਂ ਨੂੰ ਗ਼ਰੀਬੀ ਦੀ ਦਲਦਲ ਵਿੱਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਦੇਸ਼ ਦੀ ਗ਼ਰੀਬੀ ਨੂੰ ਦੂਰ ਕਰਨ ਲਈ ਸਰਕਾਰਾਂ ਦੀ ਨੀਅਤ ਸਾਫ਼ ਹੋਣੀ ਲਾਜ਼ਮੀ ਹੈ।




# ਪੰਜਾਬ:ਪਾਰਟੀ ਕਾਡਰ ਦੀ ਬਜਾਇ 'ਬਾਹਰਲਿਆਂ' ਉੱਤੇ ਦਾਅ ਖੇਡਣ ਨਾਲ ਕੀ ਪੂਰਾ ਹੋ ਸਕੇਗਾ ਭਾਜਪਾ ਦਾ 'ਮਿਸ਼ਨ ਪੰਜਾਬ'





ਸਾਬਕਾ ਲੋਕ ਸਭਾ ਮੈਂਬਰ ਅਤੇ ਅਦਾਕਾਰ ਵਿਨੋਦ ਖੰਨਾ ਅਤੇ ਸਨੀ ਦਿਓਲ 'ਤੇ ਦਾਅ ਖੇਡਣ ਦੇ ਦਹਾਕਿਆਂ ਬਾਅਦ ਭਾਜਪਾ ਨੇ ਗੁਰਦਾਸਪੁਰ ਸੀਟ ਤੋਂ ਪਾਰਟੀ ਦੇ ਸਥਾਨਕ ਵਰਕਰ ਦਿਨੇਸ਼ ਸਿੰਘ ਬੱਬੂ ਨੂੰ ਲੋਕ ਸਭਾ ਦੀ ਟਿਕਟ ਦਿੱਤੀ ਹੈ। ਹਾਲਾਂਕਿ,ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਉਪਰ ਭਾਜਪਾ ਦੇ ਜ਼ਿਆਦਾਤਰ ਉਮੀਦਵਾਰ ਕਾਂਗਰਸ, ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਪਿਛੋਕੜ ਵਾਲੇ ਹਨ। ਪਾਰਟੀ 13 ਸੀਟਾਂ ਵਿੱਚੋਂ 9 ਲਈ ਉਮੀਦਵਾਰ ਐਲਾਨ ਚੁੱਕੀ ਹੈ, ਦਿਨੇਸ਼ ਬੱਬੂ ਅਤੇ ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਛੱਡ ਕੇ ਬਾਕੀ 7 ਜਣੇ ਪੈਰਾਸ਼ੂਟ ਰਾਹੀਂ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ। ਭਾਜਪਾ ਪੰਜਾਬ ਵਿੱਚ ਲਗਭਗ ਢਾਈ ਦਹਾਕਿਆਂ ਬਾਅਦ ਸ਼੍ਰੋਮਣੀ ਅਕਾਲੀ ਦਲ ਨਾਲ ਗਠਬੰਧਨ ਬਿਨਾਂ ਪਹਿਲੀ ਵਾਰ ਲੋਕ ਸਭਾ ਚੋਣਾਂ ਲੜ ਰਹੀ ਹੈ। ਇਸ ਤੋਂ ਪਹਿਲਾਂ ਭਾਜਪਾ 13 ਵਿੱਚੋਂ ਤਿੰਨ ਲੋਕ ਸਭਾ ਸੀਟਾਂ ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਤੋਂ ਚੋਣ ਲੜਦੀ ਰਹੀ ਹੈ, ਬਾਕੀ ਸੀਟਾਂ ਅਕਾਲੀ ਦਲ ਦੇ ਹਿੱਸੇ ਆਉਂਦੀਆਂ ਸਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਦੋ-ਦੋ ਸੀਟਾਂ ਜਿੱਤੀਆਂ ਸਨ। ਇਸ ਵਾਰ ਪੰਜਾਬ ਵਿੱਚ ਇੱਕ ਜੂਨ ਨੂੰ ਚੋਣਾਂ ਹੋਣੀਆਂ ਹਨ ਅਤੇ 4 ਜੂਨ ਨੂੰ ਨਤੀਜੇ ਆਉਣੇ ਹਨ। ਭਾਜਪਾ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਕਿਸਾਨਾਂ ਦੇ ਸੰਘਰਸ਼ ਤੋਂ ਬਾਅਦ ਵੀ ਪਹਿਲੀ ਵਾਰ ਲੋਕ ਸਭਾ ਚੋਣਾਂ ਲਈ ਲੋਕਾਂ ਦੀਆਂ ਵੋਟਾਂ ਮੰਗਣ ਮੈਦਾਨ ਵਿੱਚ ਉੱਤਰ ਰਹੀ ਹੈ ਪਰ ਕਿਸਾਨਾਂ ਜਥੇਬੰਦੀਆਂ ਪਿੰਡਾਂ ਵਿੱਚ ਕਾਲੀਆਂ ਝੰਡੀਆਂ ਨਾਲ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰ ਰਹੀਆਂ ਹਨ। ਸਿਆਸੀ ਪੰਡਿਤ ਕਹਿੰਦੇ ਹਨ ਕਿ ਇਹ ਉਮੀਦਵਾਰਾਂ ਦਾ ਵਿਰੋਧ ਨਹੀਂ ਸਗੋਂ ਭਾਜਪਾ ਦਾ ਖਿਲਾਫ਼ ਗੁੱਸਾ ਹੈ।

**3 ਤੋਂ 13 ਸੀਟਾਂ ਤੱਕ ਦਾ ਸਫ਼ਰ ਲੜਾਈ ਪਰ ਕੀ ਹੈ ਦਾਅ ?**

ਪੰਜਾਬ ਵਿੱਚ ਭਾਜਪਾ ਦੀਆਂ ਹੁਣ ਤੱਕ ਵੰਡੀਆਂ ਟਿਕਟਾਂ ਵਿੱਚ ਪਟਿਆਲਾ ਤੋਂ ਸਾਬਕਾ ਕਾਂਗਰਸ ਐੱਮਪੀ ਪ੍ਰਨੀਤ ਕੌਰ, ਲੁਧਿਆਣਾ ਤੋਂ ਸਾਬਕਾ ਕਾਂਗਰਸ ਐੱਮਪੀ ਰਵਨੀਤ ਬਿੱਟੂ, ਜਲੰਧਰ ਤੋਂ 'ਆਪ' ਐੱਮਪੀ ਸੁਸ਼ੀਲ ਕੁਮਾਰ ਰਿੰਕੂ ਅਤੇ ਅਕਾਲੀ ਦਲ ਤੋਂ ਭਾਜਪਾ ਵਿੱਚ ਸ਼ਾਮਲ ਹੋਏ ਮਨਜੀਤ ਸਿੰਘ ਮੰਨਾ ਨੂੰ ਖੰਡੂਰ ਸਾਹਿਬ ਤੋਂ ਟਿੱਕਟ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਾਬਕਾ ਅੰਬੈਸਟਰ ਤਰਨਜੀਤ ਸੰਧੂ ਨੂੰ ਅੰਮ੍ਰਿਤਸਰ, ਸਾਬਕਾ ਆਈਏਐੱਸ ਅਤੇ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਨੂੰ ਬਠਿੰਡਾ ਅਤੇ ਉੱਤਰੀ-ਪੱਛਮੀ ਦਿੱਲੀ ਤੋਂ ਐੱਮਪੀ ਸੂਫ਼ੀ ਗਾਇਕ ਹੰਸ ਰਾਜ ਹੰਸ ਨੂੰ ਫ਼ਰੀਦਕੋਟ ਤੋਂ ਉਤਾਰਿਆ ਗਿਆ ਹੈ। ਹੁਸ਼ਿਆਰਪੁਰ ਤੋਂ ਪਾਰਟੀ ਦੇ ਲੋਕ ਸਭਾ ਮੈਂਬਰ ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਟਿਕਟ ਦਿੱਤੇ ਜਾਣ ਤੋਂ ਬਾਅਦ ਪਾਰਟੀ ਦੇ ਸੀਨੀਅਰ ਦਲਿਤ ਆਗੂ ਵਿਜੇ ਸਾਂਪਲਾ ਨਰਾਜ਼ ਚੱਲ ਰਹੇ ਹਨ। ਭਾਜਪਾ ਨੇ ਹਾਲੇ ਅਨੰਦਪੁਰ ਸਾਹਿਬ, ਫ਼ਤਿਹਗੜ੍ਹ ਸਾਹਿਬ, ਫ਼ਿਰੋਜ਼ਪੁਰ ਅਤੇ ਸੰਗਰੂਰ ਤੋਂ ਉਮੀਦਵਾਰਾਂ ਦਾ ਐਲਾਨ ਕਰਨਾ ਹੈ। ਹਰਜੀਤ ਸਿੰਘ ਗਰੇਵਾਲ ਮੁਤਾਬਕ, "ਇਸ ਵਾਰ ਦੂਜੀਆਂ ਪਾਰਟੀਆਂ ਵਿੱਚੋਂ ਲੋਕਾਂ ਨੂੰ ਲੈਣਾ ਜ਼ਰੂਰੀ ਸੀ। ਹਾਲਾਂਕਿ, ਅਸੀਂ ਸਥਾਨਕ ਵਰਕਰਾਂ ਜਿਵੇਂ ਦਿਨੇਸ਼ ਬੱਬੂ ਨੂੰ ਵੀ ਟਿੱਕਟ ਦਿੱਤੀ ਹੈ। ਸੀਨੀਅਰ ਪੱਤਰਕਾਰ ਹਮੀਰ ਸਿੰਘ ਕਹਿੰਦੇ ਹਨ ਕਿ ਭਾਜਪਾ ਪਹਿਲਾਂ ਵੀ ਬਾਹਰੋਂ ਹੀ ਉਮੀਦਵਾਰ ਲੈ ਕੇ ਆਉਂਦੀ ਰਹੀ ਹੈ। ਹਮੀਰ ਸਿੰਘ ਮੁਤਾਬਕ, "ਪੰਜਾਬ ਵਿੱਚ ਪਹਿਲੀ ਵਾਰ ਸਾਰੀਆਂ ਲੋਕ ਸਭਾ ਸੀਟਾਂ ਉਪਰ ਚੋਣਾਂ ਲੜ ਰਹੀ ਭਾਜਪਾ ਲੰਮੇ ਸਮੇਂ ਦੀ ਤਿਆਰੀ ਕਰ ਰਹੀ ਹੈ। ਹਾਲਾਂਕਿ, ਕਈ ਵਾਰ ਚੋਣ ਲੜ ਰਹੇ ਉਮੀਦਵਾਰ ਦਾ ਆਪਣਾ ਵੀ ਇੱਕ ਅਧਾਰ ਹੁੰਦਾ ਹੈ ਜਿਸ ਉਸ ਨੂੰ ਫਾਇਦਾ ਹੋ ਸਕਦਾ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਕਹਿੰਦੇ ਹਨ, "ਭਾਜਪਾ ਦੀ ਕੋਈ ਵੱਡੀ ਮੁਹਿੰਮ ਦਿਖਾਈ ਨਹੀਂ ਦੇ ਰਹੀ ਅਤੇ ਬਹੁਤ ਸਾਰੇ ਉਮੀਦਵਾਰ ਦੂਜੀਆਂ ਪਾਰਟੀਆਂ ਤੋਂ ਲਏ ਹੋਏ ਹਨ। ਜਿੰਨਾਂ 3 ਸੀਟਾਂ ਉਪਰ ਭਾਜਪਾ ਪਿਛਲੇ ਸਮੇਂ ਲੜਦੀ ਰਹੀ ਹੈ, ਉਹ ਅਕਾਲੀ ਦਲ ਨੇ 1996 ਤੋਂ ਛੱਡੀਆਂ ਹੋਈ ਸਨ। ਪੰਜਾਬ ਭਾਜਪਾ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਪੰਜਾਬ ਇੱਕ ਸਰਹੱਦੀ ਇਲਾਕਾ ਹੈ ਜਿੱਥੇ ਪਾਰਟੀ ਸਿਰਫ਼ 117 ਵਿੱਚੋਂ 23 ਵਿਧਾਨ ਸਭਾ ਦੀਆਂ ਸੀਟਾਂ ਅਤੇ 3 ਲੋਕ ਸਭਾ ਸੀਟਾਂ ਉਪਰ ਲੜਦੀ ਰਹੀ ਹੈ, ਜਿਸ ਕਾਰਨ ਉਹ ਪੂਰੇ ਸੂਬੇ ਵਿੱਚ ਕਈ ਸਾਲਾਂ ਤੋਂ ਜਾ ਹੀ ਨਹੀਂ ਸਕੇ।

**ਧਰਮ ਦੀ ਸਿਆਸਤ ਵਾਲੀਆਂ ਪਾਰਟੀਆਂ ਦਾ ਅਲੱਗ-ਅਲੱਗ ਹੋਣਾ**

ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੋਵੇਂ ਹੀ ਧਰਮ ਦੀ ਸਿਆਸਤ ਕਰਦੀਆਂ ਹਨ ਅਤੇ ਲੰਮੇਂ ਸਮੇਂ ਤੋਂ ਇਕੱਠੀਆਂ ਚੋਣਾਂ ਲੜ ਰਹੀਆਂ ਸਨ ਪਰ ਅਕਾਲੀ ਦਲ ਨੇ ਤਿੰਨ ਖੇਤੀ ਕਾਨੂੰਨਾਂ ਸਮੇਂ ਭਾਜਪਾ ਨਾਲੋਂ ਗਠਜੋੜ ਤੋੜ ਲਿਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਾਜਨੀਤੀ ਵਿਭਾਗ ਦੇ ਸਾਬਕਾ ਪ੍ਰੋਫੈਸਰ ਜਗਰੂਪ ਕੌਰ ਕਹਿੰਦੇ ਹਨ, "ਦੋਵਾਂ ਪਾਰਟੀਆਂ ਨੂੰ ਵੱਖਰੇ-ਵੱਖਰੇ ਲੜਨ ਨਾਲ ਨੁਕਸਾਨ ਹੋਵੇਗਾ। ਪਹਿਲਾਂ ਇੱਕ ਪਾਰਟੀ ਜੋ ਹਿੰਦੂਆਂ ਉਪਰ ਕੇਂਦਰਿਤ ਸਿਆਸਤ ਕਰਦੀ ਸੀ ਅਤੇ ਦੂਜੀ ਜੋ ਸਿੱਖ ਰਾਜਨੀਤੀ ਕਰਦੀ ਸੀ, ਉਹਨਾਂ ਨੂੰ ਦੋਵਾਂ ਦੀਆਂ ਵੋਟਾਂ ਮਿਲ ਜਾਂਦੀਆਂ ਸਨ। ਹੁਣ ਉਹਨਾਂ ਦੀਆਂ ਵੋਟਾਂ ਵੰਡੀਆਂ ਜਾਣਗੀਆਂ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਕਹਿੰਦੇ ਹਨ, "ਭਾਜਪਾ ਅਤੇ ਅਕਾਲੀ ਦਲ ਦੀ ਮੌਜੂਦਾ




ਹਾਲਤ ਦੇ ਹਿਸਾਬ ਨਾਲ ਦੋਵਾਂ ਪਾਰਟੀਆਂ ਨੂੰ ਵੱਖ-ਵੱਖ ਚੱਲਣ ਦਾ ਨੁਕਸਾਨ ਹੋ ਸਕਦਾ ਹੈ। ਕਿਉਂਕਿ ਦੋਵਾਂ ਹੀ ਪਾਰਟੀਆਂ ਦੀ ਸਥਿਤੀ ਅਲੱਗ-ਅਲੱਗ ਦੇਖਣ 'ਤੇ ਮਜ਼ਬੂਤ ਦਿਖਾਈ ਨਹੀਂ ਦੇ ਰਹੀ।

**ਪੰਜਾਬ ਦੇ ਪਿੰਡਾਂ 'ਚ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਿਉਂ ?**

ਦਹੀਂ ਰਿੜਕਣ ਵਾਲੀਆਂ ਔਰਤਾਂ ਦੀ ਇਸ ਪ੍ਰਕਿਰਿਆ ਦੌਰਾਨ ਸਰੀਰਿਕ ਕਸਰਤ ਵੀ ਹੋ ਜਾਂਦੀ ਸੀ ਅਤੇ ਉਹ ਤੰਦਰੁਸਤ ਰਹਿੰਦੀਆਂ ਸਨ। ਉਹ ਹੱਥੀਂ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀਆਂ ਸਨ। ਘਰ ਵਿੱਚ ਦਿਨ ਭਰ ਵਾਸਤੇ ਲੱਸੀ ਪੀਣ ਲਈ ਵਰਤੀ ਜਾਂਦੀ ਸੀ। ਚਾਟੀ ਦੀ ਲੱਸੀ ਨੂੰ ਘਰ ਦੀ ਬਰਕਤ ਸਮਝਿਆ ਜਾਂਦਾ ਸੀ। ਗਰਮੀਆਂ ਦੇ ਦਿਨੀਂ ਵਰਦਾਨ ਸਮਝੀ ਜਾਣ ਵਾਲੀ ਲੱਸੀ ਨੂੰ ਆਂਢ ਗੁਆਂਢ ਵੀ ਭੇਜ ਦਿੱਤਾ ਜਾਂਦਾ ਸੀ ਜਾਂ ਆਂਢੀ ਗੁਆਂਢੀ ਆਪ ਆ ਕੇ ਲੱਸੀ ਲੈ ਜਾਂਦੇ ਸਨ। ਕੱਚੇ ਕੋਰੇ ਘੜੇ ਜਾਂ ਮਟਕੀ ਵਿੱਚ ਸਾਂਭ ਕੇ ਰੱਖੀ ਲੱਸੀ ਨੂੰ ਦਿਨ ਭਰ ਲਈ ਪੀਣ ਵਾਸਤੇ ਵਰਤ ਲਿਆ ਜਾਂਦਾ ਸੀ।

ਖੂਹ ਵਿੱਚ ਪਾਣੀ, ਮਾਂ ਮੇਰੀ ਰਾਣੀ
ਕੱਢੇਗੀ ਕਸੀਦੜਾ, ਪਾਏਗੀ ਮਧਾਣੀਥਥ।

ਮਧਾਣੀ ਦੇ ਨਾਲ-ਨਾਲ ਕਈ ਲੋਕ ਗੀਤਾਂ ਵਿੱਚ ਚਾਟੀ ਦਾ ਜ਼ਿਕਰ ਵੀ ਆਉਂਦਾ ਹੈ। ਇਨ੍ਹਾਂ ਦੋਵਾਂ ਦੀ ਸਾਂਝ ਕਿਉਂਕਿ ਸਦੀਵੀ ਹੈ, ਇਸ ਲਈ ਚਾਟੀ ਦੀ ਗੱਲ ਕਰਨ ਵਾਲੇ ਲੋਕ ਗੀਤ ਵੀ ਵੇਖਦੇ ਹਾਂ:

ਬੀਕਾਨੇਰ 'ਚੋਂ ਊਠ ਲਿਆਂਦਾ
ਦੇ ਕੇ ਰੋਕ ਪਚਾਸੀ
ਸ਼ਹਿਣੇ ਦੇ ਵਿੱਚ ਝਾਂਜਰ ਬਣਦੀ
ਮੁਕਸਰ ਬਣਦੀ ਕਾਠੀ
ਭਾਈ ਬਖਤੌਰੇ ਬਣਦੇ ਟਕੂਏ
ਰੱਲੇ ਬਣੇ ਗੰਡਾਸੀ
ਰਉਂਤੇ ਦੇ ਵਿੱਚ ਬਣਦੇ ਖੂੰਡੇ
ਧੁਰ ਭਦੌੜ ਦੀ ਚਾਟੀਥਥ।



ਮਧਾਣੀ ਨਾਲ ਰਿੜਕੇ ਦੁੱਧ ਵਿੱਚੋਂ ਮੱਖਣ ਕੱਢ ਲਿਆ ਜਾਂਦਾ ਹੈ ਤੇ ਉਸ ਨੂੰ ਉਬਾਲ ਕੇ ਘਿਓ ਬਣਾਇਆ ਜਾਂਦਾ ਹੈ। ਉਪਰੋਂ-ਉਪਰੋਂ ਘਿਓ ਵੱਖ ਕਰ ਲਿਆ ਜਾਂਦਾ ਹੈ। ਭਾਂਡੇ ਵਿੱਚ ਲੱਸੀ ਰਲਿਆ ਤਿਰਮਿਰਾ ਜਿਹਾ ਪਦਾਰਥ ਥੱਲੇ ਲੱਗਿਆ ਰਹਿ ਜਾਂਦਾ ਹੈ। ਉਸ ਵਿੱਚ ਘਿਓ ਦੀ ਵੀ ਮਾਮੂਲੀ ਮਾਤਰਾ ਹੁੰਦੀ ਹੈ। ਉਸ ਪਦਾਰਥ ਨੂੰ ਝਹੇੜੂ ਕਹਿ ਲਿਆ ਜਾਂਦਾ ਹੈ। ਕਈ ਜੁਗਤੀ ਔਰਤਾਂ ਝਹੇੜੂ ਨੂੰ ਰੋਟੀਆਂ ਚੋਪੜਣ ਲਈ ਵਰਤ ਲੈਂਦੀਆਂ ਹਨ।

ਮੱਖਣ, ਘਿਓ, ਲੱਸੀ, ਝਹੇੜੂ ਦੀਆਂ ਬਰਕਤਾਂ ਪ੍ਰਦਾਨ ਕਰਨ ਪਿੱਛੋਂ ਮਧਾਣੀ ਇਕ ਮਹੱਤਵ ਪੂਰਨ ਸੰਦ ਵਜੋਂ ਕੰਮ ਕਰਦੀ ਆਈ ਹੈ। ਦੁੱਧ ਦਹੀਂ, ਮੱਖਣ, ਘਿਓ, ਪਨੀਰ, ਲੱਸੀ, ਖੀਰ ਆਦਿ ਪਦਾਰਥਾਂ ਦਾ ਉਤਪਾਦਨ ਅੱਜਕੱਲ੍ਹ ਵੱਡੀਆਂ ਕੰਪਨੀਆਂ ਕਰਨ ਲੱਗ ਪਈਆਂ ਹਨ ਤੇ ਸਾਰਾ ਕੁਝ ਵੱਡੇ-ਵੱਡੇ ਬਰਾਂਡਾਂ ਦੇ ਨਾਂ ਹੇਠ ਡੱਬਾ ਬੰਦ ਲਿਫਾਫੇ ਬੰਦ ਤੇ ਬੰਦ ਪੈਕ ਦੇ ਵੰਨ ਸੁਵੰਨੇ ਰੂਪਾਂ ਵਿੱਚ ਮਿਲ ਜਾਂਦਾ ਹੈ। ਕੁਝ ਦਿਨਾਂ ਦੀ ਇਕੱਠੀ ਕੀਤੀ ਮਲਾਈ, ਦੁੱਧ ਦੀ ਕਰੀਮ ਤੇ ਦਹੀਂ ਆਦਿ ਨੂੰ ਬਿਜਲੀ ਨਾਲ ਚੱਲਣ ਵਾਲੀਆਂ ਮਧਾਣੀਆਂ, ਮਿਕਸਚਰ, ਗਰਾਈਡਰ, ਬਲੈਂਡਰ ਆਦਿ ਨਾਲ ਰਿੜਕ ਕੇ ਮੱਖਣ ਬਣਾਇਆ ਜਾਂਦਾ ਹੈ। ਬਹੁਤ ਵੱਡਾ ਪਰਿਵਰਤਨ ਆ ਜਾਣ ਦੇ ਬਾਵਜੂਦ ਵੀ ਦਹੀਂ ਰਿੜਕਣ ਵਾਲੀ ਪੁਰਾਣੀ ਮਧਾਣੀ ਦੇ ਮਹੱਤਵ ਨੂੰ ਛੁਟਿਆਇਆ ਨਹੀਂ ਜਾ ਸਕਦਾ।

# ਔਰਤ ਨੂੰ ਸਮਝਾਉਣ ਦੀ ਨਹੀ ਸਮਝਣ ਦੀ ਜ਼ਰੂਰਤ

**ਇੰਗਲੈਂਡ ਵਿਖੇ ਪਿਛਲੇ ਕੁਝ ਸਾਲਾਂ ਦੌਰਾਨ ਕਰਵਾਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮਰਦ ਤੇ ਔਰਤ ਵੱਖ-ਵੱਖ ਤਰੀਕੇ ਨਾਲ ਸੋਚਦੇ ਹਨ। ਇਹ ਅੰਤਰ ਵੱਖ-ਵੱਖ ਜੀਨਾਂ 'ਤੇ ਨਿਰਭਰ ਕਰਦਾ ਹੈ। ਸਾਡੀਆਂ ਪ੍ਰਵਿਰਤੀਆਂ ਵਿਰਸੇ ਵਿੱਚ ਮਿਲੇ ਹੋਏ ਜੀਨਾਂ ਦੀ ਦੇਣ ਹਨ।**

ਔਰਤ ਤੇ ਮਰਦ ਦੀ ਸੋਚ ਅਤੇ ਜਿਊਣ ਦੇ ਤਰੀਕੇ ਵਿੱਚ ਕਈ ਬੁਨਿਆਦੀ ਅੰਤਰ ਪਾਏ ਜਾਂਦੇ ਹਨ। ਇਹੀ ਕਾਰਨ ਹੈ ਕਿ ਔਰਤ ਤੇ ਮਰਦ ਦੀ ਮਾਨਸਿਕ ਸੂਝ, ਰੁਚੀਆਂ, ਭਾਵਨਾਤਮਕ ਜੀਵਨ ਅਤੇ ਸੁਭਾਅ ਵਿੱਚ ਵੱਡੇ ਪੱਧਰ 'ਤੇ ਅੰਤਰ ਹੁੰਦਾ ਹੈ। ਔਰਤਾਂ, ਮਰਦਾਂ ਨਾਲੋਂ ਵੱਧ ਭਾਵੁਕ ਹੁੰਦੀਆਂ ਹਨ। ਉਨ੍ਹਾਂ ਨੂੰ ਆਪਣੇ ਵਿਆਹ ਦੀ ਮਿਤੀ, ਪਤੀ ਨਾਲ ਹੋਏ ਪਹਿਲੇ ਝਗੜੇ ਅਤੇ ਅਜਿਹੀਆਂ ਹੋਰ ਘਟਨਾਵਾਂ ਦੀਆਂ ਮਿਤੀਆਂ ਯਾਦ ਰਹਿੰਦੀਆਂ ਹਨ, ਜਦਕਿ ਮਰਦ ਆਮ ਤੌਰ 'ਤੇ ਇਹ ਸਭ ਕੁਝ ਭੁੱਲ ਜਾਂਦੇ ਹਨ ਜਿਸ ਕਾਰਨ ਕਈ ਵਾਰ ਤਾਂ ਲੜਾਈ-ਝਗੜੇ ਦੀ ਸੰਭਾਵਨਾ ਵਧ ਜਾਂਦੀ ਹੈ। ਅਸਲ ਵਿੱਚ ਔਰਤਾਂ ਦੇ ਦਿਮਾਗ਼ ਦੀ ਬਣਤਰ ਹੀ ਕੁਝ ਅਜਿਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਭਾਵੁਕ ਗੱਲਾਂ ਜ਼ਿਆਦਾ ਯਾਦ ਰਹਿੰਦੀਆਂ ਹਨ। ਖੋਜਕਾਰਾਂ ਅਨੁਸਾਰ ਅਜਿਹੀਆਂ ਪੁਰਾਣੀਆਂ ਗੱਲਾਂ ਯਾਦ ਰੱਖਣ ਵਿੱਚ ਮਰਦਾਂ ਦੇ ਦਿਮਾਗ਼ ਦੇ 2 ਹਿੱਸੇ ਜਦੋਂਕਿ ਔਰਤਾਂ ਦੇ ਦਿਮਾਗ਼ ਦੇ 9 ਭਾਗ ਕੰਮ ਕਰਦੇ ਹਨ। ਅੰਗਰੇਜ਼ ਵਿਗਿਆਨੀਆਂ ਵੱਲੋਂ ਹਾਲ ਹੀ ਵਿੱਚ ਕੀਤੇ ਇੱਕ ਅਧਿਐਨ ਤੋਂ ਇਹ ਤੱਥ ਉੱਭਰਿਆ ਹੈ ਕਿ ਮਰਦ ਬੇਸ਼ੱਕ ਔਰਤਾਂ ਨਾਲੋਂ ਜ਼ਿਆਦਾ ਸਮਝਦਾਰ ਹੁੰਦੇ ਹਨ, ਪਰ ਉਹ ਵਧੇਰੇ ਜ਼ਿੱਦੀ ਵੀ ਹੁੰਦੇ ਹਨ। ਔਰਤ ਦਾ ਭਾਵੁਕ ਅਤੇ ਮਰਦ ਦਾ ਜ਼ਿੱਦੀ ਸੁਭਾਅ ਬਹੁਤੀ ਵਾਰ ਪਤੀ-ਪਤਨੀ ਵਿਚਾਲੇ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਝਗੜੇ ਦਾ ਕਾਰਨ ਵੀ ਬਣਦਾ ਹੈ। ਜਦੋਂ ਔਰਤ ਦੀ ਭਾਵੁਕਤਾ ਗੁੱਸੇ ਦਾ ਰੂਪ ਧਾਰਨ ਕਰ ਲਵੇ ਤਾਂ ਉਹ ਕੁਝ ਵੀ ਕਰ ਸਕਦੀ ਹੈ। ਵਿਚਾਰਕ ਮਤਭੇਦਾਂ ਨੂੰ ਜੇਕਰ ਸਮੇਂ ਸਿਰ ਨਾ ਸੁਲਝਾਇਆ ਜਾਵੇ ਤਾਂ ਉਹ ਪਤੀ-ਪਤਨੀ ਦੇ ਰਾਹਾਂ ਦੇ ਕੰਡੇ ਬਣ ਜਾਂਦੇ ਹਨ। ਅਸਲ ਵਿੱਚ ਜੇਕਰ ਅਸੀਂ ਚਾਹੁੰਦੇ ਹਾਂ ਕਿ ਗ੍ਰਹਿਸਤੀ ਜੀਵਨ ਦੀ ਗੱਡੀ ਲੀਹ 'ਤੇ ਰਹੇ ਤਾਂ ਇਹ ਗੱਲ ਜ਼ਿੰਦਗੀ ਲਈ ਪੱਲੇ ਬੰਨ੍ਹ ਲਵੋ ਕਿ ਪਤਨੀ ਨੂੰ ਸਮਝਾਉਣ ਦੀ ਨਹੀਂ ਸਮਝਣ ਦੀ ਲੋੜ ਹੈ।

ਇੰਗਲੈਂਡ ਵਿਖੇ ਪਿਛਲੇ ਕੁਝ ਸਾਲਾਂ ਦੌਰਾਨ ਕਰਵਾਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮਰਦ ਤੇ ਔਰਤ ਵੱਖ-ਵੱਖ ਤਰੀਕੇ ਨਾਲ ਸੋਚਦੇ ਹਨ। ਇਹ ਅੰਤਰ ਵੱਖ-ਵੱਖ ਜੀਨਾਂ 'ਤੇ ਨਿਰਭਰ ਕਰਦਾ ਹੈ। ਸਾਡੀਆਂ ਪ੍ਰਵਿਰਤੀਆਂ ਵਿਰਸੇ ਵਿੱਚ ਮਿਲੇ ਹੋਏ ਜੀਨਾਂ ਦੀ ਦੇਣ ਹਨ। ਦੂਜਾ, ਸੈਕਸ ਹਾਰਮੋਨਜ਼ ਵੀ ਸਾਡੇ ਸੁਭਾਅ ਨੂੰ ਨਿਰਧਾਰਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਜੀਨਾਂ ਕਰਕੇ ਹੀ ਔਰਤ ਤੇ ਮਰਦ ਦੇ ਸੁਭਾਅ ਵਿੱਚ ਬੁਨਿਆਦੀ ਬਦਲਾਅ ਦਿਖਾਈ ਦਿੰਦਾ ਹੈ। ਇਹੀ ਨਹੀਂ ਜੀਵਨ-ਸਾਥੀ ਚੁਣਨ ਸਮੇਂ ਵੀ ਦੋਹਾਂ ਦੀ ਪਹੁੰਚ ਵੱਖ-ਵੱਖ ਹੁੰਦੀ ਹੈ। ਮਰਦਾਂ ਦਾ ਵਧੇਰੇ ਧਿਆਨ ਔਰਤ ਦੀ ਸੁੰਦਰਤਾ 'ਤੇ ਰਹਿੰਦਾ ਹੈ ਜਦੋਂਕਿ ਔਰਤਾਂ ਜ਼ਿਆਦਾਤਰ ਰੁਤਬੇ ਨੂੰ ਮਹੱਤਵ ਦਿੰਦੀਆਂ ਹਨ। ਖੋਜ ਮੁਤਾਬਕ ਮਰਦਾਂ ਅਤੇ ਔਰਤਾਂ ਵਿੱਚ ਜੀਨ ਤਾਂ ਭਾਵੇਂ ਇੱਕੋ ਹੀ ਹੁੰਦੇ ਹਨ, ਪਰ ਮਰਦ ਅਤੇ ਔਰਤ ਦੇ ਦਿਮਾਗ਼ ਵਿੱਚ ਇਹ ਵੱਖ-ਵੱਖ ਤਰੀਕੇ ਨਾਲ ਕਿਰਿਆਸ਼ੀਲ ਹੁੰਦੇ ਹਨ। ਇਹ ਸੰਭਵ ਹੈ ਕਿ ਇੱਕ ਜੀਨ ਮਰਦਾਂ ਦੇ ਦਿਮਾਗ਼ ਅੰਦਰ ਘੱਟ ਕਿਰਿਆਸ਼ੀਲ ਹੋਵੇ ਅਤੇ ਔਰਤਾਂ ਵਿੱਚ ਵੱਧ। ਵਿਗਿਆਨੀਆਂ ਅਨੁਸਾਰ ਔਰਤਾਂ ਤੇ ਮਰਦਾਂ ਦੀ ਮਾਨਸਿਕ ਹਾਲਤ ਵੀ ਅਲੱਗ ਹੁੰਦੀ ਹੈ। ਔਰਤਾਂ ਆਮ ਤੌਰ 'ਤੇ ਉਦਾਸ ਅਤੇ ਅਸੰਤੁਸ਼ਟ ਰਹਿੰਦੀਆਂ ਹਨ ਅਤੇ ਮਰਦਾਂ ਦੀ ਤੁਲਨਾ ਵਿੱਚ ਜਲਦੀ ਹੀ ਨਾਰਾਜ਼ ਹੋ ਜਾਂਦੀਆਂ ਹਨ। ਔਰਤਾਂ ਦੀਆਂ ਰੁਚੀਆਂ ਦਾ ਘੇਰਾ ਤੰਗ ਹੁੰਦਾ ਹੈ ਅਤੇ ਉਨ੍ਹਾਂ ਵਿੱਚ ਭਰਪੂਰ ਖ਼ੁਸ਼ੀ ਮਾਣਨ ਦੀ ਸਮਰੱਥਾ ਵੀ ਘੱਟ ਹੁੰਦੀ ਹੈ। ਤਾਂ ਹੀ ਦਿਮਾਗ਼ੀ ਬਿਮਾਰੀਆਂ ਦੀ ਜ਼ਿਆਦਾ ਮਾਰ ਔਰਤਾਂ ਨੂੰ ਹੀ ਝੱਲਣੀ ਪੈਂਦੀ ਹੈ। ਸੈਕਸ ਹਾਰਮੋਨਜ਼ ਦੇ ਪ੍ਰਭਾਵ ਅਧੀਨ ਵੀ ਸਾਡਾ ਵਤੀਰਾ ਬਦਲਦਾ ਰਹਿੰਦਾ ਹੈ। ਮਰਦਾਂ ਵਿੱਚ ਹਾਰਮੋਨਜ਼ ਦਾ ਪੱਧਰ ਆਮ ਤੌਰ 'ਤੇ ਸਥਿਰ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਵਤੀਰੇ ਵਿੱਚ ਕਦੇ-ਕਦਾਈਂ ਹੀ ਬਦਲਾਅ ਵੇਖਣ ਨੂੰ ਮਿਲਦਾ ਹੈ। ਇਸ ਦੇ ਉਲਟ ਔਰਤਾਂ ਦੇ ਹਾਰਮੋਨ ਪੱਧਰ ਵਿੱਚ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਰੋਜ਼ਾਨਾ ਵਿਹਾਰ ਤੇ ਵਤੀਰੇ ਵਿੱਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਇੱਕ ਔਰਤ ਜਿਹੜੀ ਸਵੇਰ ਸਮੇਂ ਚੰਗੇ ਮੂਡ ਵਿੱਚ ਹੁੰਦੀ ਹੈ, ਉਹੀ ਸ਼ਾਮ ਵੇਲੇ ਅਲੱਗ ਨਜ਼ਰ ਆਉਂਦੀ ਹੈ। ਦਰਅਸਲ, ਜਿਸ ਸਮੇਂ ਦੌਰਾਨ ਔਰਤ ਦੇ ਦੋਵੇਂ ਪ੍ਰਮੁੱਖ ਹਾਰਮੋਨਜ਼ ਐਸਟ੍ਰੋਜਨ ਤੇ ਪ੍ਰੋਜੈਸਟਰਾਨ ਵਿਚਾਲੇ ਆਪਸੀ ਸਬੰਧ ਸੁਖਾਵੇਂ ਹੁੰਦੇ ਹਨ, ਉਨ੍ਹੀਂ ਦਿਨੀਂ ਔਰਤ ਦਾ ਮਨ ਖ਼ੁਸ਼ੀ ਨਾਲ ਹੁਲਾਰੇ ਲੈ ਰਿਹਾ ਹੁੰਦਾ ਹੈ। ਔਰਤ ਤੇ ਮਰਦ ਦੇ ਵਤੀਰਿਆਂ ਵਿੱਚ ਫ਼ਰਕ ਦਾ ਮੁੱਖ ਕਾਰਨ ਇਹ ਵੀ ਹੈ ਕਿ ਔਰਤਾਂ ਦੇ ਦਿਮਾਗ਼ ਦਾ ਸੱਜਾ ਅੱਧ ਅਤੇ ਮਰਦਾਂ ਦੇ ਦਿਮਾਗ਼ ਦਾ ਖੱਬਾ ਅੱਧ ਵਧੇਰੇ ਕਾਰਜਸ਼ੀਲ ਰਹਿੰਦਾ ਹੈ। ਸੱਜੇ ਤੇ ਖੱਬੇ ਦਿਮਾਗ਼ ਨੇ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ।

ਆਖ਼ਰ, ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਔਰਤ ਤੇ ਮਰਦ ਦੇ ਸੋਚਣ ਦੇ ਤਰੀਕੇ ਵਿੱਚ ਵਖਰੇਵੇਂ ਦਾ ਮੁੱਖ ਕਾਰਨ ਉਨ੍ਹਾਂ ਦੇ ਜੀਨਾਂ ਅਤੇ ਦਿਮਾਗ਼ ਦੇ ਕੰਮ ਕਰਨ ਦੇ ਢੰਗ ਵਿੱਚ ਛੁਪਿਆ ਹੁੰਦਾ ਹੈ, ਪਰ ਔਰਤ ਤੇ ਮਰਦ ਦੇ ਵਿਸ਼ੇਸ਼ ਗੁਣਾਂ ਵਿਚਕਾਰ ਕੋਈ ਸਿੱਧੀ ਤੇ ਸਪੱਸ਼ਟ ਲਕੀਰ ਨਹੀਂ ਖਿੱਚੀ ਜਾ ਸਕਦੀ ਕਿਉਂਕਿ ਸੱਜਾ ਤੇ ਖੱਬਾ ਦਿਮਾਗ਼ ਵਿਚਕਾਰੋਂ ਇੱਕ ਵਿਸ਼ੇਸ਼ ਪੁਲ-ਰੂਪੀ ਅੰਗ ਰਾਹੀਂ ਇੱਕ-ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਜ਼ਰੂਰਤ ਪੈਣ 'ਤੇ ਸਹਿਯੋਗ ਪ੍ਰਾਪਤ ਕਰਕੇ ਪਰਸਪਰ ਸਾਂਝ ਵੀ ਕਾਇਮ ਕਰ ਲੈਂਦੇ ਹਨ ਤਾਂ ਹੀ ਕੁਝ ਔਰਤਾਂ ਮਰਦਾਂ ਵਾਂਗ ਅਤੇ ਕੁਝ ਮਰਦ ਔਰਤਾਂ ਵਾਂਗ ਵਿਚਰਦੇ ਹਨ।

**ਹਰਦੀਪ ਸਿੰਘ ਝੱਜ**




# ਰੱਬ ਦਾ ਰੂਪ ਨੇ ਮਾਂਵਾ ਹੁੰਦੀਆ

ਖੂਬਸੂਰਤ ਦੁਨੀਆਂ ਦਾ ਮੁੱਢ ਰਿਸ਼ਤਿਆਂ ਨਾਲ ਬੱਝਦਾ ਹੈ ਜੋ ਤਾਅ ਉਮਰ ਦੁੱਖ-ਸੁੱਖ ਵਿੱਚ ਸਹਾਈ ਹੁੰਦੇ ਹਨ। ਜੱਗ ਜਨਣੀ ਔਰਤ ਤੋ ਬਿਨਾਂ ਸੰਸਾਰ ਦੀ ਕਲਪਨਾ ਵੀ ਸੰਭਵ ਨਹੀਂ। ਮਾਂ ਦਾ ਦਰਜਾ ਸਭ ਤੋ ਉਪਰ ਹੈ। ਜਿਸ ਸਦਕੇ ਸਭ ਰੰਗਲੀ ਦੁਨੀਆਂ ਦੀਆਂ ਅਸੀਮ ਖੁਸ਼ੀਆਂ ਮਾਣਦੇ ਹਨ। ਇਸ ਰਿਸਤੇ ਨੂੰ ਸਭ ਧਰਮਾਂ ਨੇ ਪਾਕ ਪਵਿੱਤਰ ਦਰਜਾ ਦਿੱਤਾ ਹੈ। ਬੱਚੇ ਪ੍ਰਤੀ ਮਾਂ ਦੇ ਪਿਆਰ ਦੀ ਪਾਕੀਜਗੀ ਲਈ ਇਹ ਕਿਹਣਾ ਅਤਿਕਥਨੀ ਨਹੀ ਕਿ ਜੇ ਮਾਂ ਦੇ ਹੱਥ ਆਪਣੇ ਬੱਚੇ ਤਕਦੀਰ ਲਿਖਣ ਵਾਲੀ ਕਲਮ ਹੋਵੇ ਤਾਂ ਉਹ ਆਪਣੇ ਬੱਚੇ ਲਈ ਸਿਰਫ਼ ਸੁੱਖ ਹੀ ਲਿਖਦੀ। ਸਭ ਰਿਸ਼ਤਿਆਂ ਦਾ ਤਾਣਾ ਅਤੇ ਜੀਵਨ ਪੰਧ ਮਾਂ ਦੀ ਗੋਦ ਤੋ ਹੀ ਸ਼ੁਰੂ ਹੁੰਦਾ ਹੈ।

ਮਾਂ ਬੱਚੇ ਦੀ ਮੱਢਲੀ ਸੰਸਥਾ ਤੋ ਘੱਟ ਨਹੀ। ਜੋ ਬਹੁਤ ਕੁਝ ਅਨਭੋਲ ਸਮੇ ਵਿਚ ਹੀ ਸਿੱਖਾ ਦਿੰਦੀ ਹੈ। ਮਾਂ ਦੀ ਜਿੰਦਗੀ ਨੂੰ ਬਚਪਨ ਦੇ ਪਲ ਖੁਸ਼ੀਆ ਨਾਲ ਲਬਰੇਜ ਕਰ ਦਿੰਦੇ ਹਨ। ਬੱਚੇ ਨੂੰ ਸੰਸਕਾਰ ਤੇ ਸਮਜਿਕ ਸਲੀਕਾ ਵੀ ਮਾਂ ਹੀ ਸਿਖਾਉਦੀ ਹੈ। ਉਸ ਦਾ ਪਿਆਰ ,ਨਿਮਰਤਾ ਤੇ ਦੇਖਭਾਲ ਰਿਸਤੇ ਨੂੰ ਹੋਰ ਗੂੜਾ ਬਣਾਉਦੇ ਹਨ। ਜੋ ਕੇਵਲ ਖਾਣ ਪੀਣ ਜਾ ਸਿਹਤ ਤੱਕ ਹੀ ਸੀਮਤ ਨਹੀ। ਸ਼ਗੋ ਆਪਣੇ ਘੇਰੇ ਤੋ ਅੱਗੇ ਵਧ ਹਰ ਸੁੱਖ ਸੁਵਿਧਾ ਲਈ ਉਪਰਾਲੇ ਕਰਦੀ ਹੈ ਤਾ ਜੋ ਸੰਤਾਨ ਦਾ ਭਵਿੱਖ ਉਜਵਲ ਹੀ ਹੋਵੇ। ਮਮਤਾਮਈ ਮੋਹ ਵੀ ਬੱਚੇ ਦੇ ਅਹਿਸਾਸ ਸਮਝਣ ਲਈ ਸਹਾਈ ਹੁੰਦੇ ਹਨ। ਜੋ ਬਿਨ ਬੋਲਿਆ ਉਸਦੀ ਭੁੱਖ,ਨੀਦ,ਖੁਸ਼ੀ,ਨਿਰਾਜਗੀ ਤੇ ਮਸਤੀ ਬੁਝ ਲੈਦੀ ਹੈ। ਬਪਚਨ ਦੇ ਲਾਡ ਤੇ ਜਿਦ ਦੀ ਪੂਰਤੀ ਮਾਂਵਾ ਬਿਨਾ ਸੰਭਵ ਨਹੀ। ਕੋਰੋਨਾ ਸੰਕਟ ਵਿੱਚ ਪਰਵਾਸੀ ਮਾਂਵਾ ਵਲੋ ਲੰਮੇ,ਦੁਖਦਈ,ਤੇ ਭੁੱਖਮਰੀ ਦੇ ਦੌਰ ਵਿੱਚ ਬੱਚਿਆ ਪ੍ਰਤੀ ਸਮਰਪਤੀ ਵੱਡੀ ਮਸਾਲ ਹੈ। ਜਦੋ ਕਿ ਪਿਤਾ ਬੱਚਿਆ ਦੀ ਸੁਰੱਖਿਆ,ਸਹਾਇਤਾ ਤੇ ਜਿਮੇਵਾਰੀਆ ਵਾਲੇ ਫਰਜ ਆਪ ਮੁਹਾਰੇ ਨਿਭਾਉਦੇ ਹਨ।

ਇਹ ਰਿਸਤਾ ਵੱਡੇ ਹੋਣ ਨਾਲ ਹੋਰ ਗੂੜਾ ਹੋ ਜਾਦਾ ਹੈ। ਮਾਂਵਾ ਤੇ ਬੱਚੇ ਖੁੱਲ ਦਿਲੀ ਨਾਲ ਮਨੋ ਭਾਵਨਾ ਪ੍ਰਗਟਾਉਦੇ ਹਨ। ਇਹ ਮਮਤਾਮਈ ਮੋਹ ਦੀ ਖੁਸ਼ਗਵਾਰੀ ਹੈ। ਕੁੜੀਆ ਤਾ ਮਾਂਵਾ ਨਾਲ ਸਹੇਲੀਆ ਵਾਂਗ ਵਿਚਰਦੀਆ ਹਨ। ਬੱਚਿਆ ਨਾਲ ਪਿਆਰ ਵਿੱਚ ਲਿੰਗ ਭੇਦ -ਭਾਵ ਨਹੀ ਹੁੰਦੇ। ਪਰ ਬੇਟੀ ਅਕਸਰ ਪਿਤਾ ਦੇ ਨੇੜੇ ਤੇ ਲੜਕਿਆ ਦੇ ਝੁਕਾਅ ਮਾਂਵਾ ਵੱਲ ਰਹਿਦੇ ਹਨ। ਜਦੋ ਪੁੱਤਰਾ ਦਾ ਖੁੱਲੇਪਣ ਨਾਲ ਵਿਚਰਨਾ ਪਿਤਾ ਨਾਲ ਹੀ ਹੁੰਦਾ ਹੈ। ਮਨੋਵਿਗਿਆਨੀ ਵੀ ਮਹਿਲਾਵਾ ਨੂੰ ਮਾਨਸਿਕ ਪੱਖ ਤੋ ਮਜਬੂਤ ਮੰਨਦੇ ਹਨ। ਬੱਚਿਆ ਨੂੰ ਮਾਨਸਿਕ ਦਬਾਉ ਅਤੇ ਸੰਵੇਦਨਮਈ ਹਲਾਤਾ ਨੂੰ ਸਿੰਜਣਾ ਸਿਖਾਉਦੀਆ ਹਨ। ਜੋ ਭਵਿੱਖਮਈ ਫੈਸਲੇ ਲੈਣ ਵਿੱਚ ਮੱਦਦਗਾਰ ਸਾਬਤ ਹੁੰਦਾ ਹੈ। ਅਜਿਹੇ ਸੰਸਕਾਰ ਜਿੰਦਗੀ ਵਿੱਚ ਅਹਿਮ ਸਥਾਨ ਰੱਖਦੇ ਹਨ। ਇਹ ਮਾਂਵਾ ਦੇ ਜਾਣ ਬਾਅਦ ਵੀ ਸ਼ਾਡੇ ਤੋ ਨਿਖੜਦੇ ਨਹੀ। ਸਗੋ ਬਚਪਨ ਤੋ ਜਵਾਨੀ ਦੀ ਦਹਿਲੀਜ ਤੱਕ ਪੁਜਦਿਆ ਹੋਰ ਦਰੁਸਤ ਹੋ ਜਾਦੇ। ਜਿਸ ਨਾਲ ਸਮਾਜ ਵਿੱਚ ਸਹਿਯੋਗ ,ਹਿਮਾਇਤ ਤੇ ਹਲੀਮੀ ਨਾਲ ਵਿਚਰਦੇ ਹਾ। ਇਹ ਬੱਚਿਆ ਲਈ ਪਿਆਰ ਤੇ ਚਿੰਤਾ ਬਰਾਬਰ ਰੱਖਦੀਆ ਹਨ। ਭਾਂਵੇ ਪੜ -ਲ਼ਿਖ ਕੇ ਉਚੀਆ ਪਦਵੀਆ ਤੇ ਪੁੱਜ ਜਾਵਨ। ਮਾਂਵਾ ਦੇ ਫਿਕਰ ਉਮਰਾ ਦੇ ਤਕਾਜੇ ਨਾਲ ਨਹੀ ਤੋਲੇ ਜਾਦੇ। ਬਲਕਿ ਚਿੰਤਾ ਦੀ ਲੜੀ ਸਾਮੀ ਪੂਰਾ ਪਰਿਵਾਰ ਦੇਖਦਿਆ ਹੀ ਟੁੱਟਦੀ ਹੈ।

ਮਾਂਵਾ ਦੀ ਢਲਦੀ ਉਮਰ ਦੇ ਪ੍ਰਛਾਵੇ ਨਵੀਆ ਉਮੰਗਾ ਲੈ ਕੇ ਆਉਦੇ ਹਨ। ਆਪਣੇ ਹੱਥੀ ਪਾਲਿਆ ਦੇ ਕਾਰਜ ਰਚਾਉਣੇ ਦਿਲ਼ੀ ਖਵਾਇਸ ਹੁੰਦੀ ਹੈ। ਨੂੰਹ ਦੀਆ ਰੋਣਕਾ ਅਤੇ ਜਮਾਈ ਨਾਲ ਨਵੇ ਰਿਸਤੇ ਵਿੱਚ ਬੱਝਾ ਘਰ ਸਵਰਗ ਤੋ ਘੱਟ ਨਹੀ ਜਾਪਦਾ। ਜਿਸ ਵਿੱਚ ਕੁਲ ਦੇ ਵਾਧੇ ਦੀ ਤਾਂਘ ਵੀ ਉਡਾਰੀ ਭਰਦੀ ਹੈ। ਪੋਤੇ ਪੋਤੀਆ ਤੇ ਦੇਹਤੇ ਦੋਹਤੀਆ ਨਾਲ ਘਿਰੀ ਮਾਂ ਨੂੰ ਸਮਾ ਠਹਿਰਿਆ ਲਗਦਾ ਹੈ। ਇਸ ਰੱਬੀ ਬਖਸ਼ਿਸ ਲਈ ਸੁੱਖਾ ਹੀ ਮੰਗਦੀ ਹੈ। ਨਵੇ ਵਰੇਸਾ ਲਈ ਜਵਾਨੀ ਮਾਨਣ ਤੇ ਲੰਮੀਆ ਉਮਰਾ ਦੀ ਅਸੀਸਾ ਹੀ ਮੂੰਹੋ ਨਿਕਲਦੀਆ ਹਨ। ਅਪਣਿਆ ਪ੍ਰਤੀ ਬੇਪਨਾਹ ਪਿਆਰ ਤੇ ਚੋਤਰਫੀ ਸੰਭਾਲ ਨੂੰ ਅਣਗੋਲਿਆ ਕਰਨਾ ਨਾਮੁਕਨ ਜਾਪਦਾ ਹੈ। ਜੋ ਤੁਰਨ ਲੈ ਕੇ ਤਰੱਕੀ ਤੱਕ ਪਹੁੰਚਾਉਦੀਆ ਹਨ। ਗੁਰੁ ਸਹਿਬਾਨਾ ਨੇ ਪ੍ਰਮਾਤਮਾ ਤੇ ਪਿਤਾ ਤੋ ਪਹਿਲਾ ਮਾਂ ਨੂੰ ਬੱਚਿਆ ਦੀ ਗੁਰੂ ਦਰਸਾਇਆ ਹੈ।

ਗੁਰਦੇਵ ਮਾਤਾ, ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸਰਾ ॥

ਇਸ ਸਵਾਰਥ ਰਹਿਤ ਬੱਝੇ ਰਿਸਤੇ ਦਾ ਕਰਜਾ ਲ਼ੱਥਣਾ ਅਸਾਨ ਨਹੀ। ਜਿਹੜੀ ਆਪਣੇ ਅਖੀਰੀ ਵੇਲੇ ਵੀ ਪਰਿਵਾਰ ਦੀਆ ਸੁੱਖਾ ਹੀ ਲੋਚਦੀਆ ਹਨ। ਅਸੀ ਉਸ ਦੀਆ ਸਿੱਖਿਆਵਾ ਨਾਲ ਔਖੇ ਪੈਂਡੇ ਤੈਅ ਕਰਦੇ ਹਾ। ਜਾਣ ਬਾਅਦ ਵੀ ਸਾਡੇ ਅੰਗ ਸੰਗ ਰਹਿਦੀ ਹੈ। ਮਾਂ ਦੀ ਬਦੋਲਤ ਚਲਦੇ ਸਾਹਾ ਦਾ ਹਰਜਾਨੇ ਭਰਨੇ ਅਸੰਭਵ ਨਹੀ, ਮਾਂ ਦੇ ਪਿਆਰ ਦੀ ਠੰਡੀ ਛਾ ਨੂੰ ਮਾਨਣਾ ਵੀ ਨਸੀਬ ਨਾਲ ਹੀ ਹਾਸਿਲ ਹੁੰਦਾ ਹੈ। ਤੁਰ ਤਾ ਸਭ ਨੇ ਹੀ ਜਾਣਾ ਪਰ ਸਮੇ ਤੋ ਪਹਿਲਾ ਬੱਚਿਆ ਦੀ ਮਾਂ ਦੂਰ ਨਾ ਹੋਵੇ। ਇਹ ਖਲਾਅ ਪੂਰਿਆ ਨਹੀ ਜਾ ਸਕਦਾ ,ਦੁਨੀਆ ਖਾਲੀ (ਖਮੋਸ਼) ਲਗਦੀ ਹੈ। ਮਾਂ ਦੇ ਪਿਆਰ ਵਰਗਾ ਨਿੱਘ ਕਿਧਰੇ ਹੋਰ ਨਹੀ ਮਿਲਦਾ ਜੋ ਮਾਂ ਦੇ ਤੁਰ ਜਾਣ ਮਗਰੋ ਮਹਿਸੂਸ ਹੋਇਆ। ਮਾਂ ਹਰ ਕਿਸੇ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਔਰਤ ਹੁੰਦੀ ਹੈ। ਇੱਕ ਮਾਂ ਆਪਣੇ ਬੱਚੇ ਲਈ ਆਪਣੀਆਂ ਖੁਸ਼ੀਆਂ ਕੁਰਬਾਨ ਕਰ ਦਿੰਦੀ ਹੈ।ਜਿਸ ਤਰ੍ਹਾਂ ਇੱਕ ਮਾਂ ਬੱਚਿਆਂ ਦੀ ਦੇਖਭਾਲ ਕਰਦੀ ਹੈ ਕੋਈ ਹੋਰ ਨਹੀਂ ਕਰ ਸਕਦਾ। ਸੋ ਪਰਿਵਾਰ ਸਮੇਤ ਮਾਂਵਾ ਨੂੰ ਸਮਾ ਜਰੂਰ ਦੇਵੋ। ਉਸ ਰੂਹਾਨੀ ਖੁਸ਼ੀ ਦਾ ਅਨੰਦ ਕਿਤੋ ਹੋਰ ਨਹੀ ਮਿਲ ਸਕਦਾ।

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬਹਰਿਆਣਾਹਾਈਕੋਰਟਚੰਡੀਗੜ**
**ਮੋ 78374 90309**



# ਆਪਣੀ ਹੋਂਦ ਬਚਾਉਣ ਲਈ ਔਰਤ ਨੂੰ ਖ਼ੁਦ ਅੱਗੇ ਆਉਣਾ ਹੀ ਪਵੇਗਾ

ਅੱਜ ਜੇ ਦੇਖਿਆ ਜਾਵੇ ਤਾਂ ਕੁੜੀਆਂ ਦਾ ਮੁੰਡਿਆਂ ਪ੍ਰਤੀ ਅਨੁਪਾਤ ਲਗਾਤਾਰ ਘੱਟਦਾ ਜਾ ਰਿਹਾ ਹੈ। ਭਾਵੇਂ ਔਰਤਾਂ ਦੇ ਹੱਕਾਂ ਦੀ ਰਾਖੀ ਲਈ ਅਨੇਕਾਂ ਸਮਾਜ ਸੁਧਾਰਕ ਜੱਥੇਬੰਦੀਆਂ ਤੇ ਖੁਦ ਔਰਤਾਂ ਯਤਨਸ਼ੀਲ ਹਨ ਤੇ ਭਰੂਣ ਹੱਤਿਆ ਵਰਗੀਆਂ ਘਿਣਾਉਣੀਆਂ ਹਰਕਤਾਂ ਨੂੰ ਠੱਲ੍ਹ ਪਾਉਣ ਲਈ ਤੇ ਧੀਆਂ ਨੂੰ ਮੁੰਡਿਆਂ ਦੇ ਬਰਾਬਰ ਕਰਨ ਲਈ ਹਰ ਕੋਈ ਢੰਡੋਰੇ ਪਿੱਟ ਰਿਹਾ ਹੈ ਪਰ ਕੁਝ ਕੁ ਇਨਸਾਨੀਅਤ ਰੰਗੇ ਮਨਾਂ ਨੂੰ ਛੱਡ ਕੇ ਸਭ ਦੇ ਸਭ ਫੋਕੇ ਦਾਅਵੇ ਕਰਦੇ ਸਾਬਿਤ ਹੋ ਰਹੇ ਹਨ, ਨਹੀਂ ਤਾਂ ਅਨੁਪਾਤ ਘਟਣ ਦੀ ਬਜਾਏ ਜ਼ਰੂਰ ਵੱਧਦਾ। ਨਿੱਤ ਰੋਜ਼ ਅਖਬਾਰਾਂ ਵਿੱਚ ਗਲੀਆਂ ਨਾਲੀਆਂ ਵਿੱਚ ਰੁੜ੍ਹਦੇ ਮਾਦਾ ਭਰੂਣਾਂ ਦੀਆਂ ਖਬਰਾਂ ਲਗਾਤਾਰ ਛੱਪਦੀਆਂ ਰਹਿੰਦੀਆਂ ਹਨ ਤੇ ਰੁਕਣ ਦਾ ਨਾਂ ਨਹੀਂ ਲੈਂਦੀਆਂ। ਵੱਡੇ-ਵੱਡੇ ਹੱਸਪਤਾਲਾਂ ਦੇ ਗੰਦ ਦੇ ਟੋਇਆਂ ਵਿੱਚੋਂ ਮਿਲਦੇ ਇਹਨਾਂ ਮਾਦਾ ਭਰੂਣਾਂ ਦੇ ਕੰਕਾਲ ਚੀਖ-ਚੀਖ ਕੇ ਨਿਰਦਈ ਤੇ ਧੋਖੇਬਾਜ਼ਾਂ ਦੀਆਂ ਕਰਤੂਤਾਂ ਤੋਂ ਪਰਦਾ ਉਠਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ। ਹਿਰਦੇ ਧੁਰ ਅੰਦਰ ਤੱਕ ਕੰਬ ਜਾਂਦੇ ਹਨ ਜ਼ੁਬਾਨ ’ਤੇ ਜੰਦਰੇ ਲੱਗ ਜਾਂਦੇ ਹਨ ਪਾਪੀਆਂ ਦੇ ਕਾਰਨਾਮੇ ਦੇਖਕੇ। ਪਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਜੇ ਗਰੀਬ ਨਾ ਹੋਣ ਤਾਂ ਸ਼ਾਇਦ ਇਸ ਦੁਨੀਆਂ ਤੋਂ ਕੁੜੀਆਂ ਦਾ ਨਾਮ ਨਿਸ਼ਾਨ ਹੀ ਮਿਟ ਜਾਵੇਗਾ। ਜੇ ਕੁੜੀਆਂ ਦਾ ਥੋੜ੍ਹਾ ਬਹੁਤ ਅਨੁਪਾਤ ਬਚਿਆ ਹੈ ਤਾਂ ਸ਼ਾਇਦ ਗਰੀਬਾਂ ਕਰਕੇ। ਗਰੀਬ ਵਿਚਾਰੇ ਭਾਵੇਂ 2 ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਕਮਾਉਂਦੇ ਹਨ ਪਰ ਉਹਨਾਂ ਦੀ ਮਿਹਨਤ ਮੁਸ਼ੱਕਤ ਦੀ ਕਮਾਈ ਵਿੱਚ ਏਨੀ ਬਰਕਤ ਹੁੰਦੀ ਹੈ ਕਿ ਧੀਆਂ ਨੂੰ ਮਾਰਨ ਦੀ ਬਜਾਏ ਪਾਲਣ ਪੋਸ਼ਣ ਲਈ ਸਿਦਕ ਤੇ ਸਬੂਰੀ ਭਰਪੂਰ ਹੁੰਦੀ ਹੈ ਸੁੱਕੇ ਟੁਕੜਿਆਂ ਤੇ ਗਰੀਬੀ ਨਾਲ ਜੂਝਦਿਆਂ ਹੱਕ ਸੱਚ ਦੀ ਕਮਾਈ ਨਾਲ ਬਣਾਏ ਗਰੀਬ ਖਾਨਿਆਂ ਵਿੱਚ ਧੀਆਂ ਮਾਂ ਪਿਉ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਦੀਆਂ ਹਨ। ਧੀਆਂ ਦੀ ਹੋਂਦ ਨੂੰ ਸਥਾਪਿਤ ਰੱਖਣ ਲਈ ਇਹਨਾਂ ਗਰੀਬਾਂ ਦੀ ਭੂਮਿਕਾ ਨੂੰ ਨਕਾਰਿਆ ਨਹੀਂ ਜਾ ਸਕਦਾ। ਪਰ ਸੋਚਣ ਵਾਲੀ ਗੱਲ ਹੈ ਕਿ ਗਰੀਬਾਂ ਦੇ ਘਰ ਧੀਆਂ ਲਾਈਨਾਂ ਲਾ ਕੇ ਕਿਉਂ ਆ ਜਾਂਦੀਆਂ ਹਨ? ਅਮੀਰਾਂ ਦੇ ਘਰ ਜ਼ਿਆਦਾਤਰ ਮੁੰਡੇ ਹੀ ਕਿਉਂ ਜੰਮਦੇ ਹਨ? ਹਕੀਕਤ ਕਿਸੇ ਤੋਂ ਵੀ ਛੁਪੀ ਨਹੀਂ ਹੈ। ਅਸਲ ਵਿੱਚ ਲਾਲਚੀ ਡਾਕਟਰਾਂ ਨੇ ਚੰਦ ਸਿੱਕਿਆਂ ਬਦਲੇ ਆਪਣੇ ਈਮਾਨ ਵੇਚ ਸੁੱਟੇ ਹਨ ਤੇ ਅੰਦਰ ਖਾਤੇ ਅਮੀਰਜ਼ਾਦਿਆਂ ਦੇ ਇਸ਼ਾਰੇ ’ਤੇ ਪਾਪ ਕਰਨ ਤੋਂ ਰਤਾ ਨਹੀਂ ਝਿਜਕਦੇ। ਭਲਾ ਕਰਨ ਦੀ ਥਾਂ ਕੁਦਰਤੀ ਵਰਦਾਨ ਰੂਪੀ ਵਿਗਿਆਨ ਦਾ ਏਨਾ ਨਜਾਇਜ਼ ਫਾਇਦਾ ਉਠਾਉਂਦੇ ਹਨ ਕਿ ਚੰਗੇ ਤੇ ਬੁਰੇ ਦੀ ਸੋਝੀ ਹੀ ਭੁੱਲ ਜਾਂਦੇ ਹਨ ਤੇ ਲਿੰਗ ਨਿਰਧਾਰਨ ਟੈਸਟ ਕਰਦੇ ਹੀ ਜਾ ਰਹੇ ਹਨ। ਪਤਾ ਨਹੀਂ ਕਦੋਂ ਇਹਨਾਂ ਸ਼ੈਤਾਨ ਡਾਕਟਰਾਂ ਤੇ ਦੌਲਤਮੰਦਾਂ ਦੀ ਮਾਨਸਿਕਤਾ ਬਦਲੇਗੀ? ਅੱਜ ਔਰਤ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਉਠਾਉਣ ਵਾਲੇ ਦੀਨ ਦੁਨੀਆਂ ਦੇ ਵਾਲੀ ਬਾਬੇ ਨਾਨਕ ਦੇ ਪੰਜਾਬ ਅੰਦਰ ਕੁੜੀਆਂ ਦਾ ਅਨੁਪਾਤ ਏਨਾ ਗਿਰ ਗਿਆ ਹੈ ਕਿ ਪੰਜਾਬ ਨੂੰ ‘ਕੁੜੀ ਮਾਰ’ ਪੰਜਾਬ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਹੈ। ਹੁਣ ਤਾਂ ਵਾਰਿਸ ਸ਼ਾਹ ਨੂੰ ਕਬਰਾ ਵਿੱਚੋਂ ਆਵਾਜ਼ ਮਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਵੀ ਨਹੀਂ ਰਹੀ ਤੇ ਫਿਰ ਕਦੋਂ ਰੁਕੇਗਾ ਕੁੜੀਆਂ ਦੇ ਕਤਲੇਆਮ ਦਾ ਸਿਲਸਿਲਾ? ਕਿਹੜੇ ਰੱਬ ਨੂੰ ਮੰਨਦੇ ਨੇ ਇਹ ਕੁੜੀ ਮਾਰ? ਇਕੱਲੀ ਭਰੂਣ ਹੱਤਿਆ ਹੀ ਨਹੀਂ, ਦਾਜ ਦਾ ਕੋਹੜ, ਜਿਸਮਫਰੋਸ਼ੀ, ਲਿੰਗ ਵਿਤਕਰਾ, ਮਾਨਸਿਕ ਤੇ ਸਰੀਰਕ ਅਤਿਆਚਾਰਾਂ ਨਾਲ ਜੂਝਦੀ ਔਰਤ ਦੀ ਕਹਾਣੀ ਕੋਈ ਨਵੀਂ ਨਹੀਂ। ਸਦੀਆਂ ਤੋਂ ਪੁਰਸ਼ ਪ੍ਰਧਾਨ ਸਮਾਜ ਅੰਦਰ ਔਰਤ ਦੀ ਹੁੰਦੀ ਆ ਰਹੀ ਦੁਰਦਸ਼ਾ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਵੱਡੇ-ਵੱਡੇ ਅਖੌਤੀ ਲੀਡਰ ਔਰਤਾਂ ਦੇ ਹੱਕਾਂ ਦੀ ਦੁਹਾਈ ਪਾਉਂਦੇ ਨਜ਼ਰ ਆਉਂਦੇ ਹਨ। ਪਰ ਤੜ ਮਾਰਨ ਵਾਲੇ ਰਾਜਨੀਤੀਵਾਨਾਂ ਤੋਂ ਹਾਲੇ ਤੱਕ ਵੀ 33 ਫੀਸਦੀ ਔਰਤਾਂ ਦੇ ਰਾਖਵੇਂਕਰਨ ਦਾ ਬਿੱਲ ਸਿਰੇ ਨਹੀਂ ਚੜ੍ਹਿਆ। ਕੁਝ ਪੱਖਵਾਦੀ ਲੀਡਰਾਂ ਨੇ ਸ਼ਰੇਆਮ ਖੁੱਲ੍ਹ ਕੇ ਇਸ ਬਿੱਲ ਦੀ ਵਿਰੋਧਤਾ ਕਰ ਸੁੱਟੀ ਤੇ ਔਰਤ ਦੀ ਭਲਾਈ ਲਈ ਹੁੰਦੇ ਫੋਕੇ ਦਾਅਵਿਆਂ ਦੀ ਫੂਕ ਕੱਢ ਦਿੱਤੀ। ਭਾਵੇਂ ਔਰਤਾਂ ਖੁਦ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦੀਆਂ ਦਿੱਸ ਰਹੀਆਂ ਹਨ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਪਿਛਲੇ ਦਿਨੀਂ ਡਾ. ਹਰਸ਼ਿੰਦਰ ਕੌਰ ਤੇ ਡਾ. ਗੁਰਪਾਲ ਸਿੰਘ ਵੱਲੋਂ ਕੀਤੇ ਸਰਵੇਖਣ ਬਾਅਦ ਹੋਏ ਖੁਲਾਸੇ ਅਨੁਸਾਰ ਸਾਹਮਣੇ ਆਇਆ ਕਿ ਗਿਆਨ ਦੀ ਘਾਟ ਤੇ ਸੁਰੱਖਿਆ ਦੇ ਡਰੋਂ ਬਹੁਤੀਆਂ ਲੜਕੀਆਂ ਹੀ ਕੁੜੀਆਂ ਜੰਮਣ ਨਈ ਤਿਆਰ ਨਹੀਂ ਹਨ। 3228 ਕੁੜੀਆਂ ਨੂੰ ਲੈ ਕੇ ਕੀਤੇ ਗਏ ਇਸ ਸਰਵੇਖਣ ਤੋਂ ਪਤਾ ਲੱਗਾ ਕਿ 56 ਫੀਸਦੀ ਲੜਕੀਆਂ ਵਿਆਹ ਤੋਂ ਬਾਅਦ ਕੁੜੀਆਂ ਜੰਮਣ ਤੋਂ ਨਾਂਹ ਹੀ ਕਰਦੀਆਂ ਹਨ, 38 ਫੀਸਦੀ ਨੇ ਮੰਨਿਆ ਕਿ ਮੁੰਡੇ ਤੋਂ ਬਾਅਦ ਕੁੜੀ ਹੋ ਜਾਵੇ ਮਨਜ਼ੂਰ ਹੈ ਪਰ ਉਹ ਵੀ ਸਹੁਰੇ ਪਰਿਵਾਰ ਦੀ ਮਰਜ਼ੀ ਨਾਲ। 9 ਫੀਸਦੀ ਲੜਕੀਆਂ ਨੇ ਸਮਾਜਿਕ ਸੁਰੱਖਿਆ ਦੇ ਡਰੋਂ ਕੁੜੀਆਂ ਜੰਮਣ ਤੋਂ ਮਨ੍ਹਾ ਕੀਤਾ ਤੇ 12 ਫੀਸਦੀ ਘਰੇਲੂ ਹਿੰਸਾ ਤੇ ਦੁਨਿਆਵੀ ਸਲੂਕ ਤੋਂ ਘਬਰਾਹਟ ਵਿੱਚ ਸਨ। 5.3 ਫੀਸਦੀ ਲੜਕੀਆਂ ਨੇ ਵੰਸ਼ ਦਾ ਨਾਮ ਚਲਾਉਣ ਲਈ ਮੁੰਡੇ ਜੰਮਣ ਦੀ ਇੱਛਾ ਜ਼ਾਹਰ ਕੀਤੀ। ਸਭ ਤੋਂ ਹੈਰਾਨੀ ਭਰਿਆ ਤੱਥ ਇਹ ਸਾਹਮਣੇ ਆਇਆ ਕਿ ਸਿਰਫ 11 ਫੀਸਦੀ ਸ਼ਹਿਰੀ ਅਤੇ 1.8 ਫੀਸਦੀ ਪਿੰਡਾਂ ਵਿੱਚ ਰਹਿਣ ਵਾਲੀਆਂ ਕੁੜੀਆਂ ਨੂੰ ਹੀ ਇਹ ਜਾਣਕਾਰੀ ਸੀ ਕਿ ਮੁੰਡਾ ਪੈਦਾ ਕਰਨ ਲਈ ਸਿਰਫ ਮਰਦ ਦਾ ਹੀ ਹੱਥ ਹੁੰਦਾ ਹੈ। ਉਪਰ ਦਿੱਤੇ ਸਰਵੇਖਣ ਦਾ ਨਤੀਜਾ ਜ਼ਾਹਰ ਕਰਦਾ ਹੈ ਕਿ ਅਸਿੱਖਿਅਤ, ਸਮਾਜਿਕ ਪੱਖੋਂ ਅਸੁਰੱਖਿਅਤ, ਹਿੰਸਾ ਦੀਆਂ ਸ਼ਿਕਾਰ ਕੁੜੀਆਂ ਖੁਦ ਹੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ ਹਨ। ਇਸ ਦੇਸ਼ ਅੰਦਰ ਅਣਮਨੁੱਖੀ ਤੇ ਵਹਿਸ਼ੀਆਨਾ ਤੇਜ਼ਾਬੀ ਹਮਲੇ ਦੀਆਂ ਸ਼ਿਕਾਰ ਕੁੜੀਆਂ ਦੀ ਜੱਦੋ-ਜਹਿਦ ’ਤੇ ਬਣੀ ਫਿਲਮ ‘ਸ਼ਪਾਕ’ ਨੇ ਮਾੜੇ ਪ੍ਰਸ਼ਾਸਨਿਕ ਪ੍ਰਬੰਧਾਂ ਤੇ ਕਾਨੂੰਨੀ ਵਿਵਸਥਾ ਦਾ ਸੱਚ ਜਨਤਾ ਦੀ ਕਚਹਿਰੀ ਵਿੱਚ ਪੇਸ਼ ਕਰਕੇ ਕੁੜੀਆਂ ਪ੍ਰਤੀ ਇਨਸਾਨੀਅਤ ਦੀ ਸੋਚ ਨੂੰ ਖੂਬ ਨੰਗਾ ਕੀਤਾ। ਇਸ ਫਿਲਮ ਨੇ ਕੁੜੀਆਂ ਨੂੰ ਸਿੱਖਿਆਤਮਕ ਤਰੀਕੇ ਨਾਲ ਚਿਤਾਰਿਆ ਕਿ ਕੌਣ ਇਹਨਾਂ ਦੇ ਅ ਧਿਕਾਰਾਂ ਦੀ ਸੁਰੱਖਿਆ ਲਈ ਅੱਗੇ ਆਵੇਗਾ? 21ਵੀਂ ਸਦੀ ਦੀ ਅੱਜ ਦੀ ਕੁੜੀ ਕਿਉਂ ਨਹੀਂ ਚਾਹੁੰਦੀ ਆਪਣੀਆਂ ਬੇੜੀਆਂ ਤੋੜਨਾ? ਇਹਨਾਂ ਨੂੰ ਪੁਛਣ ਵਾਲਾ ਹੋਵੇ ਕਿ ਕੀ ਕਿਰਨ ਬੇਦੀ, ਇੰਦਰਾ ਗਾਂਧੀ, ਸਰੋਜਨੀ ਨਾਇਡੂ, ਕਲਪਨਾ ਚਾਵਲਾ, ਸਾਬਕਾ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਵਰਗੀਆਂ ਮਹਾਨ ਔਰਤਾਂ ਨੇ ਆਪਣੇ ਵੰਸ਼ ਦਾ ਨਾਮ ਉੱਚਾ ਨਹੀਂ ਕੀਤਾ? ਮਾਂ ਦੀ ਭੂਮਿਕਾ ਖਾਨਦਾਨ ਦੇ ਨਾਮ ’ਚੋਂ ਮਨਫੀ ਕਿਉਂ ਕਰ ਦਿੱਤੀ ਜਾਂਦੀ ਹੈ? ਕੀ ਮਾਤਾ ਤ੍ਰਿਪਤਾ ਜੀ, ਮਾਤਾ ਗੁਜਰੀ ਜੀ ਤੇ ਮਾਤਾ ਸੁੰਦਰੀ ਜੀ ਨੂੰ ਭੁਲਾਇਆ ਜਾ ਸਕਦਾ ਹੈ? ਕੀ ਸਦੀਆਂ ਪਹਿਲਾ ਹੋਈਆਂ ਮਾਤਾ ਸੀਤਾ, ਮੰਦੋਦਰੀ, ਦਰੋਪਤੀ, ਕੌਸ਼ੱਲਿਆ ਦੇਵੀਆਂ ਨੂੰ ਕੋਈ ਭੁੱਲਿਆ ਹੈ? ਅਸਲ ਵਿੱਚ ਸ਼੍ਰਿਸ਼ਟੀ ਦੇ ਨਿਯਮ ਮੁਤਾਬਿਕ ਨਰ ਤੇ ਮਾਦਾ ਦੋਵੇਂ ਹੀ ਬਰਾਬਰ ਦੇ ਭਾਗੀਦਾਰ ਹਨ ਤੇ ਦੋਵੇਂ ਇੱਕ ਦੂਜੇ ਤੋਂ ਬਿਨਾਂ ਅਧੂਰੇ ਹਨ ਤੇ ਫੇਰ ਆਪਣੀ ਹੋਂਦ ਨੂੰ ਔਰਤ ਖੁਦ ਕਿਉਂ ਚੁਣੌਤੀ ਦੇ ਰਹੀ ਹੈ? ਕੀ ਸੰਸਾਰ ਦੀ ਹੋਂਦ ਔਰਤ ਬਿਨਾ ਸੰਭਵ ਹੈ? ਜੇ ਨਹੀਂ ਤਾਂ ਅੱਜ ਜੱਗ ਜਣਨੀ ਦੀ ਹਾਲਤ ਖਤਰੇ ਵਿੱਚ ਕਿਉਂ? ਸੱਸਾਂ, ਸਹੁਰਿਆਂ, ਵਹੁਟੀਆਂ, ਪਤੀਆਂ, ਧੀਆਂ ਨੂੰ ਆਪਣੀ ਸੋਚ ਬਦਲਣੀ ਹੀ ਪਵੇਗੀ। ਲੋਕ ਲਾਜ ਦੀ ਖਾਤਰ ਚੁਗਲਖੋਰ ਤੇ ਤਾਹਨੇ ਮਾਰਨ ਵਾਲੇ ਅਨਸਰਾਂ ਖਿਲਾਫ ਝੰਡਾ ਬੁਲੰਦ ਕਰਨਾ ਹੀ ਪਵੇਗਾ। ਮਾਪਿਆਂ ਦੀ ਆਣ ਇੱਜ਼ਤ ਨੂੰ ਬਰਕਰਾਰ ਰੱਖਦਿਆਂ ਬੁਲੰਦੀਆਂ ਨੂੰ ਛੂਹ ਕੇ ਆਪਣੇ ਨਾਲ ਹੁੰਦੇ ਜ਼ੁਲਮਾਂ ਦਾ ਜਵਾਬ ਦੇਣਾ ਹੀ ਪਵੇਗਾ ਤਾਂ ਕਿ ਹਰ ਵੀਰ ਤੇ ਮਾਂ ਬਾਪ ਨੂੰ ਕੁੜੀਆਂ ਬੋਝ ਨਾ ਲੱਗਣ ਤੇ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਕੁੜੀਆਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ। ਖਾਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਗਰੀਬ ਕੜੀਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਸਸਤੀ ਤੇ ਢੁਕਵੀਂ ਸਿੱਖਿਆ ਪ੍ਰਦਾਨ ਕੀਤੀ ਜਾਵੇ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਮੁੰਡੇ ਵਿਆਹੁਣ ਲਈ ਕੁੜੀਆਂ ਹੀ ਨਾ ਲੱਭਣ। ਵੇਲਾ ਇੱਕ ਵਾਰ ਲੰਘਿਆ ਕਦੇ ਮੁੜ ਕੇ ਨਹੀਂ ਆਉਂਦਾ ਤੇ ਕੁਦਰਤੀ ਸੰਤੁਲਨ ਬਣਾਈ ਰੱਖਣ ਲਈ ਸਮੇਂ ਦੀ ਕਦਰ ਕਰਨਾ ਲਾਜ਼ ਹੈ।

**ਰਜਿੰਦਰ ਕੌਰ 98143-36134**




# ਮਾਂ ਦੀ ਮਮਤਾ



ਪਰਮਾਤਮਾ ਨੇ ਇਨਸਾਨ ਨੂੰ ਦੁਨੀਆਂਦਾਰੀ ਵਿੱਚ ਵਿਚਰਨ ਲਈ ਅਨੇਕਾਂ ਰਿਸ਼ਤਿਆਂ ਨਾਲ ਜੋੜਿਆ ਹੈ। ਇਨਸਾਨੀ ਜ਼ਿੰਦਗੀ ਅਨੇਕਾਂ ਰਿਸ਼ਤਿਆਂ ਦਾ ਸੁਮੇਲ ਹੈ ਜਿਵੇਂ ਭੈਣ-ਭਰਾ,ਮਾਂ-ਪਿਓ,ਦਾਦਾ-ਦਾਦੀ,ਨਾਨਾ-ਨਾਨੀ, ਤਾਏ, ਚਾਚੇ, ਦੋਸਤ, ਪ੍ਰੇਮੀ-ਪ੍ਰੇਮਿਕਾ ਆਦਿ।ਇਨ੍ਹਾਂ ਸਾਰੇ ਰਿਸ਼ਤਿਆਂ ਵਿੱਚੋਂ ਉੱਚਾ-ਸੁੱਚਾ ਤੇ ਪਵਿੱਤਰ ਰਿਸ਼ਤਾ ਹੈ ਮਾਂ ਦਾ ਰਿਸ਼ਤਾ।ਪਰਮਾਤਮਾ ਵੱਲੋਂ ਵੀ ਮਾਂ ਦੇ ਰਿਸ਼ਤੇ ਨੂੰ ਇਨਾ ਉੱਚਾ ਦਰਜਾ ਪ੍ਰਾਪਤ ਹੈ ਕਿ ਪਰਮਾਤਮਾ ਦੇ ਖ਼ੁਦ ਨਾਂ ਮਗਰ ਵੀ ਮਾਂ ਸ਼ਬਦ ਲੱਗਦਾ ਹੈ।ਅੰਤਰ ਕੇਵਲ ਬਿੰਦੀ ਦਾ ਹੀ ਹੈ।ਇਸ ਗੱਲ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਾਂ ਬੱਚੇ ਲਈ ਰੱਬ ਵੱਲੋਂ ਦਿੱਤੀ ਕਿੰਨੀ ਮਹਾਨ ਦੇਣ ਹੈ।ਮਾਂ ਰੱਬ ਦਾ ਦੂਜਾ ਨਾਂ ਹੈ।ਮਾਂ ਆਪਣੇ ਬੱਚੇ ਨੂੰ ਨੌ ਮਹੀਨੇ ਕੁੱਖ ਵਿੱਚ ਰੱਖਦੀ ਹੈ,ਅਨੇਕਾਂ ਦੁੱਖ ਤਕਲੀਫ਼ਾ ਝੱਲਣ ਤੋਂ ਬਾਅਦ ਉਸਨੂੰ ਜਨਮ ਦਿੰਦੀ ਹੈ।ਮਾਂ ਦੇ ਪਿਆਰ ਵਿੱਚ ਇੰਨੀ ਤਾਕਤ ਹੈ ਕਿ ਬੱਚਾ ਸਭ ਤੋਂ ਪਹਿਲਾ ਮਾਂ ਕਹਿਣਾ ਹੀ ਸਿੱਖਦਾ ਹੈ।

ਮਾਂ ਦੇ ਸਾਡੇ ਸਿਰ ਅਨੇਕਾਂ ਕਰਜ਼ ਹਨ ਤੇ ਅਨੇਕਾਂ ਅਹਿਸਾਨ ਵੀ ਹਨ,ਜੋ ਕਦੇ ਵੀ ਉਤਾਰੇ ਨਹੀਂ ਜਾ ਸਕਦੇ।ਇਨਸਾਨ ਚਾਹੇ ਜਿੰਨਾ ਮਰਜ਼ੀ ਅਮੀਰ,ਧਨਵਾਨ ਕਿਉਂ ਨਾ ਬਣ ਜਾਵੇ,ਪਰ ਮਾਂ ਦਾ ਚਾੜ੍ਹਿਆ ਹੋਇਆ ਕਰਜ਼ਾ ਸੱਤ ਜਨਮਾਂ ਤੱਕ ਨਹੀਂ ਉਤਾਰ ਸਕਦਾ।ਮਾਂ ਦਾ ਦਿਲ ਮੋਮ ਦੀ ਤਰ੍ਹਾਂ ਨਰਮ ਤੇ ਕੋਮਲ ਹੈ।ਮਾਂ ਆਪਣੇ ਬੱਚੇ ਦੀ ਖ਼ੁਸ਼ੀ ਲਈ ਹਰ ਸੰਭਵ ਕੋਸ਼ਿਸ਼ ਕਰਦੀ ਹੈ।ਮਾਂ ਆਪਣੇ ਬੱਚੇ ਨੂੰ ਦੁੱਖ 'ਚ ਨਹੀਂ ਦੇਖ ਸਕਦੀ।ਜੇ ਬੱਚੇ ਨੂੰ ਬੁਖਾਰ ਚੜ੍ਹ ਜਾਵੇ ਤਾਂ ਸਾਰੀ-ਸਾਰੀ ਰਾਤ ਜਾਗ ਕੇ ਮਾਂ ਉਹਦੇ ਮੱਥੇ ਤੇ ਪੱਟੀਆਂ ਕਰਦੀ ਹੈ।ਜੇ ਬੱਚੇ ਦੇ ਪੈਰ ਤੇ ਕੰਡਾ ਵੀ ਵੱਜੇ ਤਾਂ ਮਾਂ ਦੀ ਜਾਨ 'ਤੇ ਬਣ ਜਾਂਦੀ ਹੈ।ਏਨਾ ਨਰਮ ਦਿਲ ਹੈ ਮਾਂ ਦਾ।ਪਰ ਦੂਜੇ ਪਾਸੇ ਮਜ਼ਬੂਤ ਦਿਲ ਤੇ ਦ੍ਰਿੜ੍ਹ ਇਰਾਦੇ ਵਾਲੀਆਂ ਮਾਂਵਾਂ ਵੀ ਧਨ ਹਨ,ਜਿਨ੍ਹਾਂ ਨੇ ਆਪਣੇ ਬੱਚਿਆਂ ਦੇ ਟੋਟੇ ਕਰਾ ਕੇ ਗਲਾਂ 'ਚ ਹਾਰ ਪਵਾਏ ਅਤੇ ਠੰਡੇ ਬੁਰਜ਼ ਵਿੱਚ ਬੱਚਿਆਂ ਲਈ ਪੋਹ-ਮਾਘ ਦੀਆਂ ਰਾਤਾਂ ਵੀ ਕੱਟੀਆਂ।ਝਾਂਸੀ ਦੀ ਰਾਣੀ ਮਜ਼ਬੂਤ ਤੇ ਦ੍ਰਿੜ੍ਹ ਇਰਾਦੇ ਵਾਲੀ ਮਾਂਵਾਂ ਦੀ ਮਿਸਾਲ ਹੈ,ਜੋ ਆਪਣੇ ਬੱਚੇ ਲਈ ਅੰਗਰੇਜ਼ ਸਰਕਾਰ ਨਾਲ ਮੱਥਾ ਲਾ ਗਈ।ਧਨ ਹੈ ਮਾਂ ਤੇ ਮਾਂ ਦੀ ਮਮਤਾ। ਮਾਂ ਆਪਣੇ ਬੱਚੇ ਲਈ ਕੀ ਨਹੀਂ ਕਰਦੀ ?ਮਾਂ ਆਪਣੇ ਬੱਚੇ ਲਈ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ।ਮਾਂ ਆਪਣੇ ਬੱਚੇ ਨੂੰ ਦੇਖ-ਦੇਖ ਜਿਊਂਦੀ ਹੈ।ਜਿਸ ਬੱਚੇ ਨੂੰ ਦੇਖ-ਦੇਖ ਮਾਂ ਜਿਊਂਦੀ ਹੈ ਜੇ ਉਹ ਵੱਡਾ ਹੋ ਕੇ ਇਹ ਕਹਿ ਦੇਵੇ ਕਿ ਤੂੰ ਮੇਰੇ ਲਈ ਕੀ ਕੀਤੈ ?ਤਾਂ ਉਸ ਮਾਂ ਦਾ ਦੁਨੀਆਂ ਤੇ ਜਿਊਂਣ ਨੂੰ ਦਿਲ ਨਹੀਂ ਕਰਦਾ।ਉਹ ਟੁੱਟ ਜਾਂਦੀ ਹੈ ਤੇ ਬੇਆਸਰਾ ਹੋ ਜਾਂਦੀ ਹੈ।ਅਜਿਹੀ ਨਲਾਇਕ ਔਲਾਦਾ ਦੀ ਹੀ ਦੇਣ ਹਨ,ਪੰਜਾਬ ਅੰਦਰ ਖੁੱਲ੍ਹੇ ਬਿਰਧ ਆਸ਼ਰਮ।ਜਦੋਂ ਘਰ ਵਿੱਚ ਬੁੱਢੀ ਮਾਂ ਨੂੰ ਨੂੰਹ ਪੁੱਤ ਨਹੀਂ ਪੁੱਛਦੇ,ਹਰ ਵਕਤ ਉਹਦੇ ਨਾਲ ਲੜਾਈ-ਝਗੜਾ ਰੱਖਦੇ ਹਨ ਤਾਂ ਮਾਂ ਨਾ ਚਾਹੁੰਦੇ ਹੋਏ ਵੀ ਰੱਬ ਤੋਂ ਆਪਣੇ ਲਈ ਮੌਤ ਮੰਗਦੀ ਹੈ।ਕਈ ਘਰਾਂ ਵਿੱਚ ਰੱਬ ਰੂਪੀ ਮਾਂ ਦੀ ਏਨੀ ਬੇਕਦਰੀ ਹੈ ਕਿ ਦੇਖਕੇ ਰੂਹ ਕੰਬ ਜਾਂਦੀ ਹੈ। ਜਿਸ ਘਰ ਮਾਂ ਹੈ ਉਹ ਘਰ ਪੂਜਣਯੋਗ ਹੈ,ਕਿਉਂਕਿ ਮਾਂ ਰੱਬ ਸਮਾਨ ਹੈ।ਜਦੋਂ ਰੱਬ ਘਰ ਵਿੱਚ ਹੈ ਤਾਂ ਕਿਸੇ ਗੁਰੂਦੁਆਰੇ ਜਾਂ ਮੰਦਿਰ,ਮਸਜਿਦ ਜਾਣ ਦੀ ਲੋੜ ਨਹੀਂ ਪੈਂਦੀ।ਮਾਂ ਦੇ ਪੈਰਾਂ ਹੇਠ ਸੰਸਾਰ ਦੀ ਸਭ ਤੋਂ ਸੁੱਚੀ ਥਾਂ ਹੈ,ਉਹ ਸਿਰਾਂ ਤੇ ਠੰਡੀ ਛਾਂ ਹੈ,ਸੰਸਾਰ ਦਾ ਸਭ ਤੋਂ ਸੁੱਚਾ ਹਰਫ਼ ਹੈ ਤੇ ਰੱਬ ਸੱਚੇ ਦਾ ਨਾਂ ਹੈ।ਸੰਸਾਰ ਦਾ ਸਾਰਾ ਕਾਗਜ਼ ਉਸਦੀ ਉਸਤਤ 'ਤੇ ਲਾ ਦੇਈਏ ਤਾਂ ਵੀ ਕੁਝ ਨਹੀਂ।ਮਾਂ ਜਿੰਨੀ ਮਰਜ਼ੀ ਬੁੱਢੀ ਹੋ ਜਾਵੇ, ਉਹਦਾ ਪਿਆਰ,ਸਨੇਹ,ਆਪਣਾਪਨ ਕਦੇ ਵੀ ਬੁੱਢਾ ਨਹੀਂ ਹੁੰਦਾ।ਇਨਸਾਨੀ ਜ਼ਿੰਦਗੀ ਦੀਆਂ ਸਾਰੀਆਂ ਖ਼ੁਸ਼ੀਆਂ,ਹਾਸੇ-ਖੇੜੇ ਮਾਂ ਦੇ ਕਦਮਾਂ ਵਿੱਚ ਹਨ।ਮਾਂ ਦੇ ਕਦਮਾਂ ਵਿੱਚ ਜੰਨਤ ਹੈ।ਜੇ ਮਾਂ ਦਾ ਹੱਥ ਸਿਰ ਤੇ ਹੋਵੇ ਤਾਂ ਸਾਰੀਆਂ ਬਲਾਵਾਂ ਦੂਰ ਹੋ ਜਾਂਦੀਆਂ ਹਨ।ਮਾਂ ਬਿਨ੍ਹਾਂ ਸਭ ਕੁਝ ਵਿਅਰਥ ਹੈ,ਬੇਕਾਰ ਹੈ।ਮਾਂ ਦਾ ਪਿਆਰ ਅਜਿਹਾ ਖ਼ਜ਼ਾਨਾ ਹੈ ਜਿਸਨੂੰ ਸਾਂਭਣ ਦੀ ਲੋੜ ਹੈ।ਜੇ ਇਹ ਖਜ਼ਾਨਾ ਖੁੱਸ ਜਾਵੇ ਤਾਂ ਪਛਤਾਵੇ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਪੱਲੇ ਪੈਂਦਾ।



ਸੰਦੀਪ ਕੌਰ ਹਿਮਾਂਯੂੰਪੁਰਾ
9781660021

ਮੇਰੀ ਵੀ ਇੱਕ ਮਾਂ ਹੈ,
ਨਿਰਾ ਹੀ ਰੱਬ ਦਾ ਨਾਂ ਹੈ।
ਸਭ ਤੋਂ ਨਿੱਘਾ ਪਿਆਰ ਹੈ ਉਸਦਾ,
ਤਪਸ 'ਚ ਠੰਢੀ ਛਾਂ ਹੈ।
ਸਾਰਾ ਦਿਨ ਉਹ ਸੁੱਖ ਹੈ ਮੰਗਦੀ,
ਮਿੱਠੀ ਉਦ੍ਹੀ ਜੁਬਾਂ ਹੈ।
'ਦੀਪ' ਨੂੰ ਸੁਰਗਾਂ ਜਿਹੀ ਜਾਪੇ,
ਕਦਮਾਂ 'ਚ ਉਸਦੇ ਥਾਂ ਹੈ।

# ਮਾਂ ਦੀ ਲਾਡ

ਮਨਿੰਦਰ ਹਰਜੀਤ ਕੌਰ ਤੇ ਹਰਵਿੰਦਰ ਸਿੰਘ ਦੀ ਇੱਕਲੌਤੀ ਔਲਾਦ ਧੀ ਚਾਵਾਂ ਤੇ ਲਾਡਾਂ ਨਾਲ ਪਾਲੀ ਹੋਈ।"ਮਨਿੰਦਰ ਕੱਦ ਕਾਠ ਦੀ ਵੀ ਠੀਕ ਠਾਕ ਤੇ ਨੈਨ ਨਕਸ਼ ਵੀ ਵਧੀਆ।

ਧੀ ਨੂੰ ਜਵਾਨ ਹੁੰਦਿਆ ਦੇਖ ਮਾਂ-ਬਾਪ ਨੂੰ ਧੀ ਦੇ ਲਈ ਵਰ ਲੱਭ ਦੀ ਫਿਕਰ ਪੈ ਗਈ। ਮਨਿੰਦਰ ਹਰ ਕੰਮ ਵਿਚ ਨਿਪੁੰਨ ਮਾਂ ਦੀ ਲਾਡਲੀ ਭਰਾਵਾਂ ਦੀ ਪਿਆਰੀ ਭੈਣ ਦੇਖਦੇ ਦੇਖਦੇ ਉਹ ਦਿਨ ਵੀ ਆ ਗਿਆ ਮਨਿੰਦਰ ਲਈ ਵਧੀਆ ਮੁੰਡਾ ਮਿਲ ਗਿਆ।

"ਮਨਿੰਦਰ ਤੇ ਰਾਜਵੀਰ ਦੀ ਜੋੜੀ ਬੜੀ ਫੱਬਦੀ ਸੀ। ਰਾਜਵੀਰ ਬਾਹਰੋਂ ਆਇਆ ਮੁੰਡਾ ਘਰਬਾਰ ਵਧੀਆ ਰੱਜੇ ਪੁੱਜੇ ਘਰ ਦਾ ਮੁੰਡਾ। ਸਭ ਕਾਰਜ ਕਰਦੇ ਕਰਦੇ ਵਿਆਹ ਦਾ ਦਿਨ ਆ ਗਿਆ ਸਭ ਕਾਰਜ ਵਧੀਆ ਹੋਏ;" ਮਨਿੰਦਰ ਦੀ ਡੋਲੀ ਪੇਕੇ ਘਰੋਂ ਤੁਰ ਸੁਹਰੇ ਘਰ ਆ ਰੁੱਕੀ ਸਭ ਸ਼ਗਨ ਚਾਵਾਂ ਨਾਲ ਨਿਭਾਏ ਗਏ। ਵਕਤ ਬੀਤਦਾ ਗਿਆ ਮਨਿੰਦਰ ਤੇ ਰਾਜਵੀਰ ਦੇ ਘਰ ਰੱਬ ਨੇ ਪੁੱਤ ਦੀ ਦਾਤ ਦਿੱਤੀ। ਸਭ ਨੇ ਖੁਸ਼ੀਆ ਮਨਾਈਆਂ। ਮਨਿੰਦਰ ਤੇ ਰਾਜਵੀਰ ਨੇ ਪੁੱਤਰ ਦਾ ਨਾਮ ਗੁਰਸੇਵਕ ਰੱਖਿਆ। ਵਕਤ ਬੀਤਦਾ ਗਿਆ ਮਨਿੰਦਰ ਦਾ ਬੇਟਾ ਸਕੂਲ ਜਾਣ ਲੱਗਾ। ਵਿਆਹ ਨੂੰ ਅਜੇ ਪੰਜ ਕੁ ਸਾਲ ਹੀ ਹੋਏ ਸੀ ਕਿ ਰਾਜਵੀਰ ਦੀ ਆਚਨਕ ਮੌਤ ਹੋ ਗਈ। ਭਰ ਜਵਾਨੀ ਵਿੱਚ ਮਨਿੰਦਰ ਵਿਧਵਾ ਹੋ ਗਈ। ਮਨਿੰਦਰ ਨੇ ਆਪਣੇ ਪੁੱਤਰ ਨੂੰ ਆਪਣਾ ਸਹਾਰਾ ਸਮਝ ਜਿੰਦਗੀ ਸ਼ੂਰੂ ਕੀਤੀ। ਮਾਂ-ਪੁੱਤ ਦੋਨੋਂ ਖੁਸ਼ ਗੁਰਸੇਵਕ ਪੜ੍ਹਾਈ ਵਿੱਚ ਵਧੀਆ ਸੀ। ਮਨਿੰਦਰ ਨੇ ਗੁਰਸੇਵਕ ਨੂੰ ਅੱਗੇ ਪੜ੍ਹਨ ਲਈ ਚੰਡੀਗੜ੍ਹ ਭੇਜ ਦਿੱਤਾ। ਗੁਰਸੇਵਕ ਉੱਥੇ ਜਾ ਦਿਲ ਲਗਾ ਕੇ ਪੜ੍ਹਾਣ ਲੱਗਾ ਤੇ ਪੜ੍ਹਾਈ ਪੂਰੀ ਹੁੰਦੇ ਹੀ ਗੁਰਸੇਵਕ ਨੂੰ ਵਧੀਆ ਨੋਕਰੀ ਮਿਲ ਗਈ। ਮਨਿੰਦਰ ਨੇ ਚਾਵਾਂ ਨਾਲ ਗੁਰਸੇਵਕ ਦਾ ਵਿਆਹ ਕੀਤਾ ਗੁਰਸੇਵਕ ਦੀ ਪਤਨੀ ਰੂਹਦੀਪ ਸੋਹਣੀ ਕੁੜੀ ਸੀ ਪਰ ਸੁਭਾਅ ਪੱਖੋਂ ਗਰਮ ਸੀ। ਮਨਿੰਦਰ ਤੇ ਰੂਹਦੀਪ ਦੀ ਨਾ ਬਣਦੀ। ਮਨਿੰਦਰ ਰੂਹਦੀਪ ਨੂੰ ਪੁੱਤ ਪੁੱਤ ਕਰਦੀ ਨਾ ਥੱਕਦੀ ਪਰ ਰੂਹਦੀਪ ਨੇ ਕਦੇ ਮਨਿੰਦਰ ਨੂੰ ਮਾਂ ਸਮਝਿਆ ਹੀ ਨਹੀਂ। ਤੇ ਗੁਰਸੇਵਕ ਦੇ ਕੰਨ ਭਰਦੀ ਰਹਿੰਦੀ ਵੱਖ ਹੋਣ ਦਾ ਜੋਰ ਪਾਉਂਦੀ। ਗੁਰਸੇਵਕ ਵੀ ਰੂਹਦੀਪ ਦੇ ਪਿੱਛੇ ਲੱਗ ਮਾਂ ਨਾਲ ਲੜ ਪੈਂਦਾ। ਇੱਕ ਦਿਨ ਗੁਰਸੇਵਕ ਨੇ ਆਪਣੀ ਮਾਂ ਮਨਿੰਦਰ ਨੂੰ ਕਿਹਾ ਵੀ ਮਾਂ ਤੂੰ ਕੋਈ ਵਿਰਧ ਆਸ਼ਰਮ ਦੇਖ ਲੈ ਮੇਰੇ ਲਈ ਘਰ ਚਲਾਉਣਾ ਮੁਸ਼ਕਿਲ ਹੋ ਰਿਹਾ ਮੈਂ ਤੁਹਾਡਾ ਖਰਚਾ ਨਹੀਂ ਚੁੱਕ ਸਕਦਾ। ਇਹ ਸੁਣ ਕੇ ਮਨਿੰਦਰ ਸੁੰਨ ਹੋ ਗਈ ਤੇ ਬੋਲੀ ਪੁੱਤ ਤੂੰ ਹੀ ਤਾਂ ਮੇਰਾ ਆਖਰੀ ਸਹਾਰਾ ਏ। ਮੇਰੇ ਬੁਢਾਪੇ ਦੀ ਸੋਟੀ। ਕਿੰਨੀਆਂ ਮੁਸ਼ਕਿਲਾਂ ਨਾਲ ਤੈਨੂੰ ਪਾਲਿਆ ਪਲੋਸਿਆ ਪੁੱਤ ਇਸ ਦਿਨ ਲਈ ਸੀ ਵੀ ਇੱਕ ਦਿਨ ਤੂੰ ਮੈਨੂੰ ਇਹ ਕਹੇ। ਇਹ ਸੁਣ ਇੱਕ ਦਮ ਰੂਹਦੀਪ ਬੋਲੀ ਤੁਸੀਂ ਕੁਝ ਵੱਖਰਾ ਨਹੀਂ ਕੀਤਾ ਸਭ ਕਰਦੇ ਨੇ ਆਪਣੀ ਔਲਾਦ ਲਈ ਤੇ ਤੁਸੀਂ ਆਪਣਾ ਖਰਚਾ ਹੁਣ ਖੁਦ ਕਰੋ ਮੇਰੇ ਘਰ ਵਿੱਚ ਤੁਹਾਡੇ ਥਾਂ ਨਹੀਂ।ਮਨਿੰਦਰ ਗੁਰਸੇਵਕ ਨੂੰ ਕਹਿੰਦੀ ਏ ਇਸ ਘਰ ਮੇਰੀ ਡੋਲੀ ਆਈ ਸੀ ਤੇ ਇਸ ਘਰੋਂ ਹੀ ਮੇਰੀ ਅਰਥੀ ਉੱਠੇ ਪੁੱਤ।

ਮਨਿੰਦਰ ਸਭ ਕਹਿ ਆਪਣੇ ਕਮਰੇ ਵਿੱਚ ਚੱਲੀ ਜਾਂਦੀ ਏ ਤੇ ਰਾਜਵੀਰ ਦੀ ਤਸਵੀਰ ਨਾਲ ਗੱਲਾਂ ਕਰਦੀ ਏ ਮੇਰੀ ਸਾਰੀ ਤੱਪਸਿਆ ਅਸਫਲ ਹੋ ਗਈ ਮੇਰੇ ਸਰਦਾਰਾਂ ਮੇਰੀ ਪਰਵਰਿਸ਼ ਵਿੱਚ ਕੀਤੇ ਕਮੀ ਰਹਿ ਗਈ ਜੋ ਤੁਹਾਡੇ ਪੁੱਤ ਨੂੰ ਸਹੀ ਸੰਸਕਾਰ ਨਹੀਂ ਦੇ ਪਾਈ। ਰਾਜਵੀਰ ਨਾਲ ਗੱਲ ਕਰਦੇ ਕਰਦੇ ਮਨਿੰਦਰ ਇੱਕ ਲੰਬਾ ਹਾਉਕਾ ਭਰਦੀ ਏ ਤੇ ਇਹ ਆਖਰੀ ਹਾਉਕੇ ਨਾਲ ਦੇਹ ਤਿਆਗ ਦਿੰਦੀ ਏ।



ਰੂਹਦੀਪ ਗੁਰੀ

ਮਿੰਨੀ ਕਹਾਣੀ

## ਮਾਤਾ ਬਨਾਮ ਦਾਦੀ ਮਾਤਾ




ਕੁਲਦੀਪ ਨਵੇਂ ਕੱਪੜੇ ਤੇ ਬੂਟ ਪਾ, ਹੱਥ ਵਿੱਚ ਕੱਪੜਿਆਂ ਵਾਲਾ ਬੈਗ ਫੜ ਕੇ ਜਦੋਂ ਆਪਣੇ ਕਮਰੇ 'ਚੋਂ ਨਿਕਲ ਕੇ ਬਾਹਰ ਜਾਣ ਲੱਗਾ ਤਾਂ ਦਰਾਂ ਵਿੱਚ ਟੁੱਟਿਆ ਜਿਹਾ ਮੰਜਾ ਡਾਹ ਕੇ ਬੈਠੀ ਉਸ ਦੀ ਬਿਰਧ ਦਾਦੀ ਮਾਤਾ ਨੇ ਕੁਲਦੀਪ ਨੂੰ ਕਿਹਾ, "ਵੇ ਪੁੱਤ, ਮੈਨੂੰ ਚੱਕਰ ਜਹੇ ਆਈ ਜਾਂਦੇ ਨੇ, ਸ਼ਹਿਰੋਂ ਦਵਾਈ ਹੀ ਦਵਾ ਲਿਆ।" "ਮੈਥੋਂ ਨ੍ਹੀ ਜਾ ਹੋਣਾ, ਮਾਤਾ ਵੈਸ਼ਨੂੰ ਦੇਵੀ ਮੱਥਾ ਟੇਕਣ ਚੱਲਿਆ ਸੀ, ਜਾਣ ਲੱਗੇ ਨੂੰ ਪਹਿਲਾਂ ਈ ਟੋਕ ਦਿੱਤਾ" ਕੁਲਦੀਪ ਗੁੱਸੇ 'ਚ ਬੋਲਿਆ ਅਤੇ ਮੰਜੇ 'ਤੇ ਦਰਦ ਨਾਲ ਤੜਫ ਰਹੀ ਆਪਣੀ ਬੁੱਢੀ ਦਾਦੀ ਮਾਤਾ ਨੂੰ ਛੱਡ ਮਾਤਾ ਦੇ ਮੱਥਾ ਟੇਕਣ ਚਲਾ ਗਿਆ।

**ਤਸਵਿੰਦਰ ਸਿੰਘ ਬੜੈਚ 98763-22677**

## ਵੱਸਦੀਆਂ ਰਹਿਣ ਇਹ ਮਾਂਵਾਂ ਵੇ ਰੱਬਾ ਮੈ ਤੇਰੇ ਅੱਗੇ ਅਰਜ਼ ਗੁਜਾਰੀ

ਮਾਂ ਹੈ ਰੱਬ ਦਾ ਨਾਂਅ ਸੱਭ ਨੂੰ ਲੱਗੇ ਪਿਆਰੀ ਜਿਸਨੇ ਮਾਂ ਦੀ ਪੂਜਾ ਕੀਤੀ ਉਸਨੇ ਹੈਂ ਰੱਬ ਤਾਂ ਮਾਂ ਬਣ ਕੇ ਰੱਬ ਨੇ ਮਾਂ ਦੇ ਚਰਣੀ ਸ਼ੀਸ ਨਵਾਇਆ। ਰੱਬ ਨੇ ਸਵਰਗ ਬਣਾਏ ਮਾਂ ਤੋ ਲੈਕੇ ਛਾਂ ਉਧਾਰੀ ਮਾਂ ਹੈ ਰੱਬ ਦਾ ਨਾਂਅ ਪੁੱਤਰ ਹੋਵੇ ਜਾਂ ਫਿਰ ਧੀ ਮਾਂ ਸਭ ਨੂੰ ਇਕੋ ਜਿਹਾ ਚਾਹਵੇਂ। ਮਾਂ ਦੀ ਗੋਦ ਵਿੱਚ ਜੋ ਸਕੂਲ ਉਹ ਹੋਰ ਕਿਤੇ ਨਾ ਆਵੇ ਮਾਂ ਦੇ ਬੇਕਦਰਾਂ ਨੂੰ ਕੋਸਾਂ ਕਿਸਮਤ ਮਾਰੀ। ਮੇਰੀ ਮਾਂ ਬਹੁਤ ਗਰੀਬੀ ਸੀ ਘਰ ਵਿਚ ਫਿਰ ਭੀ ਰਾਜਾ ਪੁੱਤ ਕਹਿ ਅੰਬਰੀ ਬਿਠਾ ਦਿੰਦੀ ਸੀ। ਮਹਿਸੂਸ ਨਾ ਹੋਣ ਦਿੱਤੀ ਸੀ ਕਦੇ ਤੰਗੀ ਟਾਕੀ ਕੇ ਸੂਟ ਦੀ ਚੁੰਨੀ ਹੇਠਾਂ ਲੁਕਾ ਦਿੰਦੀ ਸੀ। ਖਿਡੌਣਾ ਮੰਗਿਆ ਸੀ ਜਦੋਂ ਵੀ ਕਦੇ। ਖਿੱਦੋ ਚੁੰਨੀ ਦੀ ਝੱਟ ਬਣਾ ਦਿੰਦੀ ਸੀ। ਟੁੱਟ ਜਾਂਦੀ ਸੀ ਜਦੋਂ ਕਦੇ ਹਾਰ ਕੇ ਧੂੰਏਂ ਵਿੱਚ ਹੰਝੂ ਵਹਾ ਦਿੰਦੀ ਸੀ। ਐਸੀ ਕਹਾਣੀ ਸੁਣਾਉਂਦੀ ਸੀ ਸਵਾਉਣ ਲੱਗੇ। ਜੰਝ ਪਰੀਆਂ ਦੇ ਦੇਸ ਪਹੁੰਚਾ ਦਿੰਦੀ ਸੀ। ਬਹੁਤ ਬਰਕਤ ਸੀ ਮੇਰੀ ਮਾਂ ਦੇ ਹੱਥਾਂ ਵਿਚ ਫਿਰ ਰੋਟੀ ਥੋੜੀ ਸੀ ਪਰ ਫਿਰ ਵੀ ਰਜ਼ਾ ਦਿੰਦੀ ਸੀ। ਇਹ ਹੈ ਇਸ਼ੂ ਦੀ ਮਾਂ ਦੀ ਕਹਾਣੀ ਜੋ ਆਪਣੀਆ ਖੁਸ਼ੀਆਂ ਵੀ ਵਾਰ ਦਿੰਦੀ ਸੀ।

**ਇਸ਼ੂ ਸ਼ਰਮਾਂ**
**ਵਿਦਿਆਰਥੀ ਐਮਏ ਇੰਗਲੀਸ਼**
**ਸਮੈਸਟਰ 6ਵਾਂ**



## ਮਾਂਵਾਂ ਠੰਡੀਆ ਛਾਵਾਂ

ਕੁਦਰਤ ਦੇ ਸਾਰੇ ਹੀ ਜਲਵਿਆਂ ਦਾ ਨਮਨ ਤੇਰੇ ਚਰਨਾਂ ਵਿੱਚ, ਫਿਰ ਵੀ ਕਮੀ ਲਗਦੀ ਕਿ ਕਿਉਂ ਤੇਰੇ ਹੋਠਾਂ 'ਤੇ ਮੁਸਕਰਾਹਟ ਆਉਣੋਂ ਦੇਰੀਆਂ ਕਰੀ ਜਾਂਦੀ ਸੀ। ਕਿਉਂਕਿ ਮੈਂ ਤੇਰੇ ਨਾੜੂਏ ਨਾਲੋਂ ਵੱਖ ਹੋ ਕੇ ਇੱਕ ਵਾਰ ਵੀ ਨਹੀਂ ਰੋਇਆ ਪਰ ਜਦ ਮੈਂ ਪਹਿਲੀ ਕਿਲਕਾਰੀ ਮਾਰੀ ਤਾਂ ਤੇਰੇ ਭਾਅ ਕਿਸੇ ਨੇ ਦੀਵੇ ਦੀ ਬੱਤੀ ਨੂੰ ਭਖਦੀ ਤੀਲੀ ਛੂਹਾ ਦਿੱਤੀ ਹੋਵੇ, ਜਿਵੇਂ ਧਰਤ ਨੇ ਕਿਸੇ ਬੀਜ ਦੇ ਪੁੰਗਰਨ ਲਈ ਆਪਣੀ ਕਠੋਰਤਾ ਕੋਮਲ ਕਰ ਲਈ ਹੋਵੇ, ਜਿਵੇਂ ਭੁੱਬਲਾਂ ਦੇ ਰੇਤ ਦਾ ਸਮੰਦਰਾਂ ਦੇ ਠੰਡੇ ਤੇ ਨੀਲੇ ਪਾਣੀਆਂ ਨਾਲ ਮਿਲਾਪ ਹੋ ਜਾਏ, ਇਸ ਤਰ੍ਹਾਂ ਦਾ ਅਹਿਸਾਸ ਸੀ ਤੇਰੀ ਕੁੱਖ ਨੂੰ ਹੌਲਾ ਤੇ ਤੇਰੀ ਗੋਦ ਨੂੰ ਭਾਰਾ ਕਰਨਾ। ਸਰਕੰਡਿਆਂ,ਕੇਸੂਆਂ,ਘਾਹ ਦੀਆਂ ਤਿੜ੍ਹਾਂ ਤੇ ਸੁੱਕਣੇ ਪਾਈ ਹੱਥੀਂ ਕੱਢੀ ਚਾਦਰ ਨਾਲ਼ ਖਹਿ ਕੇ ਆਉਂਦੀ ਹਵਾ ਇੱਕ ਤਰਜ਼ ਛੇੜਦੀ....ਜੋ ਇਕਸੁਰ ਹੋ ਜਾਂਦੀ ਤੇ ਰਾਗ ਬਣਦੀ ਤੇਰੀ ਓਸ ਲੋਰੀ ਦਾ ਜੋ ਮੇਰੀ ਆਤਮਾ ਤੇ ਮੇਰਾ ਪਰਮਾਤਮਾ ਦੋਵਾਂ ਦੀ ਸਵੀਕ੍ਰਿਤੀ ਦਾ ਮਨੋਰਥ ਹੁੰਦੀ। ਜਿਵੇਂ ਬ੍ਰਹਿਮੰਡ ਤੇ ਸੌਰ ਮੰਡਲ ਵਿੱਚ ਅਣਗਿਣਤ ਤਾਰੇ, ਨਸ਼ਤਰ,ਗ੍ਰਹਿ ਸੂਰਜ ਦੀ ਪਰਿਕ੍ਰਮਾ ਕਰਦੇ ਇਸੇ ਤਰ੍ਹਾਂ ਤੇਰਾ ਮੇਰੀ ਪੰਘੂੜੀ ਦੁਆਲੇ ਫਿਰਦੇ ਰਹਿਣਾ ਵੀ ਓਸੇ ਨਿਰੰਤਰ ਪਰਿਕ੍ਰਮਾ ਦਾ ਲਘੂ ਚਿਤਰਨ ਸੀ ਜੋ ਮੇਰੇ ਖਲਾਅ ਤੇ ਇਕਾਗਰਤਾ ਦੇ ਵਾਯੂਮੰਡਲ ਨੂੰ ਸਥਿਰ ਰੱਖਦਾ।

**(ਮਮਤਾ, ਲੋਰੀਆਂ, ਦਰਾਂ 'ਤੇ ਟੰਗੇ ਨਿੰਮ ਦੇ ਪੱਤਿਆਂ ਦੇ ਨਾਮ...... ਗੁਰਬੀਰ ਸਿੰਘ)**

## ਰੱਬ ਦਾ ਦੂਜਾ ਰੂਪ ਮਾਂ

ਮਾਂ ਰੱਬ ਨੇ ਇੰਨੀ ਵੱਡੀ ਦੁਨੀਆਂ ਤਾਂ ਬਣਾ ਦਿੱਤੀ ਪਰ ਫਿਰ ਅਗਲੇ ਪਲ ਉਸਦੇ ਮਨ ਚ ਖਿਆਲ ਆਇਆ ਕਿ ਇੰਨੇ ਲੋਕਾਂ ਦਾ ਧਿਆਨ ਕੌਣ ਰੱਖੂ ਇਸ ਲਈ ਉਸਨੇ ਆਪਣੇ ਰੂਪ ਚੋ ਮਾਂ ਬਣਾ ਦਿੱਤੀ ਕਿਉਕੀ ਹਰ ਕਿਸੇ ਤੇ ਵਿਸਵਾਸ ਸੰਭਵ ਨਹੀ ਸੀ ! ਇਸੇ ਲਈ ਮਾਂ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਏ ! ਮੈਂ ਇਹ ਨਹੀ ਕਹਿੰਦਾ ਕਿ ਮੇਰੀ ਮਾਂ ਰੱਬ ਵਰਗੀ ਏ ਬਲਕਿ ਇਹ ਕਹਿੰਦਾ ਹਾਂ ਕਿ ਰੱਬ ਮੇਰੀ ਮਾਂ ਵਰਗਾ ਹੋਵੇਗਾ ! ਸਾਡੇ ਲਈ ਉਹ ਇਕ ਮਾਰਗ ਦਰਸ਼ਕ ਏ ਮੇਰੀ ਮਾਂ ਸਰਕਾਰੀ ਅਧਿਆਪਕ ਹੈ ਉਹ ਨੌਕਰੀ ਦੇ ਨਾਲ ਨਾਲ ਘਰ ਦੇ ਕੰਮ ਵੀ ਕਰਦੇ ਨੇ ਸਵੇਰੇ ਚਾਰ ਵਜੇ ਉਠਦੇ ਨੇ ਸੈਰ ਕਰਦੇ ਨੇ ਪਾਠ ਕਰਦੇ ਨੇ ਗੁਰਦੁਆਰੇ ਜਾਂਦੇ ਹਨ ਤੇ ਸਾਡੇ ਲਈ ਵੰਨ ਸਵੰਨੇ ਖਾਣੇ ਬਣਾਉਦੇ ਹਨ ਹਨ ! ਮੈਂ ਆਪਣੀ ਨੂੰ ਦੁਨੀਆਂ ਦੀ ਹਰ ਖੁਸ਼ੀ ਦੇਣਾ ਚਾਹੁੰਦਾ ਹਾਂ ਕਿਉਕੀ ਮੇਰੀ ਮਾਂ ਨੇ ਬਚਪਨ ਚ ਹੀ ਆਪਣੇ ਮਾਂ ਨੂੰ ਗੁਵਾ ਲਿਆ ਸੀ ਜੋ ਪਿਆਰ ਉਹ ਸਾਨੂੰ ਦੇ ਰਹੇ ਹਨ ਆਪ ਇਸ ਪਿਆਰ ਤੋਂ ਵਾਂਝੇ ਰਹੇ ਸੀ ! ਪਰਮਾਤਮਾ ਕਰੇ ਕਿਸੇ ਬੱਚੇ ਦੀ ਮਾਂ ਨਾਂ ਮਰੇ ਜੱਗ ਤੇ ਸਾਰੀਆਂ ਮਾਵਾਂ ਹੱਸਦੀਆਂ ਵਸਦੀਆਂ ਰਹਿਣ ! ਸਾਰੀਆਂ ਮਾਵਾਂ ਨੂੰ ਮਾਂ ਦਿਵਸ ਦੀ ਬਹੁਤ ਬਹੁਤ ਵਧਾਈ !

**ਨਿਸ਼ਾਨ ਸਿੰਘ 9915806550**

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 252 | Website: www.preetnama.com Email preetnamausa@gmail.com | 10 MAY TO 10 MAY , 2024




# ਨਿੱਝਰ ਕਤਲ ਮਾਮਲੇ 'ਚ 3 ਗ੍ਰਿਫ਼ਤਾਰੀਆਂ ਤੋਂ ਬਾਅਦ ਟਰੂਡੋ ਨੇ ਦੱਸਿਆ ਹੁਣ ਅੱਗੇ ਕੀ, ਭਾਰਤ ਨੇ ਵੀ ਦਿੱਤਾ ਪ੍ਰਤੀਕਰਮ



## ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੀ ਕਿਹਾ

ਨਿੱਝਰ ਦੇ ਕਤਲ ਮਾਮਲੇ ਵਿੱਚ ਪਿਛਲੇ ਸਾਲ ਸਿਤੰਬਰ ਮਹੀਨੇ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਿਆਨ ਦਿੱਤਾ ਸੀ, ਇਸ ਗੱਲ ਦੇ ਪੁਖ਼ਤਾ ਸਬੂਤ ਹਨ ਕਿ ਕੈਨੇਡਾ ਦੀ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਸਨ।"ਇਹ ਅਸਲ ਸਮੱਸਿਆ ਹੈ। ਇਹ ਨਿਯਮਾਂ ਨੂੰ ਮੰਨਣ ਵਾਲੀ ਵਿਸ਼ਵਵਿਆਪੀ ਵਿਵਸਥਾ, ਖੁੱਲ੍ਹੇ ਜਮਹੂਰੀ ਵਿਚਾਰਾਂ, ਅਤੇ ਪ੍ਰਭੂਸੱਤਾ ਦੇ ਸਿਧਾਂਤਾਂ ਲਈ ਇੱਕ ਸਮੱਸਿਆ ਹੈ, ਜਿਸ ਲਈ ਅਸੀਂ ਖੜ੍ਹੇ ਹੁੰਦੇ ਹਾਂ। ਪਰ ਭਾਰਤ ਸਰਕਾਰ ਨੇ ਇਨ੍ਹਾਂ ਇਲਜ਼ਾਮਾਂ ਨੂੰ 'ਬੇਬੁਨਿਆਦ' ਦੱਸਿਆ ਸੀ। ਸੀਬੀਸੀ ਦੀ ਰਿਪੋਰਟ ਮੁਤਾਬਕ ਸ਼ਨੀਵਾਰ ਨੂੰ ਟਰੂਡੋ ਨੇ ਸਿੱਖ ਵਿਰਸੇ ਅਤੇ ਸੱਭਿਆਚਾਰ ਸਬੰਧੀ ਟੋਰਾਂਟੋ ਵਿੱਚ ਹੋ ਰਹੇ ਇੱਕ ਸਮਾਗਮ ਵਿੱਚ ਸ਼ਿਰਕਤ ਕੀਤੀ।ਇੱਥੇ ਉਨ੍ਹਾਂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਦਾ ਹਵਾਲਾ ਦਿੰਦਿਆਂ ਕਿਹਾ, ਇਹ ਮਹੱਤਵਪੂਰਨ ਹੈ ਕਿਉਂਕਿ ਕੈਨੇਡਾ 'ਕਾਨੂੰਨ ਦੇ ਰਾਜ' ਵਾਲੇ ਦੇਸ਼ ਹੈ, ਜਿੱਥੇ ਨਿਆਂ ਪ੍ਰਣਾਲੀ ਅਜ਼ਾਦ ਅਤੇ ਮਜ਼ਬੂਤ ਹੈ, ਇਸ ਦੇ ਨਾਲ ਹੀ ਕੈਨੇਡਾ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਲਈ ਬੁਨਿਆਦੀ ਵਚਨਬੱਧਤਾ ਰੱਖਦਾ ਹੈ। ਉਨ੍ਹਾਂ ਕਿਹਾ, ਇਸ ਮਾਮਲੇ ਵਿੱਚ ਆਰਸੀਐੱਮਪੀ ਦੀ ਜਾਂਚ ਜਾਰੀ ਰਹੇਗੀ ਅਤੇ ਕੱਲ੍ਹ ਗ੍ਰਿਫ਼ਤਾਰ ਕੀਤੇ ਗਏ ਤਿੰਨ ਲੋਕਾਂ ਦੀ ਸ਼ਮੂਲੀਅਤ ਤੱਕ ਸੀਮਿਤ ਨਹੀਂ ਹੈ।ਪ੍ਰਧਾਨ ਮੰਤਰੀ ਨੇ ਸਵੀਕਾਰ ਕੀਤਾ ਕਿ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਦੇ ਸਿੱਖ ਭਾਈਚਾਰੇ ਵਿੱਚ ਬਹੁਤ ਸਾਰੇ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਟਰੂਡੋ ਨੇ ਅੱਗੇ ਕਿਹਾ, ਕੈਨੇਡਾ ਦੇ ਹਰ ਨਾਗਰਿਕ ਨੂੰ ਕੈਨੇਡਾ ਵਿੱਚ ਵਿਤਕਰੇ ਅਤੇ ਹਿੰਸਾ ਦੀਆਂ ਧਮਕੀਆਂ ਤੋਂ ਪਰ੍ਹੇ ਸੁਰੱਖਿਅਤ ਅਤੇ ਆਜ਼ਾਦ ਰਹਿਣ ਦਾ ਮੌਲਿਕ ਅਧਿਕਾਰ ਹੈ। ਦੂਜੇ ਪਾਸੇ ਕੈਨੇਡਾ ਵਿੱਚ ਸਿੱਖ ਵੱਖਵਾਦੀ ਸਮੂਹਾਂ ਦੀ ਮੌਜੂਦਗੀ ਸਬੰਧੀ ਭਾਰਤ ਸਰਕਾਰ ਪਹਿਲਾਂ ਵੀ ਕਈ ਵਾਰ ਚਿੰਤਾ ਜ਼ਾਹਰ ਕਰ ਚੁੱਕੀ ਹੈ। ਹਰਦੀਪ ਸਿੰਘ ਨਿੱਝਰ ਨੂੰ ਵੀ ਭਾਰਤ ਸਰਕਾਰ ਵੱਲੋਂ 'ਅੱਤਵਾਦੀ' ਕਰਾਰ ਦਿੱਤਾ ਗਿਆ ਸੀ।

ਕੈਨੇਡਾ ਪੁਲਿਸ ਨੇ ਸ਼ੁੱਕਰਵਾਰ ਨੂੰ ਖਾਲਿਸਤਾਨ ਹਮਾਇਤੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਤਿੰਨ ਸ਼ੱਕੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਕੈਨੇਡੀਅਨ ਮੀਡੀਆ ਅਦਾਰੇ ਸੀਬੀਸੀ ਦੀ ਇੱਕ ਰਿਪੋਰਟ ਮੁਤਾਬਕ ਗ੍ਰਿਫ਼ਤਾਰੀਆਂ ਤੋਂ ਇੱਕ ਦਿਨ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਬਿਆਨ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ,'ਕੈਨੇਡਾ ਵਿੱਚ ਕਾਨੂੰਨ ਦਾ ਰਾਜ ਹੈ'। ਜਸਟਿਨ ਟਰੂਡੋ ਨੇ ਇਸ ਮਾਮਲੇ 'ਤੇ ਜਾਂਚ ਜਾਰੀ ਰੱਖਣ ਦੀ ਗੱਲ ਵੀ ਆਖੀ ਹੈ। ਜ਼ਿਕਰਯੋਗ ਹੈ ਕਿ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੂੰ 18 ਜੂਨ 2023 ਨੂੰ ਗੁਰਦੁਆਰੇ ਦੀ ਪਾਰਕਿੰਗ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।ਕੈਨੇਡਾ ਦੀ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ 3 ਮਈ ਨੂੰ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਇਨ੍ਹਾਂ ਮੁਲਜ਼ਮਾਂ ਦੀ ਪਛਾਣ ਕਰਨ ਬਰਾੜ, ਕਰਨਪ੍ਰੀਤ ਸਿੰਘ ਅਤੇ ਕਮਲਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਸਾਰੇ ਭਾਰਤੀ ਨਾਗਰਿਕ ਹਨ। ਇਹ ਤਿੰਨੇ ਹੀ ਪੰਜਾਬ ਨਾਲ ਸਬੰਧਤ ਹਨ।

### ਭਾਰਤ ਸਰਕਾਰ ਦਾ ਪ੍ਰਤੀਕਰਮ

ਖ਼ਬਰ ਏਜੰਸੀ ਰਾਇਟਰਜ਼ ਮੁਤਾਬਕ ਟਰੂਡੋ ਦੇ ਬਿਆਨ ਤੋਂ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈ ਸ਼ੰਕਰ ਨੇ ਭੂਨੇਸ਼ਵਰ ਵਿੱਚ ਇੱਕ ਸਮਾਗਮ ਦੌਰਾਨ ਕੈਨੇਡਾ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਬਾਰੇ ਭਾਰਤ ਦੇ ਪੱਖ਼ ਰੱਖਿਆ ਸੀ।ਉਨ੍ਹਾਂ ਕਿਹਾ ਹੈ ਕਿ ਭਾਰਤ ਕੈਨੇਡੀਅਨ ਪੁਲਿਸ ਵੱਲੋਂ ਫੜੇ ਗਏ ਤਿੰਨ ਭਾਰਤੀ ਨਾਗਰਿਕਾਂ ਬਾਰੇ ਜਾਣਕਾਰੀ ਸਾਂਝੀ ਕੀਤੇ ਜਾਣ ਦੀ ਉਡੀਕ ਕਰੇਗਾ।ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਗ੍ਰਿਫ਼ਤਾਰੀ ਦੀਆਂ ਖ਼ਬਰਾਂ ਦੇਖੀਆਂ ਹਨ, "ਕੀ ਇਨ੍ਹਾਂ ਭਾਰਤੀਆਂ ਦਾ ਉੱਥੇ ਅਪਰਾਧਿਕ ਗਰੋਹ ਸਰਗਰਮ ਸੀ। ਅਸੀਂ ਪੁਲਿਸ ਵੱਲੋਂ ਸਾਨੂੰ ਦੱਸੇ ਜਾਣ ਦੀ ਉਡੀਕ ਕਰਾਂਗੇ"ਪਰ ਜਿਵੇਂ ਮੈਂ ਕਿਹਾ ਸਾਡੀ ਇੱਕ ਚਿੰਤਾ ਇਹ ਹੈ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਭਾਰਤ ਤੋਂ ਸੰਗਠਿਤ ਅਪਰਾਧ ਹੋਣ ਦਿੱਤਾ ਹੈ, ਖ਼ਾਸ ਕਰਕੇ ਪੰਜਾਬ ਤੋਂ ਅਤੇ ਅਸੀਂ ਇਸ ਬਾਰੇ ਉਨ੍ਹਾਂ (ਕੈਨੇਡਾ) ਨੂੰ ਲਗਾਤਾਰ ਕਹਿੰਦੇ ਆ ਰਹੇ ਹਾਂ।ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਵਰਮਾ ਨੇ ਕਿਹਾ ਕਿ (ਹਾਈ ਕਮਿਸ਼ਨ) ਗ੍ਰਿਫ਼ਤਾਰ ਕੀਤੇ ਗਏ ਤਿੰਨ ਭਾਰਤੀਆਂ ਬਾਰੇ ਕੈਨੇਡੀਅਨ ਅਧਿਕਾਰੀਆਂ ਤੋਂ ਨਿਯਮਤ ਜਾਣਕਾਰੀ ਮਿਲਣ ਦੀ ਉਮੀਦ ਕਰਦਾ ਹੈ।ਉਨ੍ਹਾਂ ਨੇ ਕਿਹਾ, "ਮੈਂ ਸਮਝਦਾ ਹਾਂ ਕਿ ਇਹ ਗ੍ਰਿਫ਼ਤਾਰੀਆਂ ਕੈਨੇਡਾ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਜਾਂਚ ਦੇ ਨਤੀਜੇ ਵਜੋਂ ਹੋਈਆਂ ਹਨ। ਇਹ ਕੈਨੇਡਾ ਦਾ ਅੰਦਰੂਨੀ ਮੁੱਦਾ ਹੈ ਅਤੇ ਇਸ ਲਈ ਸਾਡੇ ਕੋਲ ਇਸ ਬਾਰੇ ਕਰਨ ਲਈ ਕੋਈ ਟਿੱਪਣੀ ਨਹੀਂ ਹੈ।

### ਹਰਦੀਪ ਸਿੰਘ ਨਿੱਝਰ ਕੌਣ ਸਨ ?

ਹਰਦੀਪ ਸਿੰਘ ਨਿੱਝਰ ਜਲੰਧਰ ਦੇ ਪਿੰਡ ਭਾਰ ਸਿੰਘ ਪੁਰਾ ਨਾਲ ਸਬੰਧਤ ਸੀ। ਭਾਰਤ ਸਰਕਾਰ ਅਨੁਸਾਰ, ਨਿੱਝਰ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਸੀ ਅਤੇ ਖਾਲਿਸਤਾਨ ਟਾਈਗਰ ਫੋਰਸ ਦੇ ਮਾਡਿਊਲ ਮੈਂਬਰਾਂ ਨੂੰ ਸੰਚਾਲਨ, ਨੈੱਟਵਰਕਿੰਗ, ਸਿਖਲਾਈ ਅਤੇ ਵਿੱਤੀ ਮਦਦ ਪ੍ਰਦਾਨ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਪੰਜਾਬ ਸਰਕਾਰ ਅਨੁਸਾਰ, ਕੌਮੀ ਜਾਂਚ ਏਜੰਸੀ (NIA) ਤਰਫੋਂ ਨਿੱਝਰ ਦੀ ਕੁੱਲ 11 ਕਨਾਲ 13.5 ਮਰਲੇ ਜ਼ਮੀਨ ਜਲੰਧਰ ਦੇ ਫਿਲੌਰ ਸਬ-ਡਿਵੀਜ਼ਨ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਭਾਰਾ ਸਿੰਘ ਪੁਰਾ ਵਿੱਚ ਜ਼ਬਤ ਕੀਤੀ ਗਈ ਸੀ। ਸਿੱਖਸ ਫਾਰ ਜਸਟਿਸ ਦੇ ਖਿਲਾਫ ਇੱਕ ਵੱਖਰੇ ਖਾਲਿਸਤਾਨ ਰਾਸ਼ਟਰ ਲਈ ਆਪਣੀ ਆਨਲਾਈਨ ਮੁਹਿੰਮ ਸਿੱਖ ਰੈਫਰੈਂਡਮ 2020 ਲਈ ਇੱਕ ਕੇਸ ਦੇ ਸਬੰਧ ਵਿੱਚ 2020 ਵਿੱਚ ਪੰਜਾਬ ਵਿੱਚ ਨਿੱਝਰ ਦੀ ਜਾਇਦਾਦ ਕੁਰਕ ਕੀਤੀ ਗਈ ਸੀ। ਏਜੰਸੀ ਮੁਤਾਬਕ ਨਿੱਝਰ ਭਾਰਤ ਵਿੱਚ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ ਨਾਲ ਵੀ ਜੁੜੇ ਹੋਏ ਸੀ। ਨਿੱਝਰ ਨੂੰ ਹਾਲ ਹੀ 'ਚ ਆਸਟ ?ਰੇਲੀਆ 'ਚ ਖਾਲਿਸਤਾਨ ਰੈਫਰੈਂਡਮ ਲਈ ਹੋਈ ਵੋਟਿੰਗ ਦੌਰਾਨ ਦੇਖਿਆ ਗਿਆ ਸੀ।

ਸੰਤਬਰ 2023 ਟਰੂਡੋ ਭਾਰਤ ਵਿੱਚ ਜੀ20 ਸੰਮੇਲਨ ਵਿੱਚ ਸ਼ਾਮਲ ਹੋਏ ਅਤੇ ਵਾਪਸ ਜਾਣ ਤੋਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਨੇ ਕੈਨੇਡਾ ਦੀ ਸੰਸਦ ਵਿੱਚ 18 ਸਤੰਬਰ ਨੂੰ ਬਿਆਨ ਦਿੱਤਾ ਕਿ ਨਿੱਝਰ ਦੇ ਕਤਲ ਪਿੱਛੇ "ਭਾਰਤ ਸਰਕਾਰ ਦਾ ਸੰਭਾਵੀ ਸੰਬੰਧ ਹੋਣ ਦੇ ਭਰੋਸੇਯੋਗ ਇਲਜ਼ਮਾਂ ਦੀ ਜਾਂਚ ਕੀਤੀ"ਜਾ ਰਹੀ ਹੈ। ਹਾਲਾਂਕਿ ਮੋਦੀ ਸਰਕਾਰ ਨੇ ਕੈਨੇਡਾ ਅਤੇ ਅਮਰੀਕਾ ਵਿੱਚ ਗੈਰ-ਨਿਆਂਇਕ ਕਤਲਾਂ ਵਿੱਚ ਆਪਣੀ ਸ਼ਮੂਲੀਅਤ ਦੇ ਇਲਜ਼ਮਾਂ ਤੋਂ ਇਨਕਾਰ ਕੀਤਾ ਹੈ। ਅਕਤੂਬਰ 2023 ਵਿੱਚ ਭਾਰਤ ਨੇ 40 ਕੈਨੇਡੀਅਨ ਕੂਟਨੀਤਿਕਾਂ ਦੀ ਡਿਪਲੋਮੈਟਿਕ ਇਮਿਊਨਿਟੀ ਰੱਦ ਕਰ ਦਿੱਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਿਲੀ ਸੁਰੱਖਿਆ ਖ਼ਤਮ ਕਰਕੇ ਵਾਪਸ ਬੁਲਾਉਣ ਲਈ ਕਿਹਾ। ਇਸ ਕਾਰਨ ਕੈਨੇਡੀਅਨ ਸਫਾਰਤਖਾਨੇ ਦੇ ਕਰੀਬ ਦੋ ਤਿਹਾਈ ਅਮਲੇ ਨੂੰ ਭਾਰਤ ਛੱਡ ਕੇ ਵਾਪਸ ਜਾਣਾ ਪਿਆ। ਭਾਰਤ ਨੇ ਕਿਹਾ ਸੀ ਕਿ ਕੈਨੇਡਾ ਸਿੱਖ ਵੱਖਵਾਦੀਆਂ ਨੂੰ ਜੋ ਖੁੱਲ੍ਹ ਦੇ ਰਿਹਾ ਹੈ ਉਹ ਭਾਰਤ ਲਈ ਹੀ ਨਹੀਂ ਸਗੋਂ ਕੈਨੇਡਾ ਦੇ ਮਾਹੌਲ ਲਈ ਵੀ ਸਹੀ ਨਹੀਂ ਹੈ। ਮਈ 2024 ਦੇ ਪਹਿਲੇ ਹਫ਼ਤੇ ਦੌਰਾਨ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਵਾਰ ਫਿਰ ਨਿੱਝਰ ਦੇ ਕਤਲ ਅਤੇ ਭਾਰਤ ਨਾਲ ਰਿਸ਼ਤਿਆਂ ਦਾ ਜ਼ਿਕਰ ਕੀਤਾ ਅਤੇ ਭਾਰਤ ਨੇ ਇਸ ਬਾਰੇ ਇਤਰਾਜ਼ ਜਤਾਇਆ। ਤਾਜ਼ਾ ਘਟਨਾਕ੍ਰਮ ਵਿੱਚ ਕੈਨੇਡਾ ਪੁਲਿਸ ਨੇ ਨਿੱਝਰ ਦੇ ਕਤਲ ਦੇ ਸੰਬੰਧ ਵਿੱਚ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਨਿੱਝਰ ਮਾਮਲੇ 'ਚ ਤਿੰਨ ਮੁਲਜ਼ਮਾਂ ਦੀ ਗ੍ਰਿਫ਼ਤਾਰੀ

ਕੈਨੇਡਾ ਦੀ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ 3 ਮਈ ਨੂੰ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਇਨ੍ਹਾਂ ਮੁਲਜ਼ਮਾਂ ਦੀ ਪਛਾਣ ਕਰਨ ਬਰਾੜ, ਕਰਨਪ੍ਰੀਤ ਸਿੰਘ ਅਤੇ ਕਮਲਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਸਾਰੇ ਭਾਰਤੀ ਨਾਗਰਿਕ ਹਨ।ਬੀਬੀਸੀ ਪੰਜਾਬੀ ਨੇ ਇਨ੍ਹਾਂ ਤਿੰਨਾਂ ਪਰਿਵਾਰਕ ਪਿਛੋਕੜ ਜਾਨਣ ਦੀ ਕੋਸ਼ਿਸ਼ ਕੀਤੀ। 22 ਸਾਲਾ ਕਰਨ ਬਰਾੜ ਦਾ ਪਿਛੋਕੜ ਫ਼ਰੀਦਕੋਟ ਦਾ ਹੈ, ਜਦਕਿ ਕਰਨਪ੍ਰੀਤ ਗੁਰਦਾਸਪੁਰ ਦਾ ਜੰਮਪਲ਼ ਹੈ। ਤੀਜਾ ਮੁਲਜ਼ਮ 22 ਸਾਲਾ ਕਮਲਪ੍ਰੀਤ ਜਲੰਧਰ ਜ਼ਿਲ੍ਹੇ ਨਾਲ ਸਬੰਧ ਰੱਖਦਾ ਹੈ। ਗ੍ਰਿਫ਼ਤਾਰ ਕੀਤੇ ਤਿੰਨੋਂ ਮੁਲਜ਼ਮ ਪੰਜਾਬ ਨਾਲ ਸਬੰਧਿਤ ਹਨ। ਫਰੀਦਕੋਟ ਦੇ ਐਸਪੀ (ਤਫਤੀਸ਼) ਜਸਮੀਤ ਸਿੰਘ ਨੇ ਕਿਹਾ ਕਿ ਕਰਨ ਬਰਾੜ ਦਾ ਕੋਈ ਵੀ ਪੁਰਾਣਾ ਅਪਰਾਧਿਕ ਰਿਕਾਰਡ ਨਹੀਂ ਹੈ। ਹਾਲਾਂਕਿ ਕਰਨ ਦੇ ਪਿਤਾ ਉੱਤੇ ਕਥਿਤ ਧੋਖਾਧੜ੍ਹੀ ਦਾ ਇੱਕ ਕੇਸ ਦਰਜ ਹੋਇਆ ਸੀ। ਕਰਨਪ੍ਰੀਤ ਸਿੰਘ ਦਾ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਦਾ ਪਿੰਡ ਸੁੰਡਲ ਹੈ। ਕਰਨਪ੍ਰੀਤ ਆਮ ਇੱਕ ਕਿਸਾਨ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਨ੍ਹਾਂ ਦੇ ਪਿਤਾ ਦੁਬਈ ਵਿੱਚ ਟਰੱਕ ਵੀ ਚਲਾਉਂਦੇ ਰਹੇ ਹਨ। ਪਿੰਡ ਦੇ ਸਰਪੰਚ ਲਵਦੀਪ ਸਿੰਘ ਅਤੇ ਕਰਨਪ੍ਰੀਤ ਸਿੰਘ ਦੇ ਚਾਚੇ ਦੇ ਪੁੱਤਰ ਰਣਜੀਤ ਸਿੰਘ ਰਾਣਾ ਨੇ ਦੱਸਿਆ ਕਿ ਕਰਨਪ੍ਰੀਤ ਇੱਕ ਸਧਾਰਨ ਪਰਿਵਾਰ ਵਿੱਚ ਜੰਮਿਆ ਪਲ਼ਿਆ ਹੈ। ਪੰਜਾਬ ਪੁਲਿਸ ਵਲੋਂ ਕੀਤੀ ਗਈ ਹੈ ਕਿ ਸ਼ੱਕੀ ਵਿਅਕਤੀਆਂ ਵਿੱਚੋਂ ਇੱਕ ਕਮਲਪ੍ਰੀਤ ਸਿੰਘ, ਜਲੰਧਰ ਜ਼ਿਲ੍ਹੇ ਦੇ ਨਕੋਦਰ ਸਬ ਡਵੀਜ਼ਨ ਦੇ ਪਿੰਡ ਚੱਕ ਕਲਾਂ ਨਾਲ ਸਬੰਧਤ ਹੈ। ਕਮਲਪ੍ਰੀਤ ਸਿੰਘ ਨੇ ਨਕੋਦਰ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਈ ਕੀਤੀ ਅਤੇ ਸਾਲ 2019 ਵਿੱਚ ਆਪਣੀ +2 ਪੂਰੀ ਕੀਤੀ। ਉਸ ਤੋਂ ਬਾਅਦ ਉਹ ਐਡਮਿੰਟਨ ਵਿੱਚ ਸਟੱਡੀ ਪਰਮਿਟ 'ਤੇ ਕੈਨੇਡਾ ਚਲਾ ਗਿਆ। ਕਮਲਪ੍ਰੀਤ ਦਾ ਪਰਿਵਾਰ ਆਰਥਿਕ ਪੱਖੋਂ ਮਜ਼ਬੂਤ ਹੈ ਕਿਉਂਕਿ ਉਸਦੇ ਪਿਤਾ ਸਤਨਾਮ ਸਿੰਘ ਦਾ ਆੜ੍ਹਤ ਦਾ ਕੰਮ ਹੈ ਤੇ ਨਾਲ ਹੀ ਉਨ੍ਹਾਂ ਕੋਲ ਪਿੰਡ ਵਿੱਚ ਚੰਗੀ ਜ਼ਮੀਨ ਵੀ ਹੈ।




ਕਰਨ ਬਰਾੜ ਕਰਨਪ੍ਰੀਤ ਸਿੰਘ ਕਮਲਪ੍ਰੀਤ ਸਿੰਘ



# "ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ ਤੂੰ ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵੇਹੜੇ"



ਸੰਸਾਰ ਭਰ ਵਿੱਚ ਅੰਤਰਰਾਸ਼ਟਰੀ ਤੌਰ 'ਤੇ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। 1886 ਈ: ਨੂੰ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਦੇ ਮਜ਼ਦੂਰ ਯੂਨੀਅਨ ਨੇ ਰਲ- ਮਿਲ ਕੇ ਹੜਤਾਲ ਕੀਤੀ ਸੀ। ਕਾਰਨ ਇਹ ਸੀ ਕਿ ਮਜ਼ਦੂਰਾ ਤੋਂ ਅੱਠ ਘੰਟਿਆਂ ਤੋਂ ਵੱਧ ਕੰਮ ਕਰਵਾਇਆ ਜਾਂਦਾ ਸੀ ਅਤੇ ਮਸ਼ੀਨੀਕਰਨ ਦੇ ਯੁੱਗ ਨਾਲ ਬਹੁਤ ਸਾਰੇ ਮਜ਼ਦੂਰ ਬੇਰੁਜ਼ਗਾਰ ਵੀ ਹੋ ਗਏ ਸੀ। ਇਹ ਸਭ ਵਧੀਕੀਆਂ ਨੂੰ ਨਾ ਸਹਾਰਦੇ ਹੋਏ ਮਜ਼ਦੂਰ ਯੂਨੀਅਨ ਨੇ ਸਰਕਾਰ ਖਿਲਾਫ਼ ਧਰਨੇ ਲਗਾਉਣੇ ਸ਼ੁਰੂ ਕਰ ਦਿੱਤੇ। ਕਾਫ਼ੀ ਦੇਰ ਇਹ ਸੰਘਰਸ਼ ਚੱਲਦਾ ਰਿਹਾ। ਅਤੇ ਇਸ ਸੰਘਰਸ਼ ਦੌਰਾਨ ਕਈ ਮਜ਼ਦੂਰਾਂ ਦੀਆਂ ਜਾਨਾਂ ਵੀ ਗਈਆਂ, ਅਤੇ ਕਈਆਂ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਹੋਰ ਤਸ਼ੱਦਦ ਵੀ ਸਹਿਣੇ ਪਏ। ਆਖਿਰ ਸਰਕਾਰ ਨੂੰ ਮਜ਼ਦੂਰ ਯੂਨੀਅਨ ਦੀਆਂ ਸ਼ਰਤਾਂ ਅੱਗੇ ਗੋਡੇ ਟੇਕਣੇ ਹੀ ਪਏ। ਤੇ ਲੰਬੇ ਸੰਘਰਸ਼ ਤੋਂ ਬਾਅਦ ਉਹਨਾਂ ਨੂੰ ਅੱਠ ਘੰਟੇ ਮਜ਼ਦੂਰੀ ਕਰਨ ਦੀ ਮਨਜ਼ੂਰੀ ਮਿਲ ਗਈ ਅਤੇ ਨਾਲ ਹੀ ਬਣਦੀ ਤਨਖਾਹ ਦੇਣ ਦਾ ਵੀ ਵਾਅਦਾ ਕੀਤਾ ਗਿਆ। ਉਦੋਂ ਤੋਂ ਹੀ 1 ਮਈ ਨੂੰ 'ਲੇਬਰ ਡੇ' ਭਾਵ ਕਿ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਸੋਚਣ ਵਾਲੀ ਗੱਲ ਹੈ,ਕਿ ਉਸ ਤੋਂ ਬਾਅਦ ਜੇ ਮਜ਼ਦੂਰਾ ਨੂੰ ਅੱਠ ਘੰਟੇ ਕੰਮ ਕਰਾਉਣ ਬਾਅਦ ਉਹਨਾਂ ਨੂੰ ਪੂਰੀ ਤਨਖਾਹ ਮਿਲਦੀ ਰਹੀ ਹੈ ਅਤੇ ਜੇਕਰ ਅਜਿਹਾ ਹੀ ਹੁੰਦਾ ਆ ਰਿਹਾ ਹੈ। ਤਾਂ ਅੱਜ ਦੇ ਸਮੇਂ ਵਿੱਚ ਵੀ ਦਿਨ ਰਾਤ ਮਿਹਨਤ ਕਰਨ ਵਾਲੇ ਕਿਰਤੀ ਹੀ ਸਰਕਾਰਾਂ ਤੇ ਅਮੀਰ ਵਰਗਾ ਦਾ ਆਸਰਾ ਕਿਉਂ ਭਾਲ ਰਹੇ ਨੇ ? ? ਕਿ ਇੰਨੀ ਮਿਹਨਤ ਕਰਨ ਦੇ ਬਾਵਜੂਦ ਵੀ ਉਹ ਇਕ ਮਹੀਨੇ ਲਈ ਪੈਸੇ ਨਹੀਂ ਜਮਾਂ ਕਰ ਪਾਏ ? ? ਜਿਸ ਨਾਲ ਓਹ ਇਸ ਮਹਾਂਮਾਰੀ ਦੌਰਾਨ ਆਪਣੀ ਲੋੜਾਂ ਦੀ ਪੂਰਤੀ ਕਰ ਸਕਣ। ਮਹਾਤਮਾ ਗਾਂਧੀ ਜੀ ਨੇ ਕਿਹਾ ਸੀ "ਕਿ ਕਿਸੇ ਦੇਸ਼ ਦੀ ਤਰੱਕੀ ਉਸ ਦੇਸ਼ ਦੇ ਕਿਰਤੀਆਂ ਅਤੇ ਕਿਸਾਨਾਂ ਉੱਪਰ ਨਿਰਭਰ ਕਰਦੀ ਹੈ।" ਪਰੰਤੂ ਅੱਜ ਜੋ ਕਿਰਤੀਆਂ ਤੇ ਕਿਸਾਨਾਂ ਦੀ ਹਾਲਤ ਹੈ, ਉਹ ਕਿਸੇ ਤੋਂ ਲੁਕੀ ਛੁਪੀ ਨਹੀਂ ਹੈ। ਦੋਨੋ ਹੀ ਮਿੱਟੀ ਨਾਲ ਮਿੱਟੀ ਹੁੰਦੇ ਆਏ ਨੇ, ਪਰ ਫੇਰ ਵੀ ਆਪਣੇ ਪਰਿਵਾਰਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਤੋਂ ਅਸਮਰੱਥ ਰਹਿੰਦੇ ਹਨ। ਦੁਨੀਆਂ ਭਰ ਵਿੱਚ ਅਨਾਜ਼ ਪਹੁੰਚਾਉਣ ਵਾਲੇ ਤੇ ਦਿਹਾੜੀ ਕਰਨ ਵਾਲੇ ਮਜ਼ਦੂਰ ਜੋ ਹਰ ਕੰਮ ਨੂੰ ਨੇਪਰੇ ਚਾੜਦੇ ਨੇ,ਉਹੋ ਖ਼ੁਦ ਆਪਣੇ ਕੰਮਾਂ ਨੂੰ ਨੇਪਰੇ ਨਹੀਂ ਚਾੜ ਪਾਉਂਦੇ ਕਿਉ ? ? ਤੇ ਆਰਥਿਕ ਮਜ਼ਬੂਰੀਆਂ ਕਰਕੇ ਗਲ ਰੱਸਾ ਪਾ ਬੈਠਦੇ ਨੇ। ਮਜ਼ਦੂਰ ਕਾਮਿਆਂ ਤੋਂ ਬਿਨਾਂ ਕੋਈ ਵੀ ਸਨਅੱਤੀ ਢਾਂਚਾ ਕਦੇ ਕਾਇਮ ਨਹੀਂ ਰਹਿ ਸਕਦਾ। ਮੈਂ ਮਜ਼ਦੂਰ ਦਿਵਸ ਤੇ ਵਿਸ਼ੇਸ਼ ਇਕ ਛੋਟੀ ਜਿਹੀ ਘਟਨਾ ਸਾਂਝੀ ਕਰਨੀ ਚਾਹਾਂਗੀ। ਜੋ ਕਿਸੇ ਦੇ ਦਿਲ ਦੇ ਜਜ਼ਬਾਤ ਤੇ ਆਰਥਿਕ ਮਜ਼ਬੂਰੀਆ ਨੂੰ ਬਿਆਨ ਕਰਦੀ ਹੈ। ਪਿਛਲੇ ਸਾਲ ਮਜ਼ਦੂਰ ਦਿਵਸ ਤੋਂ ਦੋ ਕੁ ਦਿਨ ਪਹਿਲੇ ਦੀ ਗੱਲ ਹੈ। ਸਾਡੇ ਘਰ ਬਿਜਲੀ ਦਾ ਕੰਮ ਕਰਨ ਵਾਲੇ ਲੱਗੇ ਹੋਏ ਸੀ। ਉਨ੍ਹਾਂ ਨਾਲ ਇੱਕ 30-35 ਸਾਲ ਦਾ ਨੌਜਵਾਨ ਵਿਅਕਤੀ ਦਿਹਾੜੀ ਤੇ ਲੱਗਾ ਹੋਇਆ ਸੀ। ਡੈਡੀ ਓਹਨਾਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰੀ ਜਾ ਰਹੇ ਸੀ, ਮੈਂ ਵੀ ਕੋਲ ਬੈਠੀ ਸੁਣ ਰਹੀ ਸੀ ਤੇ ਗੱਲਾਂ ਨੂੰ ਅੱਗੇ ਤੋਰਨ ਵਜੋਂ ਮੈਂ ਪੁੱਛ ਲਿਆ। ਕਿ ਤੁਹਾਨੂੰ ਵੀ ਪਰਸੋਂ ਮਜ਼ਦੂਰ ਦਿਵਸ ਦੀ ਛੁੱਟੀ ਹੋਵੇਗੀ ? ਉਹੋ ਬੜੀ ਹੈਰਾਨੀ ਨਾਲ ਪੁੱਛਣ ਲੱਗਾ,ਕਿਉਂ ਉਸ ਦਿਨ ਕਿ ਹੁੰਦਾ ਹੈ ? ਮੈਂ ਸੋਚਣ ਲੱਗੀ ਕੀ ਗੈਰ-ਸੰਗਠਿਤ ਖੇਤਰਾਂ ਵਿੱਚ ਕੰਮ ਕਰਦੇ ਹੋਰ ਲੱਖਾਂ ਕਰੋੜਾਂ ਮਜ਼ਦੂਰੀ ਕਰਨ ਵਾਲਿਆਂ ਨੂੰ ਵੀ ਅਜੇ ਤੱਕ ਮਜ਼ਦੂਰ ਦਿਵਸ ਦਾ ਪਤਾ ਹੀ ਨਹੀਂ ਹੋਣਾ। ਅਤੇ ਨਾ ਹੀ ਕਿਸੇ ਸਰਕਾਰਾਂ ਨੇ ਅਮਲੀ ਤੌਰ ਉੱਤੇ ਇੱਧਰ ਧਿਆਨ ਦਿੱਤਾ ਹੋਣਾ। ਪਤਾ ਨਹੀਂ ਕਦੋਂ ਇਨ੍ਹਾਂ ਕਿਰਤੀਆਂ ਲਈ ਮਜ਼ਦੂਰ ਦਿਵਸ ਦਾ ਸਹੀ ਮਾਇਨੇ 'ਚ ਮਹਤੱਵ ਹੋਏਗਾ ? ? ਮੈਂ ਆਪਣੀ ਸੋਚ 'ਚੋਂ ਬਾਹਰ ਆਉਂਦਿਆਂ ਉਹਨੂੰ ਕਿਹਾ, ਤੁਹਾਡਾ ਵਿਸ਼ੇਸ਼ ਦਿਨ ਹੈ ਤੁਸੀਂ ਆਪਣੇ ਘਰ ਦੇ ਜੀਆਂ ਨਾਲ ਉਸ ਦਿਨ ਘਰ ਰਹਿਓ। ਓਹਨੇ ਮੇਰੇ ਵੱਲ ਬੜੇ ਉਦਾਸ ਜਹੇ ਚਿਹਰੇ ਨਾਲ ਵੇਖਿਆ। ਸਾਡਾ ਕਾਹਦਾ ਮਜ਼ਦੂਰ ਦਿਵਸ। ਸਰਕਾਰ ਪਤਾ ਨਹੀਂ ਕਿਹੜੇ ਮਜਦੂਰਾਂ ਨੂੰ ਵਿੱਤੀ ਸਹਾਇਤਾ ਦਿੰਦੀ ਹੋਣੀ,ਓਹਨੇ ਅਚਾਨਕ ਮੈਨੂੰ ਕਹਿ ਦਿੱਤਾ। ਰਾਜ਼ੇ ਤੁਹਾਡੇ ਦੱਸੇ ਅਨੁਸਾਰ ਲੱਗਦਾ ਹੈ ਕਿ "ਮਈ ਦਿਵਸ" ਮਜ਼ਦੂਰ ਦਿਵਸ ਦੀ ਜਗਾਂ ਸਰਕਾਰ ਦਾ ਮਸ਼ਹੂਰੀ ਦਿਵਸ ਹੋਣਾ। ਉਹ ਇਸ ਦਿਨ ਵੀ ਸਿਆਸਤ ਰਾਹੀਂ ਲੋਕਾਂ ਨੂੰ ਖਰੀਦ ਦੇ ਹੋਣੇ ,ਇਹ ਬੋਲਕੇ ਇਕ ਦਮ ਓਹੋ ਚੁੱਪ ਹੋ ਗਿਆ। ਵੈਸੇ ਸਹੀ ਹੀ ਤਾਂ ਕਿਹਾ ਸੀ ਓਹਨੇ। ਉਹ ਬੋਲਣ ਲੱਗਾ, ਅਸੀਂ ਪਤਾ ਨਹੀਂ ਕਿਹੜੀ ਸ਼੍ਰੇਣੀ 'ਚ ਆਉਂਦੇ ਹਾਂ ਸਾਨੂੰ ਕੋਈ ਸਰਕਾਰ ਵਲੋਂ ਕਦੇ ਮਾਲੀ ਸਹਾਇਤਾ ਨਹੀਂ ਮਿਲੀ। ਸਾਰਾ ਦਿਨ ਪਸੀਨਾ ਵਹਾਉਣ ਦੇ ਬਾਵਜੂਦ ਵੀ ਆਰਥਿਕ ਮੰਦਹਾਲੀਆਂ ਪਿੱਛਾ ਹੀ ਨਹੀਂ ਛੱਡਦੀਆਂ। ਮੈਂ ਪੁੱਛਿਆ ਵੀ ਏਨੀ ਨਿਰਾਸ਼ਾ ਭਰੀ ਪਈ ਹੈ ਤੁਹਾਡੀਆਂ ਗੱਲਾਂ 'ਚ ਕਾਰਨ ਕੀ ਹੈ ? ਤਾਂ ਫੇਰ ਉਹ ਬੋਲਦਿਆਂ ਰੋਣ ਵੀ ਲੱਗ ਪਿਆ, ਬੱਚਿਆਂ ਤਰ੍ਹਾਂ ਰੋਂਦਿਆ ਦੱਸਣ ਲੱਗਾ। ਮੇਰੀ ਘਰ ਵਾਲੀ ਇੱਕ ਪ੍ਰਾਈਵੇਟ ਸਕੂਲ 'ਚ ਪੜਾਉਂਦੀ ਹੈ। ਮੈਂ ਓਹਨੂੰ ਵਿਆਹ ਤੋਂ ਬਾਦ ਬੀ.ਏ ਕਰਵਾ ਕੇ ਬੀ.ਐੱਡ ਕਰਵਾਈ। ਲੱਖ ਦੇ ਕਰੀਬ ਮੇਰਾ ਖਰਚਾ ਆ ਗਿਆ। ਤੇ ਹੁਣ ਉਹਨੂੰ ਪ੍ਰਾਈਵੇਟ ਸਕੂਲ ਵਾਲੇ 2500 ਰੁਪਏ ਇਹ ਕਹਿਕੇ ਦਿੰਦੇ ਨੇ ਕਿ ਤੁਸੀ ਹਜੇ ਫਰੇਸ਼ਰ ਹੋ। ਭਾਵ ਕਿ ਤੁਹਾਨੂੰ ਨੌਕਰੀ ਦਾ ਅਜੇ ਤਜ਼ੁਰਬਾ ਨਹੀ। ਮੇਰੀ ਘਰ ਵਾਲੀ ਨੇ ਘਰ ਦੇ ਮਾੜੇ ਹਾਲਾਤਾਂ ਨੂੰ ਵੇਖਦਿਆਂ 2500 'ਚ ਨੌਕਰੀ ਉੱਤੇ ਲੱਗਣਾ ਠੀਕ ਸਮਝਿਆ ਸੀ। ਪਰ ਕੱਲ ਉਹਨੂੰ ਸਕੂਲ 'ਚ ਇਸ ਗੱਲ ਤੇ ਝਿੜਕਾਂ ਪਈਆਂ, ਕਿ ਉਹਨੇ ਸਰਪੰਚ ਦੇ ਮੁੰਡੇ ਨੂੰ ਘਰ ਦਾ ਕੰਮ (ਹੋਮ ਵਰਕ) ਨਾ ਕਰਨ ਕਰਕੇ ਕਲਾਸ ਵਿਚੋਂ ਕੱਢ ਦਿੱਤਾ ਸੀ। ਤੇ ਸਰਪੰਚ ਪ੍ਰਿੰਸੀਪਲ ਨੂੰ ਆਖਦਾ ਹੈ,ਕਿ ਤੁਸੀਂ 2500-2500 'ਚ ਰੱਖੀਆਂ ਮੈਡਮਾਂ ਨੂੰ ਸਮਝਾ ਕੇ ਰੱਖੋ,ਇਹ ਸਾਡੇ ਬੱਚਿਆਂ ਨੂੰ ਪਿਆਰ ਨਾਲ ਪੜਾਉਣ, ਨਹੀਂ ਨਵੀਆਂ ਮੈਡਮਾਂ ਰੱਖੋ। ਮੈਂ ਗੱਲ ਸੁਣਦਿਆਂ ਹੀ ਸੋਚਣ ਲੱਗੀ , ਕਿ ਇਹ ਹੀ ਆਜ਼ਾਦੀ ਹੈ ਜੇ ਅੱਜ ਦੇ ਸਮੇਂ ਵੀ ਇਸ ਤਰ੍ਹਾਂ ਹੋ ਰਿਹਾ ਹੈ। ਬਹੁਤ ਸਾਰੇ ਖੋਲ੍ਹੇ ਗਏ ਨਿੱਜੀ ਸਕੂਲਾਂ ਵਿੱਚ ਮਤਲਬ ਅਜੇ ਵੀ ਇਹ ਸਿਸਟਮ ਚੱਲ ਹੀ ਰਿਹਾ ਹੈ ਕਿ ਇਹਨਾਂ ਸਕੂਲਾਂ ਵਾਲਿਆਂ ਨੂੰ ਪਿੰਡਾਂ ਦੇ ਅਮੀਰ ਵਰਗ ਵਲੋਂ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ ? ? ਤੇ ਬਦਲੇ 'ਚ ਉਨ੍ਹਾਂ ਦੇ ਬੱਚਿਆਂ ਨੂੰ ਵੱਧ ਨੰਬਰ ਦੇ ਕੇ ਪਾਸ ਕਰ ਦਿੱਤਾ ਜਾਂਦਾ ਹੈ ? ? ਤੇ ਭੋਲੇ ਭਾਲੇ ਲੋਕ ਜੋ ਬਣਦੇ ਤਾਂ ਚਾਲਾਕ ਨੇ ਆਪਣੇ ਹੀ ਬੱਚਿਆਂ ਦੇ ਭਵਿੱਖ ਨਾਲ ਖੇਡ ਜਾਂਦੇ ਹਨ। ਮੈਂ ਖਿਆਲਾਂ ਚੋਂ ਬਾਹਰ ਆ ਕੇ ਉਹਦੀਆਂ ਗੱਲਾਂ ਵੱਲ ਫੇਰ ਧਿਆਨ ਦਿੱਤਾ। ਓਹ ਆਪੇ 'ਚ ਬੋਲੀ ਜਾ ਰਿਹਾ ਸੀ ਜਿਵੇਂ ਮਸਾਂ ਹੀ ਕੋਈ ਸੁਣਨ ਵਾਲਾ ਮਿਲਿਆ ਹੋਵੇ। ਕਹਿਣ ਲਗਾ, 2500 'ਚ ਏਨਾ ਕੁਝ ਸਣਾਉਂਦੇ ਨੇ ਤੇ ਸਾਨੂੰ ਸਾਡੀ ਗਰੀਬੀ ਬੋਲਣ ਕਿੱਥੇ ਦਿੰਦੀ ਹੈ। ਮੈਂ ਗੱਲ ਬਦਲਣ ਦੀ ਮਾਰੀ ਨੇ ਪੁੱਛ ਲਿਆ,ਤੁਹਾਡੇ ਬੱਚੇ ਕਿੰਨੇ ਹਨ। ਕਹਿਣ ਲੱਗਾ ਇੱਕੋ ਮੁੰਡਾ ਹੈ। ਮੈਂ ਕਿਹਾ ਬਹੁਤ ਵਧੀਆ ਗੱਲ ਤੁਹਾਡਾ ਇਕ ਮੁੰਡਾ ਹੈ ਤੁਸੀਂ ਓਹਨੂੰ ਖ਼ੂਬ ਪੜਾਓ। ਆਪਣੇ ਸਾਰੇ ਖ਼ਾਬ ਓਹਦੇ ਦੁਬਾਰਾ ਪੂਰੇ ਕਰੋ। ਬਸ ਤੁਸੀਂ ਧਿਆਨ ਉਹਦੇ ਵੱਲ ਦੇਵੋ। ਉਹਦੀਆ ਨਿਰਾਸ਼ਾ ਜਨਕ ਗੱਲਾਂ ਸੁਣਦਿਆਂ ਮੈਂ ਹੁਣ ਉਸਦਾ ਸਾਰਾ ਧਿਆਨ ਓਹਦੇ ਮੁੰਡੇ ਵੱਲ ਦਵਾਉਣਾ ਚਾਹੁੰਦੀ ਸੀ। ਫੇਰ ਉਹ ਅਚਾਨਕ

ਬੋਲਿਆ ਮੁੰਡੇ ਕਰਕੇ ਵੀ ਕੱਲ ਦਾ ਮੈਂ ਬੜਾ ਦੁੱਖੀ ਹਾਂ। ਕੱਲ ਦਾ ਦਿਨ ਹੀ ਮੇਰੇ ਲਈ ਚੰਗਾ ਨਹੀਂ ਸੀ ,ਇਹ ਸੁਣਦਿਆਂ ਹੀ ਮੇਰਾ ਹਿਰਦਾ ਅੰਦਰੋਂ ਕੰਬ ਜਿਹਾ ਗਿਆ। ਲੱਗਾ ਆਖਿਰੀ ਆਸ ਵੀ ਖਤਮ ਹੋ ਗਈ। ਪਰ ਮੈਂ ਜਲਦੀ ਨਾਲ ਹੁਣ ਮੁੰਡੇ ਬਾਰੇ ਜਾਨਣਾ ਚਾਹੁੰਦੀ ਸੀ ਇਸ ਲਈ ਮੈਂ ਕਾਹਲੀ ਨਾਲ ਪੁੱਛਿਆ। ਮੁੰਡਾ ਪੜਦਾ ਤਾਂ ਸਹੀ ਹੈ ? ਗਲਤ ਰਸਤੇ ਵੱਲ ਤਾਂ ਨਹੀਂ ਭਟਕ ਗਿਆ ? ਮਾੜੀ ਸੰਗਤ ਵਿੱਚ ਤਾਂ ਨਹੀਂ ਪੈ ਗਿਆ ? ਮੈਂ ਬੜੇ ਭਾਵੁਕ ਮਨ ਨਾਲ ਇਹ ਸਵਾਲ ਪੁੱਛੇ। ਤੇ ਉਹਦੇ ਮੂੰਹ ਵੱਲ ਵੇਖਣ ਲੱਗੀ। ਕਿ ਉਹ ਜਲਦੀ ਕੁੱਝ ਬੋਲੇ। ਉਹ ਬੋਲਣ ਲੱਗਾ ਰਾਜ਼ੇ ਮੇਰਾ ਮੁੰਡਾ ਬਹੁਤ ਸਿਆਣਾ ਹੈ ਬਹੁਤ ਹੁਸ਼ਿਆਰ ਵੀ ਹੈ ਬਹੁਤ ਲਾਇਕ ਹੈ। ਇਹ ਸੁਣਕੇ ਮੈਨੂੰ ਅਜੀਬ ਜਿਹਾ ਸਕੂਨ ਮਿਲਿਆ। ਤੇ ਉਹਦੇ ਚਿਹਰੇ ਤੇ ਮੁਸਕਾਨ ਵੀ ਮੈਨੂੰ ਪਹਿਲੀ ਵਾਰ ਬੜੀ ਵਧੀਆ ਲਗੀ। ਜਿਵੇਂ ਮੈਂ ਕੋਈ ਜਿੱਤ ਪਾਪ੍ਰਤ ਕਰ ਲਈ ਹੋਵੇ। ਫੇਰ ਮੈਂ ਪੁੱਛਣ ਲੱਗੀ, ਫੇਰ ਕਿ ਗੱਲ ਹੋਗੀ ? ਕਹਿਣ ਲੱਗਾ,ਮੁੰਡਾ ਬਾਰਵੀਂ ਕਲਾਸ 'ਚ ਪੜਦਾ ਹੈ। ਦੋ ਔਖੇ ਵਿਸ਼ਿਆਂ ਦੀ ਟਿਊਸ਼ਨ ਤੇ ਲਾਇਆ ਹੋਇਆ ਏ, ਓਹਦੀ ਫੀਸ 1800 ਰੁਪਏ ਹੈ। ਮੰਗਦੇ ਤਾਂ ਦੋ ਵਿਸ਼ਿਆਂ ਦੀ ਬਹੁਤ ਸੀ ਪਰ ਏਨੀ ਵੀ ਮਸਾਂ ਹੀ ਕਰਵਾਈ ਏ। ਮੈਂ ਹਿਸਾਬ ਜਿਹਾ ਲਾ ਕੇ ਕਿਹਾ,ਮਤਲਬ 2500 ਰੁਪਏ ਉਹਦੀ ਮੰਮੀ ਦੀ ਤਨਖਾਹ 1800 ਮੁੰਡੇ ਦੀ ਫੀਸ ਅਤੇ ਪਿੱਛੇ 700 ਬਚੇ। ਇਹਨੇ ਔਖੇ ਪੜ੍ਹਾਉਂਦੇ ਨੇ ਸਾਡੇ ਮਾਂ- ਬਾਪ। ਤੇ ਅਸੀਂ ਪੜ੍ਹ ਲਿਖ ਕੇ ਇਹਨਾਂ ਨੂੰ ਇਕ ਦਿਨ ਟਿੱਚ ਕਿਉਂ ਜਾਣਦੇ ਹਾਂ ? ਫੇਰ ਉਹ ਬੋਲਿਆਂ ਗਰੀਬਾਂ ਦੀਆਂ ਪਰੇਸ਼ਾਨੀਆ ਘੱਟਦੀਆ ਨਹੀਂ। ਰੱਬ ਵੀ ਅਮੀਰਾਂ ਦਾ ਸਾਥ ਦਿੰਦਾ ਹੈ। ਮੈਂ ਮੇਰੇ ਮੁੰਡੇ ਦੀ ਫੀਸ ਦੇਣ ਟਿਊਸ਼ਨ ਵਾਲੇ ਮੁੰਡੇ ਘਰ ਗਿਆ। ਮੁੰਡੇ ਨੂੰ ਫੀਸ ਦਿੱਤੀ ਕਹਿੰਦਾ ਤੁਹਾਡੀ ਫੀਸ ਦੋ ਮਹੀਨਿਆਂ ਦੀ ਪਈ ਹੈ। ਇਹ ਗੱਲ ਸੁਣ ਕੇ ਕਹਿੰਦਾ ਮੇਰਾ ਦਿਮਾਗ ਸੁੰਨ ਹੋ ਗਿਆ। ਕਿ ਮੇਰੇ ਕੋਲ ਕਿਹੜਾ ਵਾਧੂ ਪੈਸੇ ਨੇ ਜਿਨ੍ਹਾਂ ਦਾ ਮੈਂ ਹਿਸਾਬ-ਕਿਤਾਬ ਭੁੱਲ ਸਕਾਂ। 3600 ਰੁਪਏ ਮੇਰੇ ਵਾਸਤੇ ਬਹੁਤ ਵੱਡੀ ਰਕਮ ਸੀ ਮੈਂ ਬੜਾ ਕਿਹਾ ਮੈਂ ਪਿਛਲੇ ਮਹੀਨੇ ਦੀ ਫੀਸ ਦੇ ਦਿੱਤੀ ਸੀ। ਕੋਈ ਚਾਰਾ ਨਾ ਵੇਖਦਿਆਂ ਮੈਂ ਗੁਰੂ ਘਰ ਵੀ ਵੜਨ ਨੂੰ ਤਿਆਰ ਸੀ । ਕੀ ਸ਼ਾਇਦ ਆਪਣੀ ਬੇਗੁਨਾਹੀ ਦਾ ਸਬੂਤ ਹੀ ਪੇਸ਼ ਕਰ ਸਕਾ । ਪਰ ਉਹ ਮੁੰਡਾ ਅੱਗੇ ਤੋਂ ਬਹੁਤ ਗੁੱਸੇ 'ਚ ਬੋਲਿਆ। ਪਤਾ ਨਹੀਂ ਕਿੱਥੋਂ-ਕਿੱਥੋਂ ਆ ਜਾਂਦੇ ਨੇ। ਓਹਨੇ ਮੈਨੂੰ ਖਿੱਚ ਕੇ ਆਪਣੇ ਘਰ ਤੋਂ ਬਾਹਰ ਧੱਕਾ ਮਾਰਿਆ। ਮੇਰੇ ਪੈਸੇ ਵੀ ਮੇਰੇ ਪੈਰਾ 'ਚ ਸੁੱਟ ਦਿੱਤੇ। ਤੇ ਮੇਰੇ ਮੁੰਡੇ ਨੂੰ ਵੀ ਬਾਹਰ ਕੱਢ ਦਿੱਤਾ। ਤੇ ਨਾਲ ਹੀ ਗੇਟ ਫਟਕਾ ਕੇ ਮਾਰਿਆ ਤੇ ਬੋਲਣ ਲੱਗਾ । ਪਹਿਲੇ ਮਹਿੰਗੇ ਸਕੂਲਾਂ ਵਿੱਚ ਤੇ ਮਹਿੰਗੇ ਟਿਊਸ਼ਨਾ ਪੜਾਉਣ ਜੋਗੇ ਹੋ ਜਾਵੋ ਫੇਰ ਆਉਣਾ। ਇਹ ਬੋਲਦਿਆਂ ਉਹ ਉੱਚੀ- ਉੱਚੀ ਰੋਣ ਲੱਗ ਪਿਆ,ਕਿ ਗਰੀਬਾਂ ਦੀ ਕੋਈ ਇੱਜ਼ਤ ਨਹੀਂ ਹੁੰਦੀ ? ? ਨਿੱਕੇ-ਨਿੱਕੇ ਜ਼ਵਾਕ ਵੀ ਬੇਇੱਜ਼ਤੀ ਕਰ ਜਾਂਦੇ ਨੇ। ਮੇਰਾ ਜ਼ਵਾਕ ਕੱਲ ਦਾ ਘਰੇ ਮਸੋਸਿਆ ਜਿਹਾ ਮੂੰਹ ਬਣਾ ਕੇ ਬੈਠਾ ਹੈ। ਮੈਂ ਇਹ ਸਭ ਸੁਣ ਕੇ ਸੁੰਨ ਹੀ ਹੋ ਗਈ। ਅਤੇ ਅੱਜ ਤੱਕ ਇਹ ਗੱਲ ਦਿਮਾਗ਼ 'ਚ ਘੁੰਮਦੀ ਹੈ। ਕੀ ਅਸੀਂ ਹਮੇਸ਼ਾ ਸਰਕਾਰਾਂ ਨੂੰ ਦੋਸ਼ ਦਿੰਦੇ ਰਹਿੰਦੇ ਹਾਂ। ਪਰ ਅਸੀਂ ਆਪ ਕਿੰਨੇ ਕੁ ਆਪਣੇ ਵਰਗੇ ਲੋਕਾਂ ਜਾ ਆਪਣੇ ਤੋਂ ਆਰਥਿਕ ਰੂਪ ਵਿੱਚ ਪੱਛੜੇ ਲੋਕਾਂ ਦੀਆਂ ਮਜ਼ਬੂਰੀਆ ਨੂੰ ਸੁਣਦੇ ਹਾਂ, ਸਮਝਦੇ ਹਾਂ ? ਕਿਤੇ ਸਾਡਾ ਪੜਨ ਦਾ ਮਕਸਦ ਸਿਰਫ਼ ਪੈਸੇ ਕਮਾਉਣਾ ਹੀ ਤਾਂ ਨਹੀਂ ਰਹਿ ਜਾਂਦਾ ? ? ਸਾਡੇ ਅੰਦਰ ਇਹਨਾਂ ਗੁੱਸਾ ਆਉਂਦਾ ਕਿੱਥੋਂ ਹੈ ਕਿੱਥੇ ਹੈ ਸਾਡੀ ਨੈਤਿਕ ਸਿੱਖਿਆ ? ਕਿ ਅਸੀਂ ਇਕ ਮਹੀਨੇ ਦੀ ਫੀਸ ਲਈ ਏਨੀ ਕੁਰਖਤ ਭਾਸ਼ਾ ਨਾਲ ਪੇਸ਼ ਆਉਂਦੇ ਹਾਂ। ਸਾਡੀ ਲਾਲਸਾ ਏਨੀ ਵੱਧ ਜਾਂਦੀ ਹੈ। ਕੀ ਸਾਨੂੰ ਆਪਣੇ ਤੋਂ ਇਲਾਵਾ ਕੁਝ ਹੋਰ ਦਿਖਾਈ ਹੀ ਨਹੀਂ ਦਿੰਦਾ। ਮਜ਼ਦੂਰ ਦਿਵਸ ਉੱਤੇ ਸਿਰਫ਼ ਐਨਾਂ ਹੀ ਕਹਿਣਾ ਚਾਹਾਂਗੀ। ਕਿ ਸਾਡੇ ਤਾਂ ਗੁਰੂ ਸਾਹਿਬਾਨ ਨੇ ਵੀ ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਆਖਿਆ ਹੈ। ਇਸ ਲਈ ਆਪਣੀ ਵਿੱਤ ਅਨੁਸਾਰ ਸਾਨੂੰ ਆਪਣੇ ਨੇੜੇ-ਤੇੜੇ ਦੇ ਲੋੜਵੰਦ ਪਰਿਵਾਰਾਂ ਦੀ ਦਸਵੰਧ ਦੇ ਰੂਪ ਵਿੱਚ ਮੱਦਦ ਕਰਦਿਆਂ ਰਹਿਣੀ ਚਾਹੀਦੀ ਹੈ। ਇਹ ਹੀ ਅਸਲ ਧਰਮ ਹੈ ,ਧਾਰਮਿਕ ਅਸਥਾਨਾਂ ਉੱਤੇ ਪੱਥਰ ਚੜਾਉਂਦੇ-ਚੜਾਉਂਦੇ ਕਿਤੇ ਸਾਡੇ ਹਿਰਦੇ ਨਾ ਪੱਥਰ ਹੋ ਜਾਣ। ਮਜ਼ਦੂਰ ਦਾ ਹੱਕ ਓਹਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲੇ। ਉਹਦੇ ਬੱਚੇ ਵੀ ਓਹਨਾ ਹੀ ਸਕੂਲਾਂ ਚ ਪੜ੍ਹਨ ਜਿਨ੍ਹਾਂ 'ਚ ਵੱਡਿਆਂ ਦੇ ਪੜ੍ਹਦੇ ਨੇ। ਤੇ ਸਰਕਾਰ ਨੂੰ ਵੀ ਅਪੀਲ ਹੈ ਕਿ ਘੱਟੋ ਘੱਟ ਨਿੱਜੀ ਸਕੂਲਾਂ ਵਲੋਂ ਕੀਤਾ ਜਾਂਦਾ ਬੇਰੁਜ਼ਗਾਰਾਂ ਅਧਿਆਪਕਾਂ ਦਾ ਸ਼ੋਸ਼ਣ ਤੇ ਗਰੀਬਾਂ ਦੀ ਹੁੰਦੀ ਉੱਥੇ ਲੁੱਟ ਬਾਰੇ ਜ਼ਰੂਰ ਧਿਆਨ ਦੇਵੇ। ਤਾਂ ਕਿ ਕਿਸੇ ਦੀ ਖ਼ੂਨ ਪਸੀਨੇ ਦੀ ਕਮਾਈ ਦਾ ਕੋਈ ਮਜ਼ਾਕ ਨਾ ਉਡਾਵੇ ਤੇ ਨਾਲ ਹੀ ਕਿਸੇ ਦੀ ਯੋਗਤਾ ਦਾ ਵੀ ਪੂਰਾ ਮੁੱਲ ਪੈ ਸਕੇ। ਜਿਹੜੇ ਸਮਾਜ ਅੰਦਰ ਰਾਸ਼ਟਰ ਨਿਰਮਾਤਾ,ਮਜ਼ਦੂਰ ,ਕਿਸਾਨ,ਤੇ ਅਧਿਆਪਕ ਵਰਗ ਦੀ ਕਦਰ ਨਹੀਂ ਹੁੰਦੀ। ਉਹ ਕਦੇ ਵੀ ਇੱਕ ਸਵਾਸਥ ਸਮਾਜ ਨਹੀਂ ਬਣ ਸਕਦਾ। ਚੋਰੀ,ਕਤਲ,ਨਸ਼ਾ,ਬਲਾਤਕਾਰ,ਆਤਮਹੱਤਿਆ ਵਰਗੀਆਂ ਘਟਨਾਵਾਂ ਹਮੇਸ਼ਾ ਬਿਮਾਰ ਸਮਾਜ ਵਿੱਚ ਹੀ ਪੈਦਾ ਹੁੰਦੀਆਂ ਹਨ।ਆਪਾਂ ਵੀ ਸਮਾਜ ਦੇ ਇੱਕ ਜ਼ਿੰਮੇਵਾਰ ਮੈਂਬਰ ਵੱਜੋਂ ਕਿਰਤੀਆਂ ਨੂੰ ਨਾ ਸਿਰਫ਼ ਉਨ੍ਹਾਂ ਦਾ ਹੱਕ ਬਲਕਿ ਬਣਦਾ ਸਤਿਕਾਰ ਵੀ ਦਈਏ ਤਾਂ ਹੀ ਉਹ ਮਾਣ ਨਾ ਆਪਣਾ ਸਿਰ ਉੱਚਾ ਕਰਕੇ ਜੀਅ ਸਕਦੇ ਹਨ। ਫੇਰ ਹੀ ਚੰਗੇ ਸਮਾਜ ਦੀ ਨੀਂਹ ਰੱਖੀ ਜਾ ਸਕਦੀ ਹੈ। ਆਪਣੀ ਗੱਲ ਦੀ ਸਮਾਪਤੀ ਮੈਂ ਸੰਤ ਰਾਮ ਉਦਾਸੀ ਜੀ ਦੇ ਉਸ ਅਮਰ ਗੀਤ ਦੀਆਂ ਸਤਰਾਂ ਨਾਲ ਕਰਨੀ ਚਾਹਾਂਗੀ ਕਿ

"ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵੇਹੜੇ।"

ਸ਼ਾਲਾ ਕੰਮੀਆਂ ਦੇ ਵੇਹੜੇ ਸੰਘਰਸ਼,ਹੱਕ -ਸੱਚ ਦੀ ਕਮਾਈ ਦਾ ਇਹ ਸੂਰਜ ਨਾ ਸਿਰਫ਼ ਮਘੇ ਬਲਕਿ ਭਾਂਬੜ ਬਣਕੇ ਮੱਚੇ ਵੀ ਹਰ ਗਲਤ ਵਰਤਾਰੇ ਤੇ ਵਧੀਕੀ ਖ਼ਿਲਾਫ਼ । ਮਜ਼ਦੂਰ ਦਿਵਸ ਦੀਆਂ ਸਮੁੱਚੀ ਦੁਨੀਆਂ ਨੂੰ ਬਹੁਤ ਬਹੁਤ ਮੁਬਾਰਕਾਂ

**ਨਵਨੀਤ ਕੌਰ**

# ਸ਼ਹੀਦਾਂ ਦੇ ਸਰਤਾਜ

# ਸ੍ਰੀ ਗੁਰੂ ਅਰਜਨ ਦੇਵ ਜੀ

ਜਨਮ:- ਗੋਇੰਦਵਾਲ ਸਾਹਿਬ, 15 ਅਪ੍ਰੈਲ 1563, ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ।

ਵਿਆਹ ਅਤੇ ਪਰਵਾਰ:- ਜੂਨ 1579 ਸਪੱਤਰੀ ਕਿਸ਼ਨ ਚਮਦ ਪਿੰਡ ਮਉ ਤਹਸੀਲ ਫਲੌਰ ਮਹਿਲ ਗੰਗਾ ਜੀ, ਇਕ ਸਪੁਤਰ ਹਰਗੋਬਿੰਦ ਸਾਹਿਬ ਜੀ ਜਨਮ ਜੂਨ 1595। ਨਾਨਾ ਗੁਰੂ ਅਮਰਦਾਸ ਜੀ। ਦੋ ਵੱਡੇ ਭਰਾ ਪਥਿੀ ਚੰਦ ਜੀ ਅਤੇ ਮਹਾਦੇਵ ਜੀ।

ਗੁਰਗੱਦੀ ਅਤੇ ਜੋਤੀ ਜੋਤ:- 1 ਸਤੰਬਰ 1581 ਗੋਇੰਦਵਾਲ ਸਾਹਿਬ ਅਤੇ ਜੋਤੀ ਜੋਤ 30 ਮਈ 1606 ਰਾਵੀ ਦਰਿਆ ਵਿਚ। ਉਮਰ 43 ਸਾਲ ਗੁਰਗੱਦੀ 25 ਸਾਲ।

ਕਾਰਜ:- ਪੂਕਾ ਅੰਮਿ੍ਤਸਰੋਵਰ-1586, ਸੰਤੋਖਸਰ ਤਿਆਰ-1588, ਹਰਿਮੰਦਾਰ ਸਾਹਿਬ ਦੀ ਨੀਨਹ-1588, ਤਰਨਤਾਰਨ ਸਾਹਿਬ ਤਾਲ- 1590, ਕਰਤਾਰਪੁਰ (ਜਲੰਧਰ)-1593, ਤਰਨਤਾਰਨ ਸ਼ਹਿਰ-1596, ਛਰਹਟਾ-1597, ਗੋਬਿੰਦਪੁਰ-1597, ਬਾਉਲੀ (ਲਹੌਰ) 1599, ਰਾਮਸਰ ਅਤੇ ਗੁਰੁ ਕਾ ਬਾਗ-1602-1603. ਸ੍ਰੀ ਗੁਰੂ ਗ੍ਰੰਥ ਸਾਹਿਬ 1603 ਸਤਾਪਨਾ 1604 (ਪਹਿਲੇ ਗ੍ਰੰਥੀ ਬਾਬਾ ਬੁਢਾ ਜੀ।

ਛੋਟੀ ਉਮਰ ਵਿਚ ਨਾਨਾ ਗੁਰੂ ਅਮਰਦਾਸ ਜੀ ਪਾਸੋਂ ਗੁਰਮਤਿ ਦੀ ਅਗਵਾਈ ਪ੍ਰਾਪਤ ਕੀਤੀ ਅਤੇ ਵੱਡੇ ਹੋਏ। ਗੁਰੂ ਅਮਰਦਾਸ ਜੀ ਦੀ ਦੇਖ ਰੇਖ ਵਿਚ 11 ਸਾਲ ਦੇ ਹੋ ਚੁਕੇ ਸਨ ਜਦੋਂ ਉਹ ਜੋਤੀ ਜੋਤ ਸਮਾਏ ਅਤੇ ਆਪ ਪਿਤਾ ਗੁਰੂ ਰਾਮਦਾਸ ਜੀ ਨਾਲ ਗੁਰੂ ਕੇ ਚੱਕ ਆ ਗਏ। ਇਤਿਹਾਸ ਐਸਾ ਦਸਦਾ ਹੈ ਕਿ ਛੋਟੇ ਹੁੰਦੇ ਆਪ ਗੁਰੂ ਨਾਨਾ ਜੀ ਦੇ ਪਲੰਗ ਦੇ ਪਾਵੇ ਨੂੰ ਫੜ ਕੇ ਖੜੇ ਹੋਣ ਦਾ ਯਤਨ ਕਰਦੇ ਸਨ। ਗੁਰਬਾਣੀ ਪ੍ਰਤੀ ਆਪ ਦਾ ਪਿਆਰ ਇਤਨਾ ਸੀ ਕਿ ਛੋਟੀ ਉੱਮਰ ਵਿਚ ਗੁਰੂ ਅਮਰਦਾਸ ਜੀ ਨੇ ਆਖਿਆ 'ਇਹ ਧੋਤਾ ਬਾਣੀ ਦਾ ਬੋਹਿਥਾ ਹੋਵੇਗਾ'। ਗੁਰੂ ਦਰਬਾਰ ਦੀ ਮਹਿਮਾਂ ਅਤੇ ਕੀਰਤਨ ਦੀ ਲਗਨ ਆਪ ਨੂੰ ਬਹੁਤ ਸੀ ਅਤੇ ਮਨ ਕਰਕੇ ਹਾਜ਼ਰੀ ਭਰਦੇ ਸਨ। ਗੁਰੂ ਚੱਕ ਵਿਚ ਵਾਪਸ ਆਉਨ ਤੇ ਵੱਡੇ ਭਰਾ ਪਥਿੀ ਚੰਦ ਨੇ ਗੁਰੂ ਘਰ ਦੇ ਪ੍ਰਬੰਧ ਅਤੇ ਆਉਣ ਵਾਲੀ ਮਾਇਆ ਨੂੰ ਆਪਣੇ ਹੱਥ ਲੈਣਾ ਸ਼ੁਰੂ ਕਰ ਦਿੱਤਾ ਅਤੇ ਮਨ ਵਿਚ ਵਿਚਾਰ ਕਰਨ ਲੱਗ ਗਇਆ ਕਿ ਪਿਤਾ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰਗੱਦੀ ਦਾ ਵਾਰਸ ਮੈਂ ਹੀ ਹਾਂ। ਪਹਿਲਾਂ ਤਾਂ ਗੁਰੂ ਰਾਮਦਾਸ ਜੀ ਨੇ ਜਿਆਦਾ ਧਿਆਨ ਨਾ ਦਿੱਤਾ ਪਰ ਸਮੇਂ ਨਾਲ ਉਹ ਸਮਝ ਗਏ ਕਿ ਪਥਿੀਆ ਲੋਭੀ ਬਿੱਤੀ ਦਾ ਹੈ। ਗੁਰੂ ਰਾਮਦਾਸ ਜੀ ਆਪਣੇ ਛੋਟੇ ਪੁਤਰ (ਗੁਰੂ) ਅਰਜਨ ਦੇਵ ਜੀ ਵਿਚ ਆਗਿਆਕਾਰੀ ਹੋਣ, ਸਮਾਜ ਸੇਵਾ ਅਤੇ ਗੁਰਬਾਣੀ ਨੂੰ ਸਮਝਣ ਅਤੇ ਦਿਲੋਂ ਇਸ ਅਨੁਸਾਰ ਜੀਵਨ ਨੂੰ ਢਾਲਨ ਦੀ ਤੀਵਰ ਇੱਛਾ ਨੂੰ ਦੇਖ ਰਹੇ ਸਨ।

ਗੁਰੂ ਰਾਮਦਾਸ ਜੀ ਨੂੰ ਆਪਣੇ ਚਚੇਰਾ ਭਰਾ ਦੇ ਲੜਕੇ ਦੀ ਲਹੌਰ ਵਿਚ ਹੋਣ ਵਾਲੀ ਸ਼ਾਦੀ ਵਾਸਤੇ ਬੁਲਾਇਆ ਗਿਆ ਪਰ ਗੁਰੂ ਸਾਹਿਬ ਨੇ ਸੰਗਤ ਦੀ ਇੱਛਾ ਨੂੰ ਦੇਖਦੇ ਹੋਏ ਆਪਣੇ ਇਕ ਪੁੱਤਰ ਨੂੰ ਭੇਜਨ ਦਾ ਸੋਚ ਲਿਆ। ਵੱਡਾ ਪਥਿੀ ਚੰਦ ਗੁਰੂ ਘਰ ਤੋਂ ਦੂਰ ਨਹੀਂ ਜਾਣਾ ਚਾਹੁੰਦਾ ਸੀ ਤਾਕਿ ਉਸਦੀ ਪਕੜ ਨਾ ਘਟ ਜਾਏ ਅਤੇ ਮਹਾਦੇਵ ਜੀ ਨੇ ਆਪਣਾ ਵਿਆਹ ਸ਼ਾਦੀ ਦੇ ਸ਼ੋਰ ਸ਼ਰਾਬੇ ਵਿਚ ਨਾ ਜਾਣ ਦਾ ਆਖ ਦਿੱਤਾ ਜੱਦ ਕਿ ਅਰਜਨ ਦੇਵ ਜੀ ਗੁਰੂ ਪਿਤਾ ਦੀ ਆਗਿਆ ਅਨੁਸਾਰ ਖੁਸ਼ੀ ਖੁਸ਼ੀ ਜਾਣ ਨੂੰ ਤਿਆਰ ਹੋ ਗਏ। ਗੁਰੂ ਰਾਮਦਾਸ ਜੀ ਨੂੰ ਆਪਣਾ ਅੰਤਮ ਸਮਾਂ ਨੇੜੇ ਹੋਣ ਦਾ ਗਿਆਨ ਹੋ ਗਿਆ ਤਾਂ ਉਹਨਾਂ ਪ੍ਰੀਖਿਆ ਵਜੋਂ ਅਰਜਨ ਦੇਵ ਜੀ ਨੂੰ ਲਹੌਰ ਤੋਂ ਵਾਪਸ ਨਾ ਬੁਲਾਇਆ। ਇਤਿਹਾਸਕਾਰ ਲ਼ਿਖਦੇ ਹਨ ਕਿ ਜਾਣ ਵੇਲੇ ਹੀ ਗੁਰੂ ਸਾਹਿਬ ਜੀ ਨੇ ਆਖ ਦਿੱਤਾ ਸੀ ਕਿ ਜੱਦ ਬਲਾਂਵਾਗੇ ਤੱਦ ਹੀ ਵਾਪਸ ਆਉਣਾ। (ਗੁਰੂ) ਅਰਜਨ ਦੇਵ ਜੀ ਨੇ ਗੁਰੂ ਪਿਤਾ ਅਤੇ ਸੰਗਤਾਂ ਦੇ ਵਿਛੋੜੇ ਨੂੰ ਮਹਿਸੂਸ ਕੀਤਾ ਅਤੇ ਦੋ ਪੱਤਰ ਲਿਖੇ ਪਰ ਵਾਪਸ ਅੰਮਿ੍ਤਸਰ ਆਉਣ ਲਈ ਹੁਕਮ ਨਾ ਆਇਆ ਤਾਂ ਆਪ ਨੇ ਤੀਸਰੀ ਚਿੱਠੀ ਦੇਣ ਵਾਲੇ ਤਾਕੀਦ ਕਰ ਦਿਤੀ ਕਿ ਇਹ ਗੁਰੂ ਪਿਤਾ ਰਾਮਦਾਸ ਜੀ ਨੂੰ ਹੀ ਦੇਣੀ ਹੈ ਸੋ ਐਸਾ ਹੀ ਹੋਇਆ। ਅਸਲ ਵਿਚ ਪਥਿੀ ਚੰਦ ਚਾਹੁੰਦਾ ਸੀ ਕਿ ਅਰਜਨ ਦੇਵ ਜੀ ਵਾਪਸ ਨਾ ਆਉਣ ਇਸ ਕਰਕੇ ਉਸਨੇ ਪਹਿਲੀਆਂ ਦੋ ਚਿੱਠੀਆਂ ਲੈ ਕੇ ਗੁਰੂ ਸਾਹਿਬ ਜੀ ਨੂੰ ਨਾ ਦਿਖਾਈਆਂ। ਤੀਸਰੀ ਚਿੱਠੀ ਨੂੰ ਪੜ੍ਹ ਕੇ ਗੁਰੂ ਰਾਮਦਾਸ ਜੀ ਨੇ ਪਥਿੀਏ ਤੋਂ ਪਹਿਲੀਆਂ ਦੋਨੋਂ ਚਿੱਠੀਆਂ ਘੱਢਵਾ ਲਈਆਂ ਅਤੇ ਗੁਰ ਗੱਦੀ ਅਰਜਨ ਨੂੰ ਦੇਣ ਦਾ ਨਿਰਣਾ ਲੈ ਲਿਆ। ਇਹ 3 ਚਿੱਠੀਆਂ ਅਤੇ (ਗੁਰੂ) ਅਰਜਨ ਦੇਵ ਜੀ ਦੇ ਚੌਥੇ ਮਿਲਾਪ ਦੇ ਸਲੋਕ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਝ ਮਹਲਾ 5 ਚਉਪਦੇ ਘਰੁ 1 ? ਅੰਗ 96 ਵਿਚ ਦਰਜ਼ ਹਨ। ਇਹਨਾਂ ਪਹਿਲੇ ਤਿੰਨ ਪਦਿਆਂ ਦੇ ਪੜ੍ਹਣ ਤੋਂ (ਗੁਰੂ) ਅਰਜਨ ਸਾਹਿਬ ਜੀ ਦੇ ਹਿਰਦੇ ਵਿਚ ਗੁਰੂ ਪਿਤਾ ਜੀ ਦੇ ਵਿਛੋੜੇ ਤੋਂ ਉੱਠੀ ਬਹਿਬਲਤਾ ਦਾ ਗਿਆਨ ਹੋ ਜਾਂਦਾ ਹੈ। ਅੰਤਲਾ ਚੌਥਾ ਪਦਾ ਗੁਰ ਗੱਦੀ ਦੇ ਪ੍ਰਾਪਤ ਹੋਣ ਤੋਂ ਬਾਅਦ ਦਾ ਹੈ ਕਿਉਂਕਿ ਇਸ ਦੇ ਅੰਤ ਵਿਚ ਨਾਨਕ ਛਾਪ ਲਗੀ ਹੋਈ ਹੈ।

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਛੁੜਾ
ਜਨ ਨਾਨਕ ਦਾਸ ਤੁਮਾਰੇ
ਜੀਉ ॥4 ॥
ਹਉ ਘੋਲੀ
ਜੀਉ
ਘੋਲਿ
ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ ॥ਰਹਾਉ ॥1 ॥

28 ਅਗਸਤ 1581 ਨੂੰ ਗੋਇੰਦਵਾਲ ਸਾਹਿਬ ਗੁਰਗੱਦੀ ਸੌਂਪਣ ਦੀ ਰਸਮ ਕੀਤੀ ਗਈ। ਪਥਿੀ ਚੰਦ ਨੇ ਦਸਤਾਰ ਬੰਦੀ ਵੇਲੇ ਰੌਲਾ ਪਾਇਆ ਕਿ ਵੱਡੇ ਪੁਤਰ ਹੋਣ ਕਾਰਨ ਇਹ ਦਸਤਾਰ ਉਸਨੂੰ ਮਿਲਨੀ ਚਾਹੀਦੀ ਹੈ। ਉਸਦਾ ਇਹ ਖਿਆਲ ਸੀ ਕਿ ਜੇਕਰ ਉਸਨੂੰ ਦਸਤਾਰ ਬਰਾਦਰੀ ਵਿਚ ਮਿਲ ਜਾਂਦੀ ਹੈ ਤਾਂ ਉਹ ਗੁਰੂ ਬਣ ਹੀ ਜਾਵੇਗਾ। ਪਰ ਗੁਰੂ ਅਰਜਨ ਦੇਵ ਜੀ ਸ਼ਾਂਤ ਰਹੇ ਅਤੇ ਦਸਤਾਰ ਪਥਿੀਏ ਨੂੰ ਬਣਵਾਈ ਗਈ ਪਰ ਸਿੱਖਾਂ ਨੇ ਪਥਿੀਏ ਨੂੰ ਗੁਰੂ ਮੰਨਣ ਤੋਂ ਨਾਂਹ ਕਰ ਦਿਤੀ। ਪਿਤਾ ਗੁਰੂ ਰਾਮਦਾਸ ਜੀ ਦੇ 1 ਸਤੰਬਰ 1581 ਨੂੰ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਰਾਮਦਾਸ ਚੱਕ ਵਾਪਸ ਆ ਗਏ। ਪਥਿੀਏ ਨੂੰ ਇਤਨੇ ਨਾਲ ਵੀ ਚੈਨ ਨਾ ਆਇਆ ਅਤੇ ਸੰਗਤ ਨੂੰ ਗੁਮਰਾਹ ਕਰਕੇ ਆਪਣੇ ਨਾਲ ਜੋੜਣ ਲੱਗ ਗਿਆ। ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਨ ਗੁਰਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦਾ ਪੂਰਾ ਸਾਥ ਦਿਤਾ ਪਰ ਪਥਿੀਏ ਨੇ ਵਿਰੋਧਤਾ ਨਾ ਛੱਡੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਚੱਲ ਰਹੇ ਰਾਮਦਾਸ ਸਰੋਵਰ ਦੀ ਖੁਦਵਾਈ ਨੂੰ 1588 ਵਿਚ ਪੂਰਾ ਕਰਵਾਇਆ ਅਤੇ ਫਿਰ ਇਸ ਦੇ ਵਿਚਕਾਰ ਹਰਿਮੰਦਰ ਸਾਹਿਬ ਜੀ ਦਾ ਨੀਂਵ ਪੱਥਰ ਆਪਣੇ ਪਿਆਰੇ ਮਿਤ੍ਰ ਸੂਫੀ ਸੰਤ ਮੀਆਂ ਮੀਰ ਜੀ ਤੋਂ ਦਸੰਬਰ 1588 ਵਿਚ ਰੱਖਵਾਇਆ ਅਤੇ ਇਸਦੀ ਉਸਾਰੀ ਦਾ ਕੰਮ ਚਲਦਾ ਰਿਹਾ ਜਿਸ ਵਿਚ ਗੁਰ ਸਿੱਖਾਂ ਨੇ ਦਿਨ ਰਾਤ ਇਕ ਕਰਕੇ ਬਹੁਤ ਸੇਵਾ ਕੀਤੀ। ਹੁਣ ਇਸਦਾ ਨਾਮ ਅੰਮਿ੍ਤ ਸਰੋਵਰ ਪੈ ਗਿਆ ਅਤੇ ਸ਼ਹਿਰ ਦਾ ਨਾਮ ਅੰਮਿ੍ਤਸਰ ਹੋ ਗਿਆ। ਆਉਣ ਵਾਲੇ ਬਹੁਤ ਲੰਬੇ ਸਮੇਂ ਲਈ ਦਰਬਾਰ ਸਾਹਿਬ ਦੀ ਇਮਾਰਤ ਪਾਣੀ ਦੇ ਵਿਚਕਾਰ ਸਥਿਤ ਅਤੇ ਮਹਿਫੂਜ ਰੱਖਣ ਦਾ ਕੰਮ ਉਸ ਸਮੇਂ ਇਕ ਬਹੁਤ ਵੱਡਾ ਚੈਲਿੰਜ ਸੀ। ਹੁਣ ਵੀ ਜੱਦ ਕਾਰ ਸੇਵਾ ਹੁੰਦੀ ਹੈ ਤਾਂ ਕਈ ਚੰਗੇ ਚੰਗੇ ਇੰਜੀਨੀਅਰ ਦੇਖ ਕੇ ਹੈਰਾਣ ਰਹਿ ਜਾਂਦੇ ਹਨ ਅਤੇ ਇਸਦੀ ਚਿਨਾਈ ਵਿਚ ਗਾਰੇ ਵਿਚ ਤਾਂਬੇ ਅਤੇ ਕੱਚ ਦਾ ਪਤਾ ਲੱਗਨ ਤੇ ਉਸਤੋਂ ਵੀ ਵੱਧ ਹੈਰਾਣ ਕਰ ਦੇਂਦਾ ਹੈ। ਹਰਿਮੰਦਰ ਸਾਹਿਬ ਇਕ ਐਸਾ ਧਾਰਮਕ ਸਥਾਨ ਹੈ ਜੋ ਆਲੇ ਦੁਆਲੇ ਤੋਂ ਨੀਵਾਂ ਹੈ ਜੱਦ ਕਿ ਹਿੰਦੂ ਅਤੇ ਮੁਸਲਮਾਨਾਂ ਦੇ ਧਾਰਮਕ ਅਸਥਾਨ ਉੱਚੇ ਹੁੰਦੇ ਸਨ।

ਗੁਰੂ ਅਰਜਨ ਦੇਵ ਜੀ ਦਾ ਗੁਰਗੱਦੀ ਕਾਲ ਦਾ 1581 ਤੋਂ 1606 ਦਾ ਸਮਾਂ ਸਿੱਖੀ ਦੇ ਪ੍ਰਚਾਰ ਅਤੇ ਚੜਦੀ ਕਲਾ ਦਾ ਸਮਾਂ ਸੀ। ਆਪ ਜੀ ਦੀ ਸਖਸ਼ੀਅਤ ਅਤੇ ਜੀਵਨ ਦੇ ਸੱਚੇ ਸੁੱਚੇ ਵਿਹਾਰ ਦਾ ਬਹੁਤ ਗਹਿਰਾ ਅਸਰ ਸੰਗਤਾਂ ਤੇ ਪੈਂਦਾ ਸੀ ਕਿਉਂਕਿ ਆਪ ਖੁੱਦ ਹਰ ਚੱਲ ਰਹੀ ਗੁਰੂ ਘਰ ਦੀ ਸੇਵਾ ਅਤੇ ਕਰਜ਼ਾਂ ਨਾਲ ਹਰ ਦਿਨ ਜੁੜੇ ਰਹਿੰਦੇ ਸਨ। ਕਈ ਹਿੰਦੂ ਅਤੇ ਮੁਸਲਮਾਨ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਬਣ ਗਏ ਅਤੇ ਇਸਤਰਾਂ ਪੰਜਾਬ ਵਿਚ ਸਿੱਖ ਧਰਮ ਇਕ ਤੀਸਰਾ ਧਰਮ ਉਬਰ ਕੇ ਸਾਹਮਣੇ ਆਇਆ। ਆਪਣੇ ਵੱਡੇ ਭਰਾ ਦੀ ਲਗਾਤਾਰ ਵਿਰੋਧਤਾ ਦੇ ਬਾਵਜੂਦ ਆਪ ਸ਼ਾਂਤ ਰਹਿੰਦੇ ਅਤੇ ਕਦੇ ਵੀ ਉਸਦਾ ਨਿਰਾਦਰ ਨਾ ਕੀਤਾ। ਪਥਿੀ ਚੰਦ ਨੇ ਆਪਣੇ ਆਪ ਨੂੰ ਗੁਰੂ ਹੋਣ ਦਾ ਪੂਰਾ ਪ੍ਰਚਾਰ ਕੀਤਾ ਅਤੇ ਰਾਜ ਦਰਬਾਰ ਵਿਚ ਵੀ ਸ਼ਕਾਇਤ ਕੀਤੀ ਪਰ ਅਕਬਰ ਨੇ ਇਕ ਨਾ ਸੁਣੀ। ਉਸ ਵਕਤ ਦੇ ਚਲਾਕ ਬ੍ਰਾਹਮਣ ਮਹੇਸ਼ ਦਾਸ (ਬੀਰ ਬਲ) ਦੀ ਪਥਿੀਏ ਨੂੰ ਪੂਰੀ ਸ਼ਹਿ ਸੀ ਕਿਉਂਕਿ ਉਸਦਾ ਇਰਾਦਾ ਇਕੋ ਸੀ ਕਿ ਸਿੱਖ ਧਰਮ ਦੀ ਵੱਧਦੀ ਤਾਕਤ ਨੂੰ ਰੋਕਿਆ ਜਾਵੇ ਅਤੇ ਇਸਦਾ ਸਭ ਤੋਂ ਚੰਗਾ ਢੰਗ ਇਹੋ ਹੈ ਕਿ ਪਥਿੀ ਚੰਦ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਰਦਾ ਰਵੇ। 1586 ਵਿਚ ਬੀਰਬਲ ਫਰੰਟੀਅਰ ਦੀ ਇਕ ਲੜਾਈ ਵਿਚ ਮਰ ਗਿਆ ਪਰ ਉਸਦੇ ਹਮ ਖਿਆਲੀ ਸੂਲੀ ਖਾਨ ਨੇ ਪਥਿੀ ਚੰਦ ਦੇ ਚੁਕਣ ਗੁਰੂ ਸਾਹਿਬ ਜੀ ਤੇ ਹਮਲਾ ਕਰਨ ਦੀ ਠਾਨ ਲਈ। ਕੁਦਰਤ ਦਾ ਭਾਨਾ ਕਿ ਉਹ ਰਸਤੇ ਵਿਚ ਹੀ ਇਕ ਭੱਠੇ ਵਿਚ ਆਪਣੇ ਘੋੜੇ ਤੋਂ ਡਿਗਣ ਦੇ ਕਾਰਨ ਸੱੜ ਕੇ ਮਰ ਗਿਆ।

ਇਸੇ ਸਮੇਂ ਦੌਰਾਣ ਭੱਟ ਸੱਤੇ ਦੀ ਲੜਕੀ ਦੀ ਸ਼ਾਦੀ ਹੋਣੀ ਨੀਅਤ ਹੋ ਗਈ ਅਤੇ ਬਲਵੰਡ ਅਤੇ ਸੱਤੇ ਨੇ, ਜੋ ਗੁਰੂ ਘਰ ਦੇ ਕੀਰਤਨੀਏ ਸਨ ਆਪਣੀ ਲੜਕੀ ਦੀ ਸ਼ਾਦੀ ਦੇ ਖਰਚ ਲਈ ਗੁਰੂ ਸਾਹਿਬ ਜੀ ਪਾਸ ਬੇਨਤੀ ਕੀਤੀ। ਅਗਲੇ ਦਿਨ ਦੀ ਸਾਰੀ ਮਾਇਆ ਦੇਣ ਦਾ ਗੁਰੂ ਸਾਹਿਬ ਜੀ ਨੇ ਆਖ ਦਿੱਤਾ ਪਰ ਕੁਦਰਤ ਦਾ ਭਾਨਾ ਕਿ ਉਸ ਦਿਨ ਮਾਇਆ ਘੱਟ ਆਈ ਅਤੇ ਇਹ ਦੋਨੋਂ ਗੁਰੂ ਸਾਹਿਬ ਨਾਲ ਰੁੱਸ ਗਏ। ਪਥਿੀਏ ਨੇ ਇਹਨਾਂ ਦੋਨਾਂ ਨੂੰ ਗੁਰੂ ਸਾਹਿਬ ਜੀ ਦੇ ਉਲਟ ਬਹੁਤ ਭੜਕਾਇਆ। ਉਹ ਦੋਨੋਂ ਗੁਰਸਿਖਾਂ ਦੇ ਬੁਲਾਉਣ ਤੇ ਵੀ ਵਾਪਸ ਨਾ ਆਏ ਅੰਤ ਗੁਰੂ ਸਾਹਿਬ ਆਪ ਗਏ ਪਰ ਇਹਨਾਂ ਨੇ ਗੁਰੂ ਨਾਨਕ ਸਾਹਿਬ ਲਈ ਵੀ ਕੁਬੋਲ ਬੋਲੇ ਜਿਸ ਕਰਕੇ ਗੁਰੂ ਸਾਹਿਬ ਜੀ ਨੇ ਆਖ ਦਿਤਾ ਕਿ ਤੁਸੀਂ ਫਿਟ ਗਏ ਹੋ। ਇਸ ਸਮੇਂ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਆਗਿਆ ਕੀਤੀ ਕਿ ਆਪ ਹੀ ਕੀਰਤਨ ਕਰਿਆ ਕਰੋ ਅਤੇ ਸਰੰਗੇ ਤੇ ਆਪ ਕੀਰਤਨ ਕਰਕੇ ਸਿੱਖਾਂ ਦੀ ਅਗਵਾਈ ਵੀ ਕੀਤੀ। ਬਲਵੰਡ ਅਤੇ ਸੱਤੇ ਦਾ ਬੁਰਾ ਹਾਲ ਹੋ ਗਿਆ ਅਤੇ ਅੰਤ ਲਹੌਰ ਦੇ ਭਾਈ ਲੱਧਾ ਪਰਉਪਕਾਰੀ ਦੇ ਰਾਹੀਂ ਆਪਣੀ ਗਲਤੀ ਨੂੰ ਬਖਸ਼ਾਉਣ ਵਿਚ ਸਫਲ ਹੋਏ।

ਗੁਰੂ ਸਾਹਿਬ ਜੀ ਨੇ ਮਾਝੇ ਅਤੇ ਦੁਆਬੇ ਦੇ ਇਲਾਕੇ ਵਿਚ ਧਾਰਮਕ ਪ੍ਰਚਾਰ ਨੂੰ ਪੂਰੀ ਲਗਨ ਨਾਲ ਕੀਤਾ। ਗੋਬਿੰਦਪੁਰ ਨਗਰ, ਤਰਨ ਤਾਰਨ ਅਤੇ ਕਰਤਾਰਪੁਰ ਦੀ ਸਥਾਪਨਾ ਆਪਣੀ ਦੇਖ-ਰੇਖ ਵਿਚ ਕਰਵਾਈ। ਗਰੀਬਾਂ ਲਈ ਹਸਪਤਾਲ ਖੋਲ੍ਹੇ ਅਤੇ ਤਰਨ ਤਾਰਨ ਸਾਹਿਬ ਦਾ ਸਭ ਤੋਂ ਵੱਡਾ ਸਰੋਵਰ ਅਤੇ ਕੋਹੜੀਆਂ ਲਈ ਹਸਪਤਾਲ ਬਣਵਾਇਆ। ਪਾਣੀ ਦੀ ਦਿਕਤ ਨੂੰ ਦੇਖਦਿਆ ਹੋਇਆਂ ਕਈ ਖੂਹ ਤਰਨ ਤਾਰਨ ਅਤੇ ਹੋਰ ਥਾਵਾਂ ਤੇ ਬਣਵਾਏ ਅਤੇ ਲਹੌਰ ਦੇ ਡੱਬੀ ਬਾਜ਼ਾਰ ਵਿਚ ਇਕ ਬਉਲੀ ਅਤੇ ਗੁਰੂ ਕੇ ਬਾਗ ਅਤੇ ਰਾਮਸਰ ਸਰੋਵਰ ਦਾ ਨਿਰਮਾਣ ਕਰਵਾਇਆ। ਇਸਤਰਾਂ ਆਮ ਗਰੀਬਾਂ ਨੂੰ ਰੁਜ਼ਗਾਰ ਮਿਲਿਆ ਅਤੇ ਉਹ ਗੁਰੂ ਘਰ ਨਾਲ ਜੁੜਦੇ ਗਏ। ਗੁਰੂ ਘਰ ਵਿਚ ਆਪਣਾ ਦਸਵੰਦ ਦੇਣ ਦੀ ਪਰਥਾ ਵੀ ਸ਼ੁਰੂ ਹੋ ਗਈ ਜੋ ਕਿ ਦੂਰ ਦੇ ਇਲਾਕਿਆਂ ਵਿਚੋਂ ਮਸੰਦ ਪਹੁੰਚਾਉਂਦੇ ਸਨ। ਲਹੌਰ ਵਿਚ ਅਕਾਲ ਪੈ ਗਿਆ ਜਿਸ ਕਾਰਨ ਕਈ ਬਿਮਾਰੀਆਂ ਫੈਲ ਗਈਆਂ ਅਤੇ ਗਲੀਆਂ ਤੇ ਬਜ਼ਾਰ ਮੁਰਦਿਆਂ ਨਾਲ ਭਰੇ ਜਾਣ ਲਗੇ। ਗੁਰੂ ਜੀ ਸਿੱਖਾਂ ਅਤੇ ਪਰਿਵਾਰ ਸਮੇਤ ਲਹੌਰ ਪਹੁੰਚੇ ਅਤੇ ਦਿਨ ਰਾਤ ਇਕ ਕਰਕੇ 8 ਮਹੀਨੇ ਬਿਮਾਰਾਂ ਦੀ ਸੇਵਾ ਕੀਤੀ। ਅਕਬਰ ਆਗਰੇ ਤੋਂ ਲਹੌਰ ਆਇਆ ਅਤੇ ਗੁਰੂ ਘਰ ਵਲੋਂ ਕੀਤੀ ਸੇਵਾ ਤੋਂ ਬਹੁਤ ਪ੍ਰਸਨ ਹੋਇਆ। ਲਹੌਰ ਤੋਂ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਹੁੰਦੇ ਹੋਏ ਆਏ ਅਤੇ ਅਕਬਰ ਲਹੌਰ ਤੋਂ ਆਗਰੇ ਜਾਣ ਵਾਸਤੇ ਗੋਇੰਦਵਾਲ ਆਇਆ। ਉਹ ਗੁਰੂ ਸਾਹਿਬ ਦੀ ਦਿਲ ਖਿਚਵੀਂ ਦਿਖ, ਮਿੱਠੇ ਬੋਲ ਅਤੇ ਉਪਦੇਸ਼ਾਂ ਨੂੰ ਰਾਗ ਦੀਆਂ ਸੁਰਾਂ ਵਿਚ ਸੁਣ ਕੇ ਬਹੁਤ ਖੁਸ਼ ਹੋਇਆ। ਇਥੇ ਗੁਰੂ ਅਰਜਨ ਸਾਹਿਬ ਜੀ ਦੇ ਕਹਿਣ ਤੇ ਉਸਨੇ ਕਿਸਾਨਾਂ ਦਾ ਮਾਮਲਾ ਮਾਫ਼ ਕਰ ਦਿੱਤਾ। ਪਿਤਾ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਚੂਨਾਂ ਮੰਡੀ ਦੀ ਇਮਾਰਤ ਵੀ ਇਸੇ ਸਮੇਂ ਬਣਵਾਣੀ ਸ਼ੁਰੂ ਕਰਵਾਈ।

1579 ਵਿਚ ਆਪ ਦਾ ਵਿਆਹ ਫਿਲੌਰ ਦੇ ਵਸਨੀਕ ਕ੍ਰਿਸ਼ਨ ਚੰਦ ਜੀ ਦੀ ਸਪੁਤਰੀ ਗੰਗਾ ਜੀ ਨਾਲ ਹੋਇਆ ਪਰ ਕੁਦਰਤ ਦੀ ਖੇਡ ਕੇ ਆਪ ਦੇ ਪੰਜ ਸਾਲ ਤੱਕ ਕੋਈ ਸੰਤਾਨ ਨਾ ਹੋਈ। ਗੁਰੂ ਘਰ ਦਾ ਬਾਬਾ ਬੁੱਢਾ ਜੀ ਨੂੰ ਮਾਣ ਬਖਸ਼ਨ ਲਈ ਆਪ ਨੇ ਮਾਤਾ ਗੰਗਾ ਜੀ ਨੂੰ ਉਹਨਾਂ ਤੋਂ ਅਸ਼ੀਰਵਾਦ ਲੈਣ ਦੀ ਪ੍ਰੇਰਣਾ ਦਿਤੀ ਅਤੇ ਫਿਰ 19 ਜੂਨ 1595 ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ ਗੁਰੂ ਕੀ ਵਡਾਲੀ ਵਿਖੇ ਹੋਇਆ। ਪਥਿੀ ਚੰਦ ਆਪਣੇ ਪੁੱਤਰ ਮਿਹਰਵਾਨ ਨੂੰ ਗੁਰਗੱਦੀ ਮਿਲਨ ਦੀ ਆਸ ਲਗਾਈ ਬੈਠਾ ਸੀ ਸੋ ਹੁਣ ਉਸਨੇ ਬੱਚੇ ਹਰਗੋਬਿੰਦ ਨੂੰ ਮਰਵਾਨ ਦੇ ਯਤਨ ਵੀ ਕੀਤੇ ਪਰ ਜਿਸਦਾ ਸਾਹਿਬ ਡਾਢਾ ਹੋਇ ॥ ਤਿਸ ਨੂੰ ਮਾਰਿ ਨ ਸਾਕੈ ਕੋਇ ॥ ਸੱਚ ਹੋਕੇ ਵਰਤਿਆ। ਬੱਚੇ ਹਰਗੋਬਿੰਦ ਨੂੰ ਛੋਟੀ ਉਮਰੇ ਸਰੀਰਕ ਦੁਖ ਵੀ ਆਏ ਅਤੇ ਸਤਿਲਾ (ਚੇਚਕ) ਵੀ ਨਿਕਲੀ। ਆਮ ਹਿੰਦੂ ਲੋਕਾਂ ਨੇ ਸਲਾਹ ਦਿਤੀ ਕਿ ਬੱਚੇ ਨੂੰ ਸੀਤਲਾ ਦੇ ਮੰਦਰ ਮੱਥਾ ਟਿਕਉ ਪਰ ਆਪ ਗੁਰੂ ਨਾਨਕ ਦੀ ਓਟ ਤੇ ਦਿ੍ੜ ਰਹੇ। 15581 ਤੋਂ ਗੁਰੂ ਸਾਹਿਬ ਜੀ ਨੇ ਅੰਮਿ੍ਤਸਰ ਵਿਚ ਕਈ ਵਿਸ਼ੇਸ ਬਾਜ਼ਾਰ ਅਤੇ ਮੁਹਲੇ (ਕਟੜਾ) ਆਦਿ ਦਾ ਨਿਰਮਾਣ ਜਾਰੀ ਰੱਖਿਆ ਅਤੇ ਸਿੱਖਾਂ ਵਿਚ ਵਿਆਪਰ ਕਰਨ ਦੀ ਰੁੱਚੀ ਨੂੰ ਵਧਾਇਆ। 1601 ਵਿਚ ਸ੍ਰੀ ਹਰਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਗਈ ਜਿਸ ਵਿਚ ਸਤਿਸੰਗ ਦੀ ਮਰਿਆਦਾ ਦਾ ਨੀਯਮ ਕਾਇਮ ਕੀਤਾ ਗਿਆ। ਇਸਤਰਾਂ ਸਿੱਖਾਂ ਕੋਲ ਆਪਣਾ ਇਕ ਘੁੱਗ ਵੱਸਦਾ ਅਤੇ ਵਿਉਪਾਰਕ ਕੇਂਦਰ ਸਥਾਪਿਤ ਹੋ ਗਿਆ। ਇਸੇ ਵਿ ?ਾਪਰਕ ਸੋਝੀ ਦੇ ਸਦਕਾ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵੇਲੇ ਸਿੱਖ ਘੋੜਿਆਂ ਦਾ ਵਿਆਪਾਰ ਕਾਬਲ ਤੱਕ ਕਰਦੇ ਸਨ।

ਕੁਝ ਸਮੇਂ ਤੋਂ ਗੁਰੂ ਸਾਹਿਬ ਜੀ ਦਾ ਧਿਆਨ ਇਸ ਗਲ ਵਲ ਜਾ ਚੁੱਕਾ ਸੀ ਕਿ ਪਥਿੀ ਚੰਦ ਅਤੇ ਉਸਦਾ ਪੁੱਤਰ ਮਿਹਰਵਾਨ ਆਪਣੀ ਬਾਣੀ ਰਚ ਰਹੇ ਹਨ ਅਤੇ ਗੁਰਬਾਣੀ ਵਿਚ ਰਲਾ ਪੈ ਜਾਣ ਦੀ ਵੀ ਸੰਭਾਵਣਾ ਵੱਧਦੀ ਗਈ। 1599 ਵਿਚ ਗੁਰੂ ਸਾਹਿਬ ਜੀ ਨੇ ਪਹਿਲੇ ਗੁਰੂ ਸਾਹਿਬਾਂ ਜੀ ਦੀ ਸਾਰੀ ਗੁਰਬਾਣੀ ਨੂੰ ਇਕੱਤਰ ਕੀਤਾ ਅਤੇ ਤਰਬੀਬ ਦੇਣੀ ਸ਼ੁਰੂ ਕਰ ਦਿਤੀ ਅਤੇ ਭਾਈ ਗੁਰਦਾਸ ਜੀ ਨੂੰ ਸਾਰੀ ਗੁਰਬਾਣੀ ਦੀ ਪੋਥੀ ਸਾਹਿਬ ਦੀ ਸੰਪਾਦਨਾ ਕਰਨ ਦਾ ਕੰਮ ਸੌਂਪਿਆ ਜੋ ਕੋਈ 4 ਸਾਲ ਦੀ ਕਰੜੀ ਮੇਹਨਤ ਅਤੇ ਲਗਨ ਦਾ ਸਦਕਾ 1604 ਵਿਚ ਪੂਰਾ ਹੋਇਆ ਅਤੇ ਇਸਤਰਾਂ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਤੰਬਰ 1604 ਨੂੰ ਹਰਿਮੰਦਰ ਸਾਹਿਬ ਦੇ ਅੰਦਰ ਕੀਤਾ ਗਿਆ ਜਿਸਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ। ਗੁਰੂ ਸਾਹਿਬ ਆਪ ਸ਼ਬਦ-ਗ੍ਰੰਥ ਜਿਸ ਵਿਚ ਕਿ ਪਹਿਲਾਂ ਚਾਰੇ ਗੁਰੂ ਸਾਹਿਬ, ਭਗਤਾਂ ਅਤੇ ਭੱਟਾਂ ਆਦਿ ਦੀ ਬਾਣੀ ਸੀ ਤੋਂ ਨੀਵੇਂ ਬੈਠਦੇ ਅਤੇ ਰਾਤ ਕੋਠੇ ਸਾਹਿਬ ਵਿਚ ਸੁਖਆਸਨ ਪਲੰਗ ਦੇ ਲਾਗੇ ਜ਼ਮੀਨ ਤੇ ਵਿਸਰਾਮ ਕਰਦੇ। ਇਸ ਸਭ ਨਾਲ ਸਿੱਖ ਸੰਗਤਾਂ ਵਿਚ ਸ਼ਬਦ ਗੁਰੂ ਦਾ ਸਤਿਕਾਰ ਦਿ੍ੜ ਹੋ ਗਿਆ। ਗੁਰਦਾਸਪੁਰ ਦੇ ਇਕ ਪਿੰਡ ਦਾ ਚੰਦੂ ਖਤ੍ਰੀ ਸਹਿਜੇ ਸਹਿਜੇ ਲਹੌਰ ਸਰਕਾਰੀ ਮੁਲਾਜ਼ਮ ਹੋ ਗਿਆ ਅਤੇ ਫਿਰ ਦਿਲੀ ਦਰਬਾਰ ਵਿਚ ਨੌਕਰੀ ਮਿਲ ਗਈ। ਆਮ ਲੋਕ ਇਸਨੂੰ ਦਿਵਾਨ ਕਰਕੇ ਬੋਲਾਂਦੇ ਸਨ। ਉਸਦੀ ਲੜਕੀ ਦੇ ਰਿਸ਼ਤੇ ਲਈ ਘਰ ਦੇ ਪ੍ਰੋਹਤ (ਉਸ ਸਮੇਂ ਦੇ ਹਿੰਦੂ ਰਿਵਾਜ਼ ਅਨੁਸਾਰ) ਦਿੱਲੀ ਤੋਂ ਇਕ ਚੰਗੇ ਲੜਕੇ ਦੀ ਭਾਲ ਕਰਦੇ ਹੋਏ ਲਹੌਰ ਤੇ ਫਿਰ ਅੰਮਿ੍ਤਸਰ ਆਏ। ਸਾਹਿਬਜ਼ਾਦਾ ਹਰਗੋਬਿੰਦ ਸਾਹਿਬ ਉਹਨਾਂ ਦੀ ਸੋਚ ਅਨੁਸਾਰ ਠੀਕ ਵਰ ਸੀ। ਇਸ ਘਟਨਾ ਦਾ ਸਮਾਂ 1604-05 ਹੈ। ਸੋ ਉਹਨਾਂ ਦਿੱਲੀ ਜਾਕੇ ਰਸਮ ਅਨੁਸਾਰ ਪ੍ਰਵਾਣਗੀ ਦੀ ਸਮਗਰੀ ਭੇਜਣ ਦਾ ਗੁਰੂ ਸਾਹਿਬ ਜੀ ਨੂੰ ਆਖ ਦਿੱਤਾ। ਇਧਰ ਦਿੱਲੀ ਜਦੋਂ ਚੰਦੂ ਨੂੰ ਪ੍ਰੋਹਤ ਨੇ ਦੱਸਿਆ ਤਾਂ ਉਹ ਮਾਇਆ ਦੇ ਅਭਿਮਾਨ ਵਿਚ ਬੋਲਿਆ ਪੰਡਤ ਜੀ ਕੀ ਕਰ ਆਏ ਹੋ, ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ। ਇਹ ਗਲ ਕਿਸੇ ਤਰ੍ਹਾਂ ਦਿੱਲੀ ਦੀ ਸੰਗਤ ਕੋਲ ਪਹੁੰਚ ਗਈ ਤਾਂ ਸੰਗਤ ਨੇ ਇਕ ਚਿੱਠੀ ਗੁਰੂ ਸਾਹਿਬ ਜੀ ਨੂੰ ਲਿਖ ਭੇਜੀ। ਸੰਗਤ ਦੀ ਆਗਿਆ ਨੂੰ ਪਰਵਾਣ ਕਰਦੇ ਹੋਏ ਗੁਰੂ ਜੀ ਨੇ ਇਹ ਸਾਕ ਲੈਣੋਂ ਨਾਹ ਕਰ ਦਿੱਤੀ। ਇਸਤਰਾਂ ਚੰਦੂ ਵੀ ਗੁਰੂ ਘਰ ਦਾ ਵਿਰੋਧੀ ਹੋ ਗਿਆ।

ਹੁਣ ਜੱਦ ਸਿੱਖਾਂ ਕੋਲ ਆਪਣਾ ਸੁੰਦਰ ਧਾਰਮਕ ਕੇਂਦਰ, ਵਿਆਪਰਕ ਸ਼ਹਿਰ ਅਤੇ ਆਪਣਾ ਧਰਮ-ਗ੍ਰੰਥ ਸਥਾਪਤ ਹੋ ਗਿਆ ਤਾਂ ਸਮੇਂ ਦੀ ਮੁਸਲਮਾਨ ਸਰਕਾਰ ਨੂੰ ਚੁੱਭਣਾ ਸੁਭਾਵਿਕ ਸੀ। 17 ਅਕਤੂਬਰ 1605 ਨੂੰ ਅਕਬਰ ਮਰ ਗਿਆ ਅਤੇ ਸਲੀਮ, ਜਹਾਂਗੀਰ ਦੇ ਨਾਮ ਨਾਲ ਗੱਦੀ ਤੇ ਬੈਠਾ। ਸਲੀਮ ਇਸ ਸਮੇਂ ਕੋਈ 36 ਸਾਲ ਦਾ ਹੋ ਚੁੱਕਾ ਸੀ ਪਰ 15 ਸਾਲ ਦੀ ਉਮਰ ਤੋਂ ਉਸਨੂੰ ਸ਼ਰਾਬ ਪੀਣ ਦੀ ਭੈੜੀ ਲਤ ਪੈ ਚੁਕੀ ਸੀ। ਇਸ ਕਰਕੇ ਅਕਬਰ ਬਹੁਤ ਚਿੰਤਤ ਸੀ ਅਤੇ ਉਸਨੇ ਸੋਚਿਆ ਕਿ ਗੱਦੀ ਸਲੀਮ ਦੇ ਪੁੱਤਰ ਖੁਸਰੋ ਨੂੰ ਦੇਣੀ ਚਾਹੀਦੀ ਹੈ। ਕੁਝ ਦਰਬਾਰੀ ਵੀ ਸਲੀਮ ਨੂੰ ਰਾਜਗੱਦੀ ਤੇ ਦੇਖਣਾ ਨਹੀਂ ਚਾਹੁੰਦੇ ਸਨ ਪਰ ਜਹਾਂਗੀਰ 'ਸ਼ੇਖ ਫਰੀਦ ਬੁਖਾਰੀ' ਜੋ ਕੱਟੜ ਮੁਸਲਮਾਨ ਸੀ ਦੀ ਸਹਾਇਤਾ ਨਾਲ ਰਾਜ ਗੱਦੀ ਤੇ ਬੈਠ ਗਿਆ ਪਰ ਖੁਸਰੋ ਨੇ 16 ਅਪ੍ਰੈਲ 1606 ਨੂੰ ਬਗਾਵਤ ਕਰ ਦਿਤੀ ਅਤੇ ਅੰਤ ਉਸਨੂੰ ਲਹੌਰ ਵੱਲ ਭੱਜਣਾ ਪਿਆ। ਖੁਸਰੋ ਦੇ ਗੁਰੂ ਘਰ ਆਕੇ ਅਸ਼ੀਰਵਾਦ ਲੈਣ ਦੀ ਕਹਾਣੀ 23 ਮਈ ਨੂੰ ਜਹਾਂਗੀਰ ਦੇ ਕੰਨਾ ਵਿਚ ਭਰੀ ਗਈ ਕਿਉਂਕਿ ਜਿਸ ਕਿਸੇ ਨੇ ਵੀ ਖੁਸਰੋ ਦੀ ਮਦੱਦ ਕੀਤੀ ਸੀ ਉਹਨਾਂ ਨੂੰ ਸਜਾਵਾਂ ਦਿਤੀਆਂ ਗਈਆਂ ਸਨ, ਇਸ ਕਰਕੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਤਸੀਹੇ ਦੇਕੇ (ਯਾਸਾ ਕਾਨੂੰਨ ਦੇ ਅਦੀਨ-ਬਗੈਰ ਖੂਨ ਬਹਾਏ ਮੌਤ) ਮਾਰਨ ਦਾ ਹੁਕਮ ਦੇ ਦਿਤਾ। ਜਹਾਂਗੀਰ ਆਪਣੀ ਪੁਸਤਕ ਤੁੱਜਕੇ-ਜਹਾਂਗੀਰ ਵਿਚ ਇਹ ਲਿਖਦਾ ਹੈ ਕਿ ਉਸਨੇ ਇਹ ਸੋਚ ਰੱਖਿਆ ਸੀ ਕਿ ਮੌਕਾ ਮਿਲਦੇ ਹੀ ਗੁਰੂ ਨਾਨਕ ਦੀ ਗੱਦੀ ਨੂੰ ਖਤਮ ਕਰ ਦੇਵੇਗਾ ਕਿਉਂਕਿ ਇਸਦਾ ਪ੍ਰਭਾਵ ਮੁਸਲਮਾਨਾਂ ਤੇ ਪੈ ਰਿਹਾ ਹੈ। ਗੁਰੂ ਸਾਹਿਬ ਨੂੰ ਮੁਰਤਜ਼ਾ ਖਾਨ ਨੇ ਸ੍ਰੀ ਅੰਮਿ੍ਤਸਰ ਤੋਂ ਗਫ਼ਿਤਾਰ ਕੀਤਾ ਅਤੇ ਚੰਦੂ ਦੇ ਹਵਾਲੇ ਕਰ ਦਿੱਤਾ ਜਿਸਨੇ ਨਿਜ਼ੀ ਬਦਲੇ ਦੀ ਭਾਵਨਾ ਹੋਣ ਕਰਕੇ ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬੈਠਾਇਆ, ਦੇਗ ਵਿਚ ਉਬਾਲਿਆ ਅਤੇ ਸਿਰ ਤੇ ਗਰਮ ਰੇਤ ਪਵਾਈ। ਸਤਿਗੁਰ ਜੀ ਨੇ ਸਾਰੇ ਤਸੀਹੇ ਤੇਰਾ ਭਾਣਾ ਮੀਠਾ ਲਾਗੈ, ਹਰਿ ਨਾਮ ਪਦਾਰਥ ਨਾਨਕ ਮਾਗੈ ਸ਼ਾਂਤ ਰਹਿ ਕੇ ਸਹਾਰੇ (ਕਦੀ ਤੱਤੇ ਤਵੇ ਨੂੰ ਹੱਥ ਲੱਗ ਜਾਵੇ ਤਾਂ ਕੀ ਹੁੰਦਾ ਹੈ ਇਹ ਸੋਚ ਕੇ ਵੀ ਡਰ ਲੱਗਦਾ ਹੈ, ਮੰਨ ਕਰਕੇ ਸੋਚੋ ਕਿ ਗੁਰੂ ਜੀ ਨੇ ਕਿਸ ਜਿਗਰੇ ਨਾਲ ਇਹ ਤਸੀਹੇ ਸਹੇ ਹੋਣਗੇ)। ਸਾਈਂ ਮੀਆਂ ਮੀਰ ਨੂੰ ਜੱਦ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ ਅਤੇ ਗੁੱਸੇ ਵਿਚ ਲਹੌਰ ਅਤੇ ਦਿੱਲੀ ਨੂੰ ਬਰਬਾਦ ਕਰਨ ਦੀ ਆਖਣ ਲੱਗਾ ਪਰ ਗੁਰੂ ਜੀ ਨੇ ਸ਼ਾਂਤ ਰਹਿਣ ਵਾਸਤੇ ਆਖਿਆ। ਦੋ ਦਿਨ ਦੇ ਤਸੀਹੇ ਸਹਿਨ ਤੋਂ ਬਾਅਦ ਆਪ ਜੀ ਨੂੰ ਰਾਵੇ ਦਰਿਆ ਦੇ ਪਾਣੀ ਵਿਚ ਬੈਠਨ ਲਈ ਆਖਿਆ ਗਿਆ ਅਤੇ ਫਿਰ ਰੋੜ੍ਹ ਦਿਤਾ ਗਿਆ। ਇਸ ਤਰ੍ਹਾਂ ਸਤਿਗੁਰੂ ਜੀ 30 ਮਈ 1606 ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਸਤਿਗੁਰੂ ਜੀ ਨੂੰ ਜਹਾਂਗੀਰ ਦੇ ਰਾਜਗੱਦੀ ਤੇ ਬੈਠਣ ਅਤੇ ਕੱਟੜ ਮੁਸਲਮਾਨਾਂ ਦੇ ਗੁਰੂ ਘਰ ਨਾਲ ਵਿਰੋਧ ਤੋਂ ਭਾਸ ਰਿਹਾ ਸੀ ਕਿ ਗੁਰੂ ਘਰ ਦੀ ਟੱਕਰ ਹਕੂਮਤ ਨਾਲ ਜਰੂਰ ਹੋਵੇਗੀ ਅਤੇ ਐਸਾ ਹੀ ਹੋਇਆ ਜੱਦ ਉਹਨਾਂ ਤੇ ਖੁਸਰੋ ਦੀ ਮਦੱਦ ਕਰਨ ਦਾ ਝੂਠਾ ਦੋਸ਼ ਲਾ ਦਿੱਤਾ ਗਿਆ। ਗੁਰੂ ਸਾਹਿਬ ਜੀ ਨੇ ਭਵਿਖ ਦੀ ਸੋਚਦੇ ਹੋਏ ਕਿ ਇਹ ਸਰੀਰ ਹੁਣ ਲੇਖੇ ਲਗਨਾ ਹੀ ਹੈ, ਗੁਰ ਗੱਦੀ ਸਾਹਿਬਜ਼ਾਦੇ ਸ੍ਰੀ ਹਰਗੋਬਿੰਦ ਜੀ ਨੂੰ ਦੇਣ ਦਾ ਫੈਸਲਾ ਗੁਰ ਸਿੱਖਾਂ ਨੂੰ ਸਮਝਾ ਦਿਤਾ ਅਤੇ ਸਾਹਿਬਜ਼ਾਦੇ ਨੂੰ ਦਿ੍ੜ ਕਰਵਾਇਆ ਕਿ ਆਉਣ ਵਾਲੇ ਸਮੇਂ ਵਿਚ ਸ਼ਸਤ੍ਰ ਧਾਰੀ ਹੋਣਾ ਜਰੂਰੀ ਹੈ ਤਾਕਿ ਗੁਰੂ ਨਾਨਕ ਦੀ ਸਿੱਖੀ ਨੂੰ ਜ਼ਾਲਮ ਤੋਂ ਬਚਾਇਆ ਜਾ ਸਕੇ ਅਤੇ ਬਗੈਰ ਕਿਸੇ ਬਾਹਰੀ ਡਰ ਤੋਂ ਇਸਦਾ ਪ੍ਰਚਾਰ ਕੀਤਾ ਜਾਵੇ। ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਹੋਏ ਹਨ ਇਸ ਕਰਕੇ ਆਪ ਨੂੰ ਸ਼ਹੀਦਾਂ ਦੇ ਸਿਰਤਾਜ ਕਹਿਆ ਜਾਂਦਾ ਹੈ। ਕਿਉਂਕਿ ਕਿਸੇ ਵੀ ਸ਼ਹੀਦ ਦੀ ਮੌਤ ਅੰਞਾਈਂ ਨਹੀਂ ਜਾਂਦੀ ਇਸ ਕਰਕੇ ਸਾਹਿਬਾਂ ਦੀ ਸ਼ਹਾਦਤ ਨੇ ਵੀ ਆਪਣਾ ਪੂਰਾ ਅਸਰ ਦਿਖਾਇਆ

# ਖੁਸ਼ੀ ਸੰਤੁਸ਼ਟ ਹੋਣ ਤੇ ਮਿਲੇਗੀ



ਬਿਲਕੁੱਲ,ਹਰ ਬੰਦਾ ਖੁਸ਼ ਰਹਿਣਾ ਚਾਹੁੰਦਾ ਹੈ ਪਰ ਖੁਸ਼ ਰਹਿੰਦਾ ਨਹੀਂ।ਅਸਲ ਵਿੱਚ ਖੁਸ਼ ਕਿਵੇਂ ਰਹਿਣਾ ਹੈ ਅਤੇ ਖੁਸ਼ੀ ਕਿਵੇਂ ਮਿਲਦੀ ਹੈ ਇਸਦੀ ਹੀ ਸਮਝ ਨਹੀਂ ਆਉਂਦੀ।ਦੂਸਰੇ ਪਾਸੇ ਇਹ ਵੀ ਹੈ ਕਿ ਜੇਕਰ ਖੁਸ਼ ਰਹਿਣਾ ਆ ਜਾਵੇ ਤਾਂ ਸੰਤੁਸ਼ਟ ਵੀ ਹੋ ਜਾਵਾਂਗੇ।ਪਿਉ ਸੀਰੋਸਟਨ ਅਨੁਸਾਰ, "ਖੁਸ਼ੀ ਉਦੋਂ ਹੀ ਹਾਸਲ ਹੁੰਦੀ ਹੈ ਜਦੋਂ ਅਸੀਂ ਆਪਣੇ ਵਿਭਾਗਾਂ ਅਤੇ ਦਿਲਾਂ ਨੂੰ ਆਪਣੀ ਸਮਰਥਾ ਦੀਆਂ ਹੱਦਾਂ ਤੱਕ ਖਿੱਚ ਲੈਂਦੇ ਹਾਂ "ਸਿਆਣੇ ਕਹਿੰਦੇ ਹਨ ਕਿ ਖੁਸ਼ੀ,ਪਿਆਰ,ਹਾਸੇ ਅਤੇ ਗਿਆਨ ਜਿੰਨਾ ਵੰਡੋਗੇ ਉਨਾ ਵਧੇਰੇ ਤੁਹਾਡੇ ਕੋਲ ਭੱਜ ਭੱਜ ਆਏਗਾ।ਤੁਹਾਡੇ ਕੋਲ ਕੀ ਹੈ ਉਹ ਸਿਰਫ਼ ਤੁਹਾਡੇ ਲਈ ਮਹੱਤਵ ਰੱਖਦਾ ਹੈ। ਲੋਕਾਂ ਨੇ ਤਾਂ ਹਰ ਹਾਲਤ ਵਿੱਚ ਕੁੱਝ ਨਾ ਕੁੱਝ ਬੋਲਣਾ ਅਤੇ ਕਹਿਣਾ ਹੀ ਹੈ।ਆਪਣੇ ਆਪ ਨੂੰ ਇਹ ਸੰਤੁਸ਼ਟੀ ਹੋਵੇ ਕਿ ਮੈਂ ਗਲਤ ਨਹੀਂ ਕੀਤਾ ਤਾਂ ਤੁਹਾਡੇ ਅੰਦਰ ਕੋਈ ਕਸ਼ਮਕਸ਼ ਨਹੀਂ ਹੋਏਗੀ।ਜਦੋਂ ਕੋਈ ਇਵੇਂ ਦੀ ਸੁਵਿਧਾ ਨਹੀਂ ਹੋਏਗੀ ਤਾਂ ਅਸੀਂ ਹਲਕਾ ਫੁਲਕਾ ਮਹਿਸੂਸ ਕਰਾਂਗੇ ਅਤੇ ਖੁਸ਼ ਰਹਾਂਗੇ ਅਤੇ ਸੰਤੁਸ਼ਟ ਮਹਿਸੂਸ ਕਰਾਂਗੇ ? ਖੁਸ਼ੀ ਵਧੇਰੇ ਪੈਸੇ ਨਾਲ ਨਹੀਂ ਮਿਲ ਸਕਦੀ ਅਤੇ ਨਾ ਵੱਡੇ ਰੁਤਬਿਆਂ ਨਾਲ।ਖੁਸ਼ ਰਹਿਣ ਅਤੇ ਦੂਸਰਿਆਂ ਨੂੰ ਖੁਸ਼ ਰੱਖਣ ਨਾਲ ਖੁਸ਼ੀ ਮਿਲਦੀ ਹੈ। ਜੇਕਰ ਅਸੀਂ ਆਪ ਖੁਸ਼ ਹੋਵਾਂਗੇ ਤਾਂ ਹੀ ਦੂਸਰਿਆਂ ਨੂੰ ਖੁਸ਼ੀਆਂ ਦੇ ਸਕਾਂਗੇ। ਆਰ ਡਬਲਿਊ ਇਮਰਾਨ ਅਨੁਸਾਰ, "ਖੁਸ਼ੀ ਉਹ ਇਤਰ ਹੈ ਜਿਹੜੀ ਤੁਸੀਂ ਦੂਸਰਿਆਂ ਉੱਪਰ ਤੱਦ ਤੱਕ ਹੀ ਛਿੜਕ ਸਕਦੇ ਹੋ ਜੇ ਤੁਹਾਡੇ ਆਪਣੇ ਕੋਲ ਵੀ ਉਸਦੀਆਂ ਕੁੱਝ ਬੂੰਦਾਂ ਮੌਜੂਦ ਹੋਣ। " ਖੁਸ਼ ਰਹਿਣ ਨਾਲ ਕੰਮ ਕਰਨ ਦੀ ਊਰਜਾ ਵੱਧਦੀ ਹੈ। ਜਦੋਂ ਮਾਹੌਲ ਵਧੀਆ ਹੋਵੇ ਤਾਂ ਕੰਮ ਕਰਨ ਵਾਲਿਆਂ ਵਿੱਚ ਕੰਮ ਕਰਨ ਦੀ ਇੱਛਾ ਵੱਧਦੀ ਹੈ। ਹਰ ਵੇਲੇ ਖਿੱਝਣ ਨਾਲ ਮਾਨਸਿਕ ਅਤੇ ਸਰੀਰਕ ਨੁਕਸਾਨ ਹੁੰਦਾ ਹੈ।

ਦੂਸਰੇ ਪਾਸੇ ਵੇਖੀਏ ਤਾਂ ਖੁਸ਼ੀ ਆਪਣੀ ਸੋਚ ਤੇ ਵੀ ਨਿਰਭਰ ਕਰਦੀ ਹੈ।ਅੱਜ ਕੱਲ੍ਹ ਵਿਖਾਵੇ ਦੀ ਜ਼ਿੰਦਗੀ ਹੀ ਵਧੇਰੇ ਕਰਕੇ ਜਿਊਣ ਰਹੇ ਹਾਂ। ਜੋ ਹੈ ਉਸ ਦੀ ਖੁਸ਼ੀ ਨਹੀਂ ਹੁੰਦੀ ਸਗੋਂ ਜੋ ਨਹੀਂ ਹੈ ਉਸ ਨੂੰ ਪ੍ਰਾਪਤ ਕਰਨ ਲਈ ਦਿਨ ਰਾਤ ਭੱਜੀ ਜਾਂਦੇ ਹਾਂ।ਹਕੀਕਤ ਇਹ ਹੈ ਕਿ ਦੂਸਰੇ ਨੂੰ ਵਿਖਾਉਣ ਦੀ ਖਾਤਰ ਅਸੀਂ ਆਪਣੀਆਂ ਖੁਸ਼ੀਆਂ ਖਤਮ ਕਰ ਲੈਂਦੇ ਹਾਂ। ਮੈਂ ਇੱਕ ਆਪਣਾ ਨਿੱਜੀ ਤਜਰਬੇ ਸਾਂਝਾ ਕਰਦੀ ਹਾਂ।ਉਸਨੇ ਮੈਨੂੰ ਇੱਕ ਸਿਖਿਆ ਦਿੱਤੀ। ਮੈਂ ਅਤੇ ਮੇਰੇ ਪਤੀ ਕਾਰ ਵਿੱਚ ਆ ਰਹੇ ਸੀ।ਗਰਮੀ ਦਾ ਮੌਸਮ ਸੀ।ਕਾਰ ਦਾ ਏ ਸੀ ਚੱਲ ਰਿਹਾ ਸੀ। ਪਰ ਮੈਨੂੰ ਬਾਹਰ ਵਾਲੀ ਧੁੱਪ ਤਿੱਖੀ ਲੱਗ ਰਹੀ ਸੀ।ਸੜਕ ਤੇ ਮੈਂ ਕੋਈ ਦੋ ਕੁ ਸਾਲ ਦਾ ਬੱਚਾ ਵੇਖਿਆ। ਉਹ ਬਿਲਕੁੱਲ ਨੰਗਾ ਸੀ। ਸ਼ਾਇਦ ਸਿਰ ਨੂੰ ਗਰਮੀ ਲੱਗ ਰਹੀ ਸੀ।ਉਸ ਨੇ ਆਪਣੀ ਨਿਕਲ ਸਿਰ ਤੇ ਪਾਈ ਹੋਈ ਸੀ।ਪੈਰਾਂ ਤੋਂ ਨੰਗਾ,ਧੜ ਤੋਂ ਨੰਗਾ ਪਰ ਉਸਦੇ ਚਿਹਰੇ ਤੇ ਹਾਸਾ ਸੀ।ਉਸ ਦਿਨ ਮੈਨੂੰ ਲੱਗਾ ਕਿ ਖੁਸ਼ੀ ਕਾਰ ਵਿੱਚ ਬੈਠਕੇ ਨਹੀਂ,ਖੁਸ਼ੀ ਸੋਚ ਅਤੇ ਮਹਿਸੂਸ ਕਰਨ ਵਿੱਚ ਹੈ। ਕਿਨ੍ਹਾਂ ਹੁੱਬਾਰਡ ਅਨੁਸਾਰ, "ਇਹ ਦੱਸਣਾ ਕਾਫੀ ਮੁਸ਼ਕਿਲ ਹੈ ਕਿ ਖੁਸ਼ੀ ਕਿਸ ਚੀਜ਼ ਨਾਲ ਮਿਲਦੀ ਹੈ ਕਿਉਂਕਿ ਗਰੀਬੀ ਅਤੇ ਅਮੀਰੀ ਦੋਵੇਂ ਹੀ ਇਸ ਖੇਤਰ ਫੇਲ ਹੋ ਚੁੱਕੀਆਂ ਹਨ "।

ਖੁਸ਼ੀ ਵਾਸਤੇ ਸੱਭ ਤੋਂ ਜ਼ਰੂਰੀ ਹੈ ਕਿ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਾ ਕਰੋ। ਥੋੜ੍ਹੇ ਵਿੱਚ ਅਤੇ ਸਲੀਕੇ ਨਾਲ ਰਹਿਣਾ ਚਾਹੀਦਾ ਹੈ।ਹਮੇਸ਼ਾਂ ਚਾਦਰ ਵੇਖਕੇ ਪੈਰ ਪਸਾਰੋ।ਦੂਸਰਿਆਂ ਦੀਆਂ ਖੁਸ਼ੀਆਂ ਵਿੱਚ ਖੁਸ਼ ਹੋਵੋ।ਮਿਹਨਤ ਕਰੋ ਪਰ ਜੋ ਆਪਣੇ ਕੋਲ ਹੈ ਉਸ ਤੋਂ ਸੰਤੁਸ਼ਟ ਰਹਿਣਾ ਚਾਹੀਦਾ ਹੈ। ਹੋਰ ਹੋਰ ਅਤੇ ਵਿਖਾਵਾ ਮਾਨਸਿਕ ਦਬਾਅ ਵਧਾਉਂਦਾ ਹੈ।ਆਪਣੇ ਫਾਲਤੂ ਖਰਚਿਆ ਤੇ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ। ਰੱਬ ਦਾ ਸ਼ੁਕਰੀਆ ਵੀ ਤਾਂ ਹੀ ਕਰਾਂਗੇ ਜੇਕਰ ਸੰਤੁਸ਼ਟ ਹੋਵਾਂਗੇ। ਖੁਸ਼ੀ ਤਾਂ ਹੀ ਜ਼ਿੰਦਗੀ ਵਿੱਚ ਮਿਲੇਗੀ ਜੇਕਰ ਅਸੀਂ ਆਪਣੀ ਜ਼ਿੰਦਗੀ ਵਿੱਚ ਸੰਤੁਸ਼ਟੀ ਮਹਿਸੂਸ ਕਰਾਂਗੇ ਅਤੇ ਸੰਤੁਸ਼ਟ ਰਹਾਂਗੇ।

**ਪ੍ਰਭਜੋਤ ਕੌਰ ਢਿੱਲੋਂ ਮੁਹਾਲੀ**
9815030221



# ਜ਼ਿੰਦਗੀ ਦੀ ਬੁਨਿਆਦ ਰਿਸ਼ਤਿਆਂ 'ਤੇ ਟਿਕੀ



ਜ਼ਿੰਦਗੀ ਦੀ ਬੁਨਿਆਦ ਰਿਸ਼ਤਿਆਂ 'ਤੇ ਟਿਕੀ ਹੋਈ ਹੈ। ਇਹ ਰਿਸ਼ਤੇ ਹੀ ਹਨ ਜੋ ਇੱਕ - ਦੂਸਰੇ ਦੀ ਪਰਵਾਹ ਕਰਨਾ ਸਿਖਾਉਂਦੇ ਹਨ। ਜੇਕਰ ਦੁਨੀਆਂ ਵਿੱਚ ਰਿਸ਼ਤੇ ਨਾ ਹੁੰਦੇ ਤਾਂ ਸਾਡੇ ਕੋਲ਼ ਕੋਮਲ - ਭਾਵਨਾਵਾਂ ਤੇ ਅਹਿਸਾਸ ਨਾ ਹੁੰਦੇ , ਨਾ ਕਲਪਨਾ ਦੀ ਕੋਈ ਉਡਾਰੀ ਹੁੰਦੀ। ਅਜਿਹੀਆਂ ਭਾਵਨਾਵਾਂ - ਵਿਹੂਣੀ ਜ਼ਿੰਦਗੀ ਮਨੁੱਖ ਨੂੰ ਸਮਾਜਿਕ ਪ੍ਰਾਣੀ ਨਾ ਬਣਨ ਦਿੰਦੀ ਤੇ ਕਿਸੇ ਨੂੰ ਕਿਸੇ ਨਾਲ ਕੋਈ ਲਗਾਓ , ਫਿਕਰ , ਪਿਆਰ , ਮੁਹੱਬਤ ਤੇ ਪ੍ਰਵਾਹ ਨਾ ਹੁੰਦੀ। ਰਿਸ਼ਤਿਆਂ ਦੀ ਨਾਜ਼ੁਕ ਡੋਰ ਹੀ ਮਨੁੱਖ ਨੂੰ ਸਮਾਜਿਕ ਪ੍ਰਾਣੀ ਬਣਾ ਕੇ ਉਸ ਦੇ ਜੀਵਨ ਨੂੰ ਸੁਖਾਲਾ ਬਣਾਉਂਦੀ ਹੈ। ਰਿਸ਼ਤਿਆਂ ਦੀਆਂ ਕੋਮਲ ਤੰਦਾਂ ਸਦਕਾ ਹੀ ਮਨੁੱਖ, ਮਨੁੱਖ ਬਣਿਆ ਰਹਿੰਦਾ ਹੈ। ਇਹਨਾਂ ਮਹਿਕਦੇ ਰਿਸ਼ਤਿਆਂ ਨੇ ਹੀ ਸਾਡਾ ਜੀਵਨ ਰੁਸ਼ਨਾਇਆ ਹੋਇਆ ਹੈ। ਰਿਸ਼ਤਿਆਂ ਦੇ ਸੁੱਚੇ ਮੋਤੀਆਂ ਵਿੱਚ ਨੂੰਹ - ਸੱਸ ਦਾ ਰਿਸ਼ਤਾ ਬਹੁਤ ਅਹਿਮ ਤੇ ਘਰ ਦੀ ਬੁਨਿਆਦ ਸਮਝਿਆ ਜਾਣ ਵਾਲਾ ਰਿਸ਼ਤਾ ਹੈ। ਲੜਕੀ ਜਦੋਂ ਪੇਕੇ - ਘਰ ਤੋਂ ਵਿਆਹ ਹੋ ਕੇ ਸਹੁਰੇ - ਘਰ ਜਾਂਦੀ ਹੈ ਤਾਂ ਉਸ ਲਈ ਇੱਕ ਨਵਾਂ ਜਨਮ ਹੁੰਦਾ ਹੈ , ਉਸ ਲਈ ਮਾਪਿਆਂ ਦਾ ਘਰ ਹੁਣ ਪਰਾਇਆ ਹੋ ਜਾਂਦਾ ਹੈ ਤੇ ਸਹੁਰਾ - ਘਰ ਹੀ ਉਸ ਦਾ ਅਸਲ ਘਰ ਬਣ ਜਾਂਦਾ ਹੈ।ਇਹ ਇੱਕ ਵਚਿੱਤਰ ਸਮਾਜਿਕ - ਦੁਨਿਆਵੀ ਘਟਨਾ ਇੱਕ ਲੜਕੀ ਦੇ ਜੀਵਨ ਵਿੱਚ ਘਟਦੀ ਹੈ , ਜੋ ਕਿ ਉਸ ਦੇ ਜੀਵਨ ਦੀ ਬਹੁਤ ਵੱਡੀ , ਅਹਿਮ , ਭਵਿੱਖਤ, ਕੌੜੀ - ਕੁਸੈਲੀ ਤੇ ਤਬਦੀਲੀਦਾਇਕ ਘਟਨਾ ਤੇ ਜ਼ਿੰਦਗੀ ਦਾ ਮੋੜ ਹੁੰਦਾ ਹੈ। ਸਹੁਰੇ ਘਰ ਵਿੱਚ ਆ ਕੇ ਉਸ ਲਈ ਤੇ ਉਸਦੇ ਸਹੁਰੇ ਪਰਿਵਾਰ ਲਈ ਕਈ ਨਵੇਂ ਰਿਸ਼ਤਿਆਂ ਦਾ ਜਨਮ ਹੁੰਦਾ ਹੈ ਅਤੇ ਇਹ ਰਿਸ਼ਤੇ ਉਸ ਦੀ ਜ਼ਿੰਦਗੀ ਦਾ ਆਧਾਰ ਬਣ ਜਾਂਦੇ ਹਨ। ਇਹਨਾਂ ਰਿਸ਼ਤਿਆਂ ਵਿੱਚ ਇੱਕ ਪ੍ਰਮੁੱਖ ਰਿਸ਼ਤਾ ਹੈ : ਨੂੰਹ ਤੇ ਸੱਸ ਦਾ ਰਿਸ਼ਤਾ। ਪਰਿਵਾਰਕ ਤੇ ਸਮਾਜਿਕ ਨਜ਼ਰੀਏ ਤੋਂ ਇਹ ਨਾਜ਼ੁਕ ਤੇ ਸ਼ਿਸ਼ਟਤਾ ਭਰਿਆ ਰਿਸ਼ਤਾ ਹੈ , ਜੋ ਸਮੁੱਚੇ ਪਰਿਵਾਰ ਦੀ ਤਰੱਕੀ , ਸ਼ਾਂਤੀ , ਉੱਨਤੀ , ਏਕਤਾ ਤੇ ਆਪਸੀ ਪਿਆਰ ਦੀ ਬੁਨਿਆਦ ਹੋ ਨਿੱਬੜਦਾ ਹੈ , ਪਰ ਕਈ ਵਾਰ ਛੋਟੇ ਜਿਹੇ ਮੱਤਭੇਦ ਜਾਂ ਮਨ - ਮੁਟਾਵ ਤੇ ਗ਼ਲਤ - ਫਹਿਮੀ ਕਰਕੇ ਇਸ ਅਹਿਮ ਤੇ ਪਵਿੱਤਰ ਰਿਸ਼ਤੇ ਦੇ ਅਹਿਸਾਸਾਂ ਅਤੇ ਸੰਬੰਧਾਂ 'ਤੇ ਭਰਮ - ਭੁਲੇਖਿਆਂ ਤੇ ਕੁੜੱਤਣ ਦੀ ਧੂੜ ਜੰਮ ਜਾਂਦੀ ਹੈ , ਜੋ ਕਿ ਪਰਿਵਾਰਕ ਸਾਂਝ , ਪਿਆਰ , ਏਕੇ , ਅਖੰਡਤਾ , ਸਮਰਪਣ ਭਾਵਨਾ , ਸੁਹਿਰਦਤਾ ਤੇ ਕੋਮਲ ਭਾਵਨਾਵਾਂ ਨੂੰ ਖੰਡਿਤ ਕਰਨ ਲੱਗ ਜਾਂਦੀ ਹੈ।ਇਸ ਵਿਕਟ ਸਥਿਤੀ ਤੋਂ ਬਚਣ ਲਈ ਦੋਵਾਂ ਰਿਸ਼ਤਿਆਂ ( ਨੂੰਹ ਅਤੇ ਸੱਸ ) ਨੂੰ ਆਪਸੀ ਪਿਆਰ - ਮੁਹੱਬਤ ਅਤੇ ਸੌਹਾਰਦ ਭਰਪੂਰ ਵਿਹਾਰ ਬਣਾਈ ਰੱਖਣ ਲਈ ਆਪਸ ਵਿੱਚ ਛੋਟੀ ਤੋਂ ਛੋਟੀ ਗੱਲ ਨੂੰ ਸਾਂਝਾ ਕਰਨਾ ਚਾਹੀਦਾ ਹੈ , ਮਨ - ਮੁਟਾਵ ਆਪਸ ਵਿੱਚ ਦੂਰ ਕਰ ਲੈਣੇ ਚਾਹੀਦੇ ਹਨ , ਕਿਸੇ ਤਰ੍ਹਾਂ ਦੇ ਗਿਲੇ - ਸ਼ਿਕਵੇ ਮਨ ਵਿੱਚ ਦਬਾ ਕੇ ਨਹੀਂ ਰੱਖਣੇ ਚਾਹੀਦੇ , ਨਵੀਂ - ਨਵੇਲੀ ਦੁਲਹਨ ਨੂੰ ਆਪਣੇ ਘਰ ਦੀ ਹਰ ਛੋਟੀ - ਵੱਡੀ ਗੱਲ , ਸੁਭਾਅ , ਰੁਚੀ , ਭਾਵਨਾ , ਪਸੰਦ , ਨਾ - ਪਸੰਦ , ਵਿਸ਼ਵਾਸ , ਰਹਿਣ - ਸਹਿਣ ,ਵਰਤੋਂ - ਵਿਹਾਰ ਆਦਿ ਬਾਰੇ ਜਾਣੂੰ ਕਰਵਾਉਂਦੇ ਰਹਿਣਾ ਚਾਹੀਦਾ ਹੈ। ਨੂੰਹ ਨੂੰ ਵੀ ਚਾਹੀਦਾ ਹੈ ਕਿ ਉਹ ਪਰਿਵਾਰ ਦੇ ਸਾਰੇ ਜੀਆਂ ਦਾ ਯਥਾਯੋਗ ਸਤਿਕਾਰ ਕਰੇ , ਚੰਗੀ ਸੇਧ ਨੂੰ ਅਪਣਾਉਣ ਤੋਂ ਗੁਰੇਜ਼ ਨਾ ਕਰੇ , ਸ਼ੰਕਾ ਦੀ ਸਥਿਤੀ ਸਮੇਂ ਪਰਿਵਾਰ ਤੇ ਸੱਸ - ਮਾਤਾ ਦੀ ਸਲਾਹ ਲੈ ਲਵੇ।ਸੱਸ - ਨੂੰਹ ਦੇ ਰਿਸ਼ਤੇ ਦੀ ਪਰਿਵਾਰਕ ਬੁਨਿਆਦ ਨੂੰ ਮਜ਼ਬੂਤ , ਭਰੋਸੇਯੋਗ ਤੇ ਚਿਰ - ਸਥਾਈ ਰੱਖਣ ਲਈ ਦੋਵਾਂ (ਸੱਸ ਤੇ ਨੂੰਹ ) ਨੂੰ ਆਪਸ ਵਿੱਚ ਚੰਗੀਆਂ ਗੱਲਾਂ ਨੂੰ ਵੀ ਸਾਂਝਾ ਕਰਦੇ ਰਹਿਣਾ ਚਾਹੀਦਾ ਹੈ। ਦੋਵੇਂ ਰਿਸ਼ਤਿਆਂ ਵਿੱਚ ਪਿਛੋਕੜ ਤੌਰ 'ਤੇ ਪਰਿਵਾਰਕ ਵਖਰੇਵਾਂ ਹੁੰਦਾ ਹੈ , ਇਸ ਵਿਚਾਰਧਾਰਕ ਅਤੇ ਸੋਚ ਦੇ ਵਖਰੇਵੇਂ ਦੀ ਖਾਈ ਨੂੰ ਪੂਰਨ ਲਈ ਕੁੱਝ ਸਮਾਂ ਜ਼ਰੂਰ ਲੱਗ ਜਾਂਦਾ ਹੈ। ਇਸ ਦੇ ਲਈ ਸਕਾਰਾਤਮਕ , ਸਾਰਥਕ ਤੇ ਉਚੇਚੇ - ਨਜ਼ਰੀਏ ਨੂੰ ਅਪਣਾਉਂਦੇ ਹੋਏ , ਆਪਸੀ ਵਿਅਕਤੀਗਤ ਅਤੇ ਪਰਿਵਾਰਕ ਮੱਤਭੇਦਾਂ , ਵਿਚਾਰਾਂ, ਸੋਚ, ਰਹਿਣੀ - ਬਹਿਣੀ ਅਤੇ ਦਿਨ - ਚਰਿਆ ਅਤੇ ਵਰਤੋ - ਵਿਹਾਰ ਨੂੰ ਸਾਂਝਾ ਕਰਨਾ , ਸਮਝਣਾ ਤੇ ਉਸ ਵਿੱਚ ਯਥਾਸੰਭਵ ਲੋੜੀਂਦਾ ਬਦਲਾਓ ਲਿਆਉਣ ਲਈ ਆਨਾਕਾਨੀ ਨਹੀਂ ਕਰਨੀ ਚਾਹੀਦੀ , ਸਗੋਂ ਤੱਤਪਰ ਰਹਿਣਾ ਚਾਹੀਦਾ ਹੈ। ਨੂੰਹ ਨੂੰ " ਧੀ - ਵਰਗੀ " ਦੀ ਥਾਂ 'ਤੇ " ਧੀ " ਅਤੇ ਸੱਸ ਨੂੰ ਸੱਸ ਦੇ ਸਥਾਨ 'ਤੇ " ਮਾਂ " ਸਮਝਿਆ ਜਾਣਾ , ਅਪਣਾਉਣਾ , ਉਸ ਅਨੁਸਾਰ ਆਚਰਣ ਕਰਨਾ ਤੇ ਵਿਚਰਨਾ ਹੀ ਸਹੀ ਹੋ ਸਕਦਾ ਹੈ ਅਤੇ ਸੱਸ - ਨੂੰਹ ਜਾਂ ਨੂੰਹ - ਸੱਸ ਦਾ ਰਿਸ਼ਤਾ ਨਾ ਹੋ ਕੇ , ਘਰੇਲੂ ਬੁਨਿਆਦਕ ਰਿਸ਼ਤਾ " ਮਾਂ - ਧੀ " ਦਾ ਰਿਸ਼ਤਾ ਬਣ ਸਕਦਾ ਹੈ , ਜੋ ਕਿ ਪਰਿਵਾਰਕ , ਸਮਾਜਿਕ ਤੇ ਵਿਅਕਤੀਗਤ ਤੌਰ 'ਤੇ ਸੁੱਖ , ਸ਼ਾਂਤੀ , ਸਮ੍ਰਿੱਧੀ , ਤਰੱਕੀ , ਖੁਸ਼ੀ , ਖੁਸ਼ਹਾਲੀ ਤੇ ਏਕੇ ਦਾ ਪ੍ਰਤੀਕ ਹੋ ਕੇ ਸਕੇਗਾ , ਜੋ ਕਿ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜੇਗੀ।ਇਸ ਬਾਰੇ ਕਿਸੇ ਨੇ ਕਿਹਾ ਵੀ ਹੈ :

" ਘਰ ਵਿੱਚ ਹੱਸੇ ਜੇ ਜਨਾਨੀ ਦੋਸਤੋ !
ਸੋਨੇ 'ਤੇ ਸੁਹਾਗੇ ਦੀ ਨਿਸ਼ਾਨੀ ਦੋਸਤੋ !!"

ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach


On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 252

Website: www.preetnama.com Email preetnamausa@gmail.com

10 MAY TO 10 MAY , 2024

# ਸੰਜੇ ਲੀਲਾ ਭੰਸਾਲੀ ਦੀ 'ਹੀਰਾਮੰਡੀ' ਨੇ ਲਾਹੌਰੀਏ ਕਿਉਂ ਨਾਰਾਜ਼ ਕਰ ਦਿੱਤੇ, ਫ਼ਿਲਮ ਤੋਂ ਇਸ ਗੱਲ ਦਾ ਗੁੱਸਾ ਹੈ



ਬਾਲੀਵੁੱਡ ਦੇ ਮਸ਼ਹੂਰ ਨਿਰਦੇਸ਼ਕ ਸੰਜੇ ਲੀਲਾ ਭੰਸਾਲੀ ਦੀ ਵੈੱਬ ਸੀਰੀਜ਼ 'ਹੀਰਾਮੰਡੀ: ਦਿ ਡਾਇਮੰਡ ਬਜ਼ਾਰ' ਪਿਛਲੇ ਹਫ਼ਤੇ ਵੈੱਬ ਸਟ੍ਰੀਮਿੰਗ ਸਰਵਿਸ ਨੈੱਟਫਲਿਕਸ 'ਤੇ ਰਿਲੀਜ਼ ਹੋਈ ਹੈ।ਅੱਠ-ਐਪੀਸੋਡਾਂ ਵਾਲੀ ਇਸ ਲੜੀ ਦੀ ਕਹਾਣੀ 1910-1940 ਦੇ ਅਰਸੇ ਦੌਰਾਨ ਬ੍ਰਿਟਿਸ਼ ਰਾਜ ਦੇ ਵਿਰੁੱਧ ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਪਿਛੋਕੜ ਨੂੰ ਕੇਂਦਰਬਿੰਦੂ ਮੰਨਦਿਆਂ ਫ਼ਿਲਮਾਈ ਗਈ ਹੈ। ਇਸ ਵੈੱਬ ਸੀਰੀਜ਼ ਦੀ ਕਹਾਣੀ ਵੰਡ ਤੋਂ ਪਹਿਲਾਂ ਅਤੇ ਆਜ਼ਾਦੀ ਅੰਦੋਲਨ ਦੌਰਾਨ ਲਾਹੌਰ ਦੇ ਸ਼ਾਹੀ ਇਲਾਕੇ ਯਾਨੀ ਹੀਰਾਮੰਡੀ ਵਿੱਚ ਰਹਿਣ ਵਾਲੀ 'ਮਲਿਕਾ ਜਾਨ' ਅਤੇ ਉਨ੍ਹਾਂ ਦੇ ਕੋਠੇ ਦੇ ਆਲੇ-ਦੁਆਲੇ ਘੁੰਮਦੀ ਹੈ। ਸ਼ਾਨਦਾਰ ਮਹਿਲ ਅਤੇ ਬੇਹੱਦ ਮਹਿੰਗੇ ਫ਼ਾਨੂਸਾਂ ਨਾਲ ਭਰੇ ਆਕਰਸ਼ਕ ਸੈੱਟ, ਸੋਨੇ, ਚਾਂਦੀ ਅਤੇ ਕੀਮਤੀ ਰਤਨਾਂ ਨਾਲ ਲੱਦੇ ਪਹਿਰਾਵੇ ਪਹਿਨਣ ਵਾਲੀਆਂ ਹੀਰੋਇਨਾਂ ਅਤੇ ਸ਼ਾਨਦਾਰ ਕੈਮਾਰਵਰਕ ਤੇ ਉਸ ਦੇ ਨਾਲ ਹੀ ਮਨੀਸ਼ਾ ਕੋਇਰਾਲਾ ਦੀ ਕਮਾਲ ਦੀ ਅਦਾਕਾਰੀ। ਇਸ ਸਭ ਦੇ ਬਾਵਜੂਦ ਇਹ ਸੀਰੀਜ਼ 1940 ਦੇ ਲਾਹੌਰ ਦੀ ਹੀਰਾਮੰਡੀ ਦੀ ਸਹੀ ਤਸਵੀਰ ਪੇਸ਼ ਕਰਨ ਵਿੱਚ ਅਸਫ਼ਲ ਰਹੀ ਹੈ। ਇੱਕ ਸੈੱਟ ਵਿੱਚ ਜਿੱਥੇ ਬਹੁਤ ਸਾਰੀਆਂ ਗੁੰਝਲਾਂ ਇਕੱਠੀਆਂ ਹੋ ਜਾਣ ਉੱਥੇ ਡੂੰਘੀਆਂ ਮਨੁੱਖੀ ਭਾਵਨਾਵਾਂ ਨੂੰ ਦਰਸਾਉਂਦੀ ਕਹਾਣੀ ਦਿਖਾਉਣਾ ਔਖਾ ਹੋ ਜਾਂਦਾ ਹੈ ਅਤੇ ਭੰਸਾਲੀ ਪੂਰੀ ਲੜੀ ਵਿੱਚ ਇਸ ਨਾਲ ਜੂਝਦੇ ਹੋਏ ਨਜ਼ਰ ਆਉਂਦੇ ਹਨ। ਅੱਠ ਘੰਟੇ ਬਿਤਾਉਣ ਤੋਂ ਬਾਅਦ ਮੈਨੂੰ ਅਹਿਸਾਸ ਹੋਇਆ ਕਿ 'ਨਕਲੀਪਣ' ਨਾਲ ਭਰਪੂਰ ਇਸ ਲੜੀਵਾਰ ਵਿੱਚ ਕੋਈ ਪਲਾਟ, ਸਕ੍ਰਿਪਟ ਜਾਂ ਸੰਵਾਦ ਕੁਝ ਵੀ ਨਹੀਂ ਹੈ। ਅਦਾਕਾਰਾਵਾਂ ਦੀ ਸ਼ੈਲੀ ਇੰਨੀ ਨਕਲੀ ਹੈ ਕਿ ਇਸ ਵਿੱਚ ਵੰਡ ਤੋਂ ਪਹਿਲਾਂ ਦੀਆਂ ਤਵਾਇਫ਼ਾਂ ਦੀ ਕੋਈ ਝਲਕ ਨਹੀਂ ਮਿਲਦੀ, ਜਿਨ੍ਹਾਂ ਕੋਲ ਕੁਲੀਨ ਵਰਗ ਆਪਣੇ ਬੱਚਿਆਂ ਨੂੰ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਉਰਦੂ ਭਾਸ਼ਾ ਦੀਆਂ ਬਾਰੀਕੀਆਂ ਸਿਖਣ ਲਈ ਭੇਜਦਾ ਸੀ। ਲਾਹੌਰ ਵਾਸੀਆਂ ਮੁਤਾਬਕ ਭੰਸਾਲੀ ਦੇ ਸੈੱਟ @ਤੇ ਦਿਖਾਏ ਗਏ ਹੀਰਾਮੰਡੀ ਦੇ ਘਰਾਂ 'ਚ ਤੁਹਾਨੂੰ ਇਕ ਵੀ ਵਿਹੜਾ ਨਹੀਂ ਮਿਲੇਗਾ। ਉਸਦੇ ਮੁਤਾਬਕ ਉਸ ਇਲਾਕੇ ਵਿੱਚ ਕਈ ਮੰਜ਼ਿਲਾਂ ਵਾਲੇ ਵੱਡੇ-ਵੱਡੇ ਕੋਠੇ ਜਾਂ ਘਰ ਸਨ। ਇਸ ਸੀਰੀਜ਼ ਵਿੱਚ ਦਰਸਾਈਆਂ ਗਈਆਂ ਇਮਾਰਤਾਂ ਦਾ ਅਸਲੀਅਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਤੋਂ ਇਲਾਵਾ ਇਸ ਸੀਰੀਜ਼ 'ਚ ਕੁਝ ਅਜਿਹੀਆਂ ਗਲਤੀਆਂ ਹਨ, ਜੋ ਤੁਹਾਨੂੰ ਇਹ ਸੋਚਣ 'ਤੇ ਮਜਬੂਰ ਕਰਦੀਆਂ ਹਨ ਕਿ ਜੇਕਰ ਤੁਸੀਂ ਇੰਨੇ ਵੱਡੇ ਬਜਟ ਦੀ ਸੀਰੀਜ਼ ਬਣਾ ਰਹੇ ਸੀ ਤਾਂ ਰਿਸਰਚ 'ਤੇ ਕੁਝ ਪੈਸਾ ਖਰਚ ਕੀਤਾ ਜਾ ਸਕਦਾ ਸੀ, ਫ਼ਿਰ ਸ਼ਾਇਦ ਹਾਲਾਤ ਇੰਨੇ ਖਰਾਬ ਨਾ ਹੁੰਦੇ।

**ਸੀਰੀਜ਼ ਵਿੱਚ ਕੀ-ਕੀ ਗ਼ਲਤ ਹੈ ?**

ਹੁਣ ਗੱਲ ਕਰੀਏ ਇਸ ਸੀਰੀਜ਼ ਦੀਆਂ ਗਲਤੀਆਂ ਦੀ। ਉਦਾਹਰਨ ਲਈ ਲੜੀ ਦੇ ਚੌਥੇ ਐਪੀਸੋਡ ਵਿੱਚ, ਜਦੋਂ ਅਦਿਤੀ ਰਾਓ ਹੈਦਰੀ (ਬੱਬੋ ਜਾਨ) ਆਪਣੀ ਭੈਣ ਆਲਮਜ਼ੇਬ ਦਾ ਤਾਜਦਾਰ ਦੇ ਨਾਮ ਲਿਖੀ ਇੱਕ ਚਿੱਠੀ ਲੈ ਕੇ ਨਵਾਜ਼ ਕੋਲ ਜਾਂਦੀ ਹੈ, ਉਸਦੇ ਪਿੱਛੇ ਅਲਮਾਰੀ ਵਿੱਚ ਰੱਖੀਆਂ ਕਿਤਾਬਾਂ ਵਿੱਚ ਲੇਖਕ ਉਮੈਰਾ ਅਹਿਮਦ ਦਾ ਲਿਖਿਆ ਨਾਵਲ ਪੀਰ- ਏ-ਕਾਮਿਲ ਵੀ ਨਜ਼ਰ ਆ ਰਿਹਾ ਹੈ। ਧਿਆਨ ਰਹੇ ਕਿ ਇਸ ਸੀਰੀਜ਼ ਮੁਤਾਬਕ ਇਹ ਸੀਨ ਦੇਸ਼ ਵੰਡ ਤੋਂ ਪਹਿਲਾਂ ਦਾ ਹੈ ਅਤੇ ਪੀਰ-ਏ-ਕਾਮਿਲ ਸਾਲ 2004 ਵਿੱਚ ਪ੍ਰਕਾਸ਼ਿਤ ਹੋਇਆ ਸੀ।ਅਜਿਹੇ ਹੀ ਇੱਕ ਹੋਰ ਦ੍ਰਿਸ਼ ਵਿੱਚ, ਸੋਨਾਕਸ਼ੀ ਸਿਨਹਾ (ਫ਼ਰੀਦਾਨ) ਜੋ ਅਖ਼ਬਾਰ ਪੜ੍ਹ ਰਹੀ ਹੈ, ਉਹ ਸਾਲ 2022 ਦਾ ਛਪਿਆ ਹੋਇਆ ਹੈ ਅਤੇ ਅਖ਼ਬਾਰ ਦੇ ਉਸ ਪੰਨੇ 'ਤੇ ਵੀ ਕੋਰੋਨਾ ਵਾਇਰਸ ਦੀ ਖ਼ਬਰ ਛਪੀ ਹੈ ਜਿਸ ਨੂੰ ਸੋਨਾਕਸ਼ੀ ਨੇ ਫੜਿਆ ਹੋਇਆ ਹੈ।ਇਨ੍ਹਾਂ ਖਬਰਾਂ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਤੁਹਾਡਾ ਆਤਮ-ਵਿਸ਼ਵਾਸ ਕੋਰੋਨਾ ਵਾਇਰਸ ਨਾਲ ਲੜਨ ਵਿੱਚ ਮਦਦ ਕਰ ਸਕਦਾ ਹੈ। ਅਖਬਾਰ ਦੇ ਨਾਂ ਨੂੰ ਲੈ ਕੇ 'ਮੀਮਜ਼' ਦਾ ਵੱਖਰਾ ਸਿਲਸਿਲਾ ਸ਼ੁਰੂ ਹੋ ਗਿਆ ਹੈ।

**ਲਾਹੌਰ ਦੇ ਲੋਕ ਕਿਉਂ ਨਾਰਾਜ਼ ਹਨ ?**

ਲਾਹੌਰ ਦੇ ਲੋਕ ਇਸ ਸੀਰੀਜ਼ 'ਤੇ ਸਭ ਤੋਂ ਜ਼ਿਆਦਾ ਗੁੱਸੇ 'ਚ ਹਨ।ਪੱਤਰਕਾਰ ਅਤੇ ਵਿਸ਼ਲੇਸ਼ਕ ਸਬਾਹਤ ਜ਼ਕੀਆ ਨੇ ਸੀਰੀਜ਼ ਦੇ ਪਹਿਲੇ ਐਪੀਸੋਡ ਦਾ ਅੱਧਾ ਹਿੱਸਾ ਦੇਖਣ ਤੋਂ ਬਾਅਦ ਲਿਖਿਆ ਕਿ ਉਨ੍ਹਾਂ ਦੀ ਮਾਂ ਨੇ 'ਬਸ' ਕਰ ਦਿੱਤੀ।ਉਨ੍ਹਾਂ ਦੀ ਸ਼ਿਕਾਇਤ ਹੈ ਕਿ ਉਹ ਹੀਰਾਮੰਡੀ ਵਿੱਚ ਰਹਿਣ ਵਾਲੇ ਕਈ ਡਾਕਟਰਾਂ ਅਤੇ ਕਾਲਜ ਪ੍ਰਿੰਸੀਪਲਾਂ ਨੂੰ ਜਾਣਦੀ ਹੈ।ਉਹ ਹੀਰਾਮੰਡੀ ਨੂੰ ਇੱਕ ਅਜਿਹੀ ਜਗ੍ਹਾ ਦੇ ਤੌਰ 'ਤੇ ਦਿਖਾਏ ਜਾਣ 'ਤੇ ਇਤਰਾਜ਼ ਕਰਦੇ ਹਨ ਜਿੱਥੇ ਸਿਰਫ਼ ਤਵਾਇਫ਼ਾ ਰਹਿੰਦੀਆਂ ਸਨ।ਲਾਹੌਰ ਦੇ ਰਹਿਣ ਵਾਲੇ ਹਾਮਦ ਨਵਾਜ਼ ਨੇ ਸੀਰੀਜ਼ ਦੇਖਣ ਤੋਂ ਬਾਅਦ ਥ੍ਰੈਡ ਐਪ 'ਤੇ ਇਸ ਦੀ ਸਖ਼ਤ ਆਲੋਚਨਾ ਕੀਤੀ ਹੈ।ਉਹ ਕਹਿੰਦੇ ਹਨ ਕਿ 'ਹੀਰਾਮੰਡੀ' ਸੀਰੀਜ਼ ਵਿੱਚ ਹੀਰਾ ਮੰਡੀ ਤੋਂ ਇਲਾਵਾ ਸਭ ਕੁਝ ਹੈ। ਉਹ ਇੱਕ ਸੈੱਟ ਦੀ ਤਸਵੀਰ ਦੀ ਅਸਲ ਸ਼ਾਹੀ ਮੁਹੱਲੇ ਨਾਲ ਤੁਲਨਾ ਕਰਦਿਆਂ ਪੁੱਛਦੇ ਹਨ ਕਿ ਇਹ ਸੈੱਟ ਕਿੱਥੇ ਲਾਇਆ ਗਿਆ ਸੀ ?ਇਟਲੀ ਵਿੱਚ ਲੇਕ ਕੋਮੋ 'ਤੇ ਜਾਂ ਅਮਲਫਈ ਕੋਸਟ 'ਤੇ ? ਅੱਜ ਵੀ ਲਾਹੌਰ ਦੀਆਂ ਬਾਕੀ ਸਾਰੀਆਂ ਇਮਾਰਤਾਂ ਵਿੱਚੋਂ ਸਭ ਤੋਂ ਵੱਖਰਾ ਜੋ ਨਜ਼ਰ ਆਉਂਦਾ ਹੈ ਉਹ ਹੈ ਸ਼ਾਹੀ ਕਿਲਾ, ਉਨ੍ਹਾਂ ਦਾ ਮੰਨਣਾ ਹੈ ਕਿ ਇਹ ਇਲਾਕਾ ਗਲੈਮਰ ਨਾਲ ਭਰਿਆ ਨਹੀਂ ਸੀ, ਸਗੋਂ ਇੱਥੇ ਸ਼ੋਸ਼ਣ, ਗੁਲਾਮੀ ਅਤੇ ਗਰੀਬੀ ਸੀ ਅਤੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਘੱਟੋ-ਘੱਟ ਉਸ ਤਰ੍ਹਾਂ ਦਿਖਾਉਣਾ ਚਾਹੀਦਾ ਸੀ ਜਿਸ ਤਰ੍ਹਾਂ ਦੇ ਉਹ ਅਸਲ ਜ਼ਿੰਦਗੀ ਵਿੱਚ ਸਨ। ਰਾਫ਼ੀ ਕਹਿੰਦੇ ਹਨ ਜਿਸ ਤਰ੍ਹਾਂ ਫਿਲਮ ਕਲੀਨਿਕ ਵਿੱਚ ਲਾਹੌਰ ਨੂੰ ਵੀਨਸ ਵਿੱਚ ਬਦਲ ਦਿੱਤਾ ਗਿਆ ਸੀ, ਉਸੇ ਤਰ੍ਹਾਂ 'ਹੀਰਾਮੰਡੀ' ਵਿੱਚ ਸੰਜੇ ਲੀਲਾ ਨੇ ਉਨ੍ਹਾਂ ਗਲੀਆਂ ਵਿੱਚ ਬੱਘੀਆ ਚਲਾ ਦਿੱਤੀਆਂ ਜਿੱਥੇ ਜੇ ਕੋਈ ਦਰਮਿਆਨੇ ਆਕਾਰ ਦੀ ਕਾਰ ਆ ਜਾਵੇ ਤਾਂ ਪੈਦਲ ਤੁਰਨ ਵਾਲੇ ਲੋਕ ਕੰਧਾਂ ਨਾਲ ਚਿਪਕ ਜਾਂਦੇ ਸਨ। ਉਹ ਕਹਿੰਦੇ ਹਨ ਕਿ ਜੇਕਰ ਕਿਸੇ ਕਾਲਪਨਿਕ ਜਗ੍ਹਾ 'ਤੇ ਫਿਲਮ ਬਣਦੀ ਹੈ ਤਾਂ ਤੁਹਾਡੇ ਕੋਲ ਲਾਇਸੈਂਸ ਹੈ ਕਿ ਜੋ ਚਾਹੋ ਉਹ ਦਿਖਾ ਦਿਓ। ਪਰ ਜੇਕਰ ਇਹ ਦਾਅਵਾ ਕੀਤਾ ਜਾਵੇ ਕਿ ਇਹ ਕਿਸੇ ਅਸਲ ਥਾਂ 'ਤੇ ਆਧਾਰਿਤ ਕਹਾਣੀ ਹੈ ਤਾਂ ਸੱਚਾਈ ਤੋਂ ਇੰਨੀ ਦੂਰੀ ਸਹੀ ਨਹੀਂ ਹੈ। ਆਲੋਚਕ ਵੀ ਇਸ ਸੀਰੀਜ਼ ਵਿੱਚ ਤਵਾਇਫ਼ਾ ਅਤੇ ਹੋਰ ਅਦਾਕਾਰਾਂ ਦੇ ਬੋਲਣ ਦੇ ਸ਼ੈਲੀ ਅਤੇ ਹਾਵ-ਭਾਵ @ਤੇ ਉਂਗਲ ਉਠਾ ਰਹੇ ਹਨ। ਇਸ ਬਾਰੇ ਵਕਾਸ ਅਲਵੀ ਦਾ ਕਹਿਣਾ ਹੈ ਕਿ ਕੀ ਲਾਹੌਰ ਦੇ 'ਬਾਜ਼ਾਰ-ਏ-ਹੁਸਨ' ਹੀਰਾ ਮੰਡੀ ਦੇ ਸਾਰੇ ਦਰਬਾਰੀ ਲਖਨਊ ਨਾਲ ਸਬੰਧਿਤ ਹਨ ? ਪੰਜਾਬੀ ਅੰਦਾਜ਼ ਜਾਂ ਭਾਸ਼ਾ ਵਿੱਚ ਨਹੀਂ ਬੋਲ ਰਹੇ ? ਉਰਦੂ ਸ਼ੈਲੀ ਇੰਨੀ ਮਾੜੀ ਕਿਵੇਂ ਹੋ ਸਕਦੀ ਹੈ ? ਉਹ ਪੁੱਛਦੇ ਹਨ ਕਿ ਇਸ ਵੱਡੇ ਫਰਕ ਬਾਰੇ ਸੰਜੇ ਲੀਲਾ ਭੰਸਾਲੀ ਨੂੰ ਕਿਸੇ ਨੇ ਨਹੀਂ ਦੱਸਿਆ ? ਕੁਝ ਆਲੋਚਕਾਂ ਨੂੰ ਸ਼ਰਮਿਨ ਸਹਿਗਲ ਨੂੰ ਮੁੱਖ ਕਿਰਦਾਰ ਵਿੱਚ ਰੱਖਣ 'ਤੇ ਵੀ ਇਤਰਾਜ਼ ਹੈ।

**ਭੰਸਾਲੀ ਦੀ ਕਾਲਪਨਿਕ ਦੁਨੀਆ**

ਹਾਲਾਂਕਿ, ਕੁਝ ਦਰਸ਼ਕ ਭੰਸਾਲੀ ਦਾ ਬਚਾਅ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਦੇ ਪ੍ਰੋਡਕਸ਼ਨ ਦਾ ਕਦੇ ਵੀ ਅਸਲੀਅਤ ਨਾਲ ਕੋਈ ਸਬੰਧ ਨਹੀਂ ਰਿਹਾ। ਉਹ ਕਾਲਪਨਿਕ ਸੰਸਾਰ ਬਣਾਉਂਦੇ ਹਨ ਜੋ ਹਕੀਕਤ ਵਿੱਚ ਮੌਜੂਦ ਨਹੀਂ ਹਨ। ਭਾਵੇਂ ਇਹ ਸੱਚੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੋ ਕਿਉਂ ਨਾ ਹੋਣ। ਉਹ ਸੰਗੀਤ ਦੇ ਨਾਲ-ਨਾਲ ਸੁੰਦਰ ਦ੍ਰਿਸ਼ ਬਣਾਉਂਦੇ ਹਨ ਅਤੇ ਅਸਲੀਅਤ ਲਈ ਸਾਡੇ ਕੋਲ ਕਿਤਾਬਾਂ ਅਤੇ ਦਸਤਾਵੇਜ਼ੀ ਫਿਲਮਾਂ ਹਨ। ਜਿਨ੍ਹਾਂ ਦਰਸ਼ਕਾਂ ਨੇ ਇਸ ਸੀਰੀਜ਼ ਨੂੰ ਬਹੁਤ ਪਸੰਦ ਕੀਤਾ ਹੈ, ਉਹ ਆਲੋਚਕਾਂ ਨੂੰ ਸਿਨੇਮਾ ਦਾ ਆਨੰਦ ਲੈਣਾ ਸਿੱਖਣ ਦੀ ਸਲਾਹ ਦੇ ਰਹੇ ਹਨ। ਕਹਿ ਰਹੇ ਹਨ ਕਿ ਮਨੋਰੰਜਨ, ਕਲਾ ਅਤੇ ਤਾਜਦਾਰ ਅਤੇ ਆਲਮਜ਼ੇਬ ਦੀ ਪ੍ਰੇਮ ਕਹਾਣੀ ਦਾ ਆਨੰਦ ਲਓ।

## ਹੀਰਾਮੰਡੀ ਵਿੱਚ ਕੀ ਹੈ ?

ਸੰਜੇ ਲੀਲਾ ਭੰਸਾਲੀ ਤਕਰੀਬਨ 200 ਕਰੋੜ ਰੁਪਏ ਦੇ ਬਜਟ ਨਾਲ ਬਣੀ ਇਸ ਸੀਰੀਜ਼ ਨੂੰ ਆਪਣਾ ਡਰੀਮ ਪ੍ਰੋਜੈਕਟ ਦੱਸਦੇ ਹਨ। ਇਸ ਲੇਖ ਦੇ ਪ੍ਰਕਾਸ਼ਿਤ ਹੋਣ ਦੇ ਸਮੇਂ ਇਹ ਨੈੱਟਫਲਿਕਸ 'ਤੇ ਪਹਿਲੇ ਨੰਬਰ 'ਤੇ ਹੈ। ਇਸ ਲੜੀ ਵਿੱਚ ਮਲਿਕਾ ਜਾਨ ਸ਼ਾਹੀ ਮਹਿਲ (ਹੀਰਾਮੰਡੀ) ਦੀ ਸਭ ਤੋਂ ਖ਼ੂਬਸੂਰਤ, ਵੱਡੀ ਹਵੇਲੀ ਦੀ ਮਾਲਕ ਹੈ ਅਤੇ ਹੀਰਾ ਮੰਡੀ ਦੀਆਂ ਸਾਰੀਆਂ ਤਵਾਇਫ਼ਾਂ ਉਨ੍ਹਾਂ ਨੂੰ ਆਪਾ ਯਾਨੀ ਵੱਡੀ ਭੈਣ ਕਹਿੰਦੀਆਂ ਹਨ। ਮਲਿਕਾ ਜਾਨ ਨੇ ਕਈ ਸਾਲ ਪਹਿਲਾਂ ਸ਼ਾਹੀ ਮਹਿਲ ਦੀ ਮਾਲਕਣ ਬਣਨ ਲਈ ਆਪਣੀ ਹੀ ਵੱਡੀ ਭੈਣ (ਰੇਹਾਨਾ, ਸੋਨਾਕਸ਼ੀ ਦੁਆਰਾ ਨਿਭਾਈ ਗਈ) ਦਾ ਕਤਲ ਕਰ ਦਿੱਤਾ ਸੀ। ਇਸ ਸੀਰੀਜ਼ ਵਿੱਚ ਦਿਖਾਇਆ ਗਿਆ ਹੈ ਕਿ ਸਾਲਾਂ ਬਾਅਦ, ਰੇਹਾਨਾ ਦੀ ਧੀ ਫਰੀਦਾਨ (ਸੋਨਾਕਸ਼ੀ ਸਿਨਹਾ ਵਲੋਂ ਨਿਭਾਇਆ ਗਿਆ ਕਿਰਦਾਰ) ਆਪਣੀ ਮਾਂ ਦੇ ਕਤਲ ਦਾ ਬਦਲਾ ਲੈਣ ਅਤੇ ਸ਼ਾਹੀ ਮਹਿਲ ਦੀਆਂ ਚਾਬੀਆਂ ਹਾਸਲ ਕਰਨ ਲਈ ਆਉਂਦੀ ਹੈ। ਇੱਥੋਂ ਉਨ੍ਹਾਂ ਵਿਚਕਾਰ ਲੜਾਈ ਸ਼ੁਰੂ ਹੋ ਜਾਂਦੀ ਹੈ, ਜਿਸ ਦੌਰਾਨ ਦੋਵਾਂ ਨਾਲ ਜੁੜੇ ਕਈ ਮੋਹਰੇ ਹਾਰਦੇ ਹਨ। ਇਸ ਅਣਦੇਖੀ ਜੰਗ ਦਾ ਸਭ ਤੋਂ ਵੱਧ ਫਾਇਦਾ ਬਰਤਾਨਵੀ ਸਰਕਾਰ ਨੂੰ ਹੁੰਦਾ ਹੈ, ਜੋ ਆਜ਼ਾਦੀ ਸੰਗਰਾਮ ਵਿੱਚ ਸਰਗਰਮ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਵਿੱਚ ਰੁੱਝੀ ਹੋਈ ਹੈ। ਇਹ ਉਹ ਦੌਰ ਹੈ ਜਦੋਂ ਭਾਰਤ ਵਿੱਚ ਆਜ਼ਾਦੀ ਦੀ ਲਹਿਰ ਪੂਰੇ ਜ਼ੋਰਾਂ 'ਤੇ ਹੈ ਅਤੇ ਸ਼ਾਹੀ ਇਲਾਕੇ ਦੀਆਂ ਤਵਾਇਫ਼ਾਂ ਵੀ ਇਸ ਵਿੱਚ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ।ਭੰਸਾਲੀ ਦੇ ਇਸ ਡਰੀਮ ਪ੍ਰੋਜੈਕਟ ਵਿੱਚ ਮਨੀਸ਼ਾ ਕੋਇਰਾਲਾ, ਸੋਨਾਕਸ਼ੀ ਸਿਨਹਾ, ਅਦਿਤੀ ਰਾਓ ਹੈਦਰੀ, ਫਰਦੀਨ ਖਾਨ, ਫਰੀਦਾ ਜਲਾਲ, ਸ਼ਰਮੀਨ ਸੇਗਲ ਅਤੇ ਤਾਹਾ ਸ਼ਾਹ ਵਰਗੇ ਕਲਾਕਾਰ ਸ਼ਾਮਲ ਹਨ। ਇਸ ਲੜੀ ਨੂੰ ਲਿਖਿਆ ਮੋਇਨ ਬੇਗ ਨੇ ਹੈ। ਇਸ ਦਾ ਸਕ੍ਰੀਨਪਲੇਅ ਸੰਜੇ ਲੀਲਾ ਭੰਸਾਲੀ ਨੇ ਖ਼ੁਦ ਤਿਆਰ ਕੀਤਾ ਹੈ ਅਤੇ ਉਨ੍ਹਾਂ ਨੇ ਇਸ ਦਾ ਨਿਰਦੇਸ਼ਨ ਵੀ ਕੀਤਾ ਹੈ।

# ਕੀ ਸੱਚ ਹੀ ਅਕਾਲੀ ਦਲ ਛੱਡ ਚੁੱਕੇ ਸਾਰੇ ਸਾਬਕਾ ਅਕਾਲੀ ਆਗੂ ਦਲ ਦੀਆਂ ਬੇੜੀਆਂ 'ਚ ਵੱਟੇ ਪਾਉਣ ਲਈ ਪੱਬਾਂ ਭਾਰ ਨੇ ?

ਲੋਕ ਸਭਾ ਹਲਕਾ ਬਠਿੰਡਾ ਨਾਲ ਸਬੰਧਤ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਦਲ ਨੂੰ ਕਿਉ ਛੱਡ ਰਹੇ ਹਨ ਸਬੰਧੀ ਕਾਰਨਾਂ ਦੀ ਪੜਤਾਲ ਕੀਤੇ ਜਾਣ ਦੀ ਮੰਗ ਦੇ ਚਰਚੇ ਸੂਰੂ ਹੋ ਗਏ ਹਨ। ਕਈ ਨਾਮੀ ਆਗੂਆਂ ਦਾ ਪਿਛਲੇ ਸਮੇਂ ਤੋਂ ਅਕਾਲੀ ਦਲ ਵਿਚੋਂ ਚਲੇ ਜਾਣ ਦਾ ਸੂਰੂ ਦੌਰ ਰੁਕਣ ਦਾ ਨਾਂ ਨਹੀ ਲੈ ਰਿਹਾ ਜੋ ਅਕਾਲੀ ਦਲ ਲਈ ਸੁਭ ਸੰਕੇਤ ਨਹੀ। ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਵਿਧਾਨ ਸਭਾ ਹਲਕਾ ਮੌੜ ਤੋਂ ਵਿਧਾਇਕ ਬਣੇ ਜਨਮੇਜਾ ਸਿੰਘ ਸੇਖੋਂ ਪੰਜਾਬ ਸਰਕਾਰ ਵਿਚ ਕੈਬਨਿਟ ਮੰਤਰੀ ਬਣੇ ਸਨ ਪ੍ਰੰਤੂ ਉਨ੍ਹਾਂ ਨੇ ਅਗਲੀ ਚੋਣ ਹਲਕਾ ਮੌੜ ਦੀ ਬਜਾਏ ਆਪਣੇ ਜੱਦੀ ਜਿਲ੍ਹੇ ਫਿਰੋਜਪੁਰ ਵਿਚੋਂ ਲੜਨ ਨੂੰ ਤਰਜੀਹ ਦਿੱਤੀ ਸੀ। ਉਨ੍ਹਾਂ ਦੀ ਥਾਂ 'ਤੇ ਮੌੜ ਤੋਂ ਅਕਾਲੀ ਦਲ ਵੱਲੋ ਚੋਣ ਲੜਨ ਉਪਰੰਤ ਜਗਮੀਤ ਸਿੰਘ ਬਰਾੜ ਦਲ ਨੂੰ ਛੱਡ ਗਏ, ਬਾਦਲ ਪਰਿਵਾਰ ਦੇ ਪਰਿਵਾਰਕ ਮੈਂਬਰ ਅਤੇ ਅਕਾਲੀ ਸਰਕਾਰ ਵਿਚ ਕੈਬਨਿਟ ਮੰਤਰੀ ਰਹੇ ਮਨਪ੍ਰੀਤ ਸਿੰਘ ਬਾਦਲ ਵੀ ਕਾਫੀ ਸਮਾਂ ਪਹਿਲਾ ਦਲ ਨੂੰ ਛੱਡ ਗਏ ਸਨ। ਇਸੇ ਤਰ੍ਹਾਂ ਬਠਿੰਡਾ ਸ਼ਹਿਰੀ ਤੋਂ ਵਿਧਾਇਕ ਰਹੇ ਸਰੂਪ ਚੰਦ ਸਿੰਗਲਾ, ਭੁੱਚੋਂ ਮੰਡੀ ਤੋਂ ਸੀਨੀਅਰ ਪ੍ਰੀਤਮ ਸਿੰਘ ਕੋਟਭਾਈ ਤੇ ਡਾ. ਹਰਜਿੰਦਰ ਸਿੰਘ ਜੱਖੂ, ਸੀਨੀਅਰ ਆਗੂ ਜਗਦੀਪ ਸਿੰਘ ਨਕਈ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਅਤੇ ਸਾਬਕਾ ਵਿਧਾਇਕ ਗੁਰਾ ਸਿੰਘ ਤੁੰਗਵਾਲੀ ਵੀ ਕੁਝ ਸਮਾਂ ਪਹਿਲਾ ਅਕਾਲੀ ਦਲ ਨੂੰ ਛੱਡ ਗਏ ਸੀ। ਤਲਵੰਡੀ ਸਾਬੋ ਤੋਂ ਵਿਧਾਇਕ ਰਹੇ ਜੀਤਮਹਿੰਦਰ ਸਿੰਘ ਸਿੱਧੂ ਵੀ ਅਕਾਲੀ ਦਲ ਨੂੰ ਛੱਡ ਕਾਂਗਰਸ ਵਿਚ ਸਾਮਲ ਹੋ ਚੁੱਕੇ ਹਨ। ਹੁਣ ਸਿਕੰਦਰ ਸਿੰਘ ਮਲੂਕਾ ਦੇ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਸਾਬਕਾ ਚੇਅਰਮੈਨ ਵੀ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਭਾਜਪਾ ਨੇ ਆਪਣਾ ਸਿਆਸੀ ਪੱਤਾ ਖੇਡਦਿਆਂ ਗੁਰਪ੍ਰੀਤ ਸਿੰਘ ਮਲੂਕਾ ਦੀ ਧਰਮਪਤਨੀ ਪਰਮਪਾਲ ਕੌਰ ਸਿੱਧੂ ਸੇਵਾ ਮੁਕਤ ਆਈ ਏ ਐੱਸ ਨੂੰ ਲੋਕ ਸਭਾ ਬਠਿੰਡਾ ਤੋਂ ਉਮੀਦਵਾਰ ਐਲਾਨ ਕੇ ਬੀਬਾ ਹਰਸਿਮਰਤ ਕੌਰ ਬਾਦਲ ਦਾ ਸਿਆਸੀ ਰਾਹ ਰੋਕਣ ਦਾ ਯਤਨ ਕੀਤਾ ਗਿਆ ਹੈ। ਬਠਿੰਡਾ ਦਿਹਾਤੀ ਦੇ ਸਾਬਕਾ ਵਿਧਾਇਕ ਦਰਸਨ ਸਿੰਘ ਕੋਟਫੱਤਾ ਦੀਆਂ ਸਿਆਸੀ ਸਰਗਰਮੀਆਂ ਵੀ ਬਹੁਤੀਆਂ ਨਜਰ ਨਹੀ ਆ ਰਹੀਆ, ਜੋ ਅਕਾਲੀ ਦਲ ਲਈ ਸਿਆਸੀ ਖਤਰੇ ਦੀ ਨਿਸ਼ਾਨੀ ਹੈ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਹੈ ਕਿ ਉਹ ਹਾਲੇ ਅਕਾਲੀ ਦਲ ਵਿਚ ਹੀ ਹਨ ਪਰ ਭਾਜਪਾ ਵਿਚ ਸਾਮਲ ਹੋਣ ਦੇ ਸਵਾਲ ਤੇ ਉਨ੍ਹਾਂ ਨੇ ਨੋ ਕੂਮੈਂਟ ਕਹਿ ਕਿ ਪੱਲਾ ਝਾੜ ਦਿੱਤਾ ਸੀ। ਭਾਵੇਂ ਮਲੂਕਾ ਹਰ ਸਿਆਸੀ ਕਦਮ ਸੋਚ ਸਮਝ ਕੇ ਪੁੱਟ ਰਹੇ ਹਨ ਪ੍ਰੰਤੂ ਉਨ੍ਹਾਂ ਦੇ ਹਾਲੇ ਵੀ ਭਾਜਪਾ ਵਿਚ ਸਾਮਲ ਹੋਣ ਦੇ ਚਰਚੇ ਜੋਰਾਂ 'ਤੇ ਹਨ। ਲੋਕ ਸਭਾ ਬਠਿੰਡਾ ਨਾਲ ਸਬੰਧਤ ਕਈ ਹੋਰ ਨਾਮਵਰ ਆਗੂ ਵੀ ਅਕਾਲੀ ਦਲ ਨੂੰ ਛੱਡ ਚੁੱਕੇ ਹਨ, ਜੋ ਸ੍ਰੋਮਣੀ ਅਕਾਲੀ ਦਲ ਦੀਆਂ ਬੇੜੀਆਂ ਵਿਚ ਵੱਟੇ ਪਾਉਣ ਲਈ ਪੱਬਾਂ ਭਾਰ ਹਨ। ਸਾਬਕਾ ਅਕਾਲੀ ਆਗੂ ਰਤਨ ਸ਼ਰਮਾ ਨੇ ਸੁਖਬੀਰ ਬਾਦਲ ਵੱਲ ਇਸ਼ਾਰਾ ਕਰਦਿਆਂ ਕਿਹਾ ਹੈ ਕਿ ਇਕ ਸੀਨੀਅਰ ਅਕਾਲੀ ਆਗੂ ਦੇ ਅੜੀਅਲ ਵਤੀਰੇ ਕਾਰਨ ਲੋਕ ਸਭਾ ਹਲਕਾ ਬਠਿੰਡਾ ਨਾਲ ਸਬੰਧਤ ਕਈ ਸੀਨੀਅਰ ਅਕਾਲੀ ਆਗੂ ਦਲ ਨੂੰ ਛੱਡ ਗਏ ਹਨ। ਉਨ੍ਹਾਂ ਨੇ ਕਿਹਾ ਕਿ ਅਕਾਲੀ ਆਗੂਆਂ ਵੱਲੋਂ ਅਕਾਲੀ ਦਲ ਨੂੰ ਛੱਡੇ ਜਾਣ ਦੇ ਕਾਰਨਾਂ ਸਬੰਧੀ ਬਰੀਕੀ ਨਾਲ ਪੜਤਾਲ ਤੇ ਵਿਚਾਰ ਕੀਤੀ ਜਾਣੀ ਬਣਦੀ ਹੈ। ਉਨ੍ਹਾਂ ਦਾਅਵਾ ਕਿ ਲੋਕ ਸਭਾ ਹਲਕਾ ਬਠਿੰਡਾ ਵਿਚ ਹਾਲੇ ਹੋਰ ਵੀ ਕਈ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਸਕਦੇ ਹਨ। ਸਿਆਸੀ ਲੋਕਾਂ ਵਿਚ ਖ਼ੂਬ ਚਰਚਾ ਹੈ ਕਿ ਅਕਾਲੀ ਦਲ ਛੱਡ ਚੁੱਕੇ ਆਗੂ ਹੀ ਇਸ ਵਾਰ ਅਕਾਲੀ ਦਲ ਦੇ ਲੋਕ ਸਭਾ ਬਠਿੰਡਾ ਤੋਂ ਉਮੀਦਵਾਰ ਲਈ ਸਿਰਦਰਦੀ ਬਣ ਸਕਦੇ ਹਨ। ਪਰ ਹੁਣ ਵੇਖਣਾ ਹੋਵੇਗਾ ਕਿ ਲੋਕ ਸਭਾ ਚੋਣਾਂ ਦੇ ਨਤੀਜੇ ਸ੍ਰੋਮਣੀ ਅਕਾਲੀ ਦਲ ਅਤੇ ਅਕਾਲੀ ਦਲ ਨੂੰ ਛੱਡ ਚੁੱਕੇ ਸਿਆਸੀ ਆਗੂਆਂ ਦਾ ਕੀ ਭਵਿੱਖ ਤੈਅ ਕਰਦੇ ਹਨ।




# ‘ਅਮਿਤ ਸ਼ਾਹ ਕੋਲ ਰੱਬੀ ਦੇਣ ਹੈ, ਚਾਣਕਿਆ ਤੋਂ ਵੀ ਤੇਜ਼ ਦਿਮਾਗ’...

## ਮੋਦੀ ਦੀ ਚੜ੍ਹਤ ਕਰਵਾਉਣ ਵਾਲੇ ਖਾਮੋਸ਼ ਰਣਨੀਤੀਕਾਰ ਸ਼ਾਹ ਨੂੰ ਨੇੜਿਓਂ ਜਾਣੋ

ਨਰਿੰਦਰ ਮੋਦੀ ਨੂੰ ਜੂਨ ਵਿੱਚ ਪਤਾ ਲੱਗੇਗਾ ਕੀ ਉਨ੍ਹਾਂ ਨੂੰ ਭਾਰਤ ਦਾ ਲੋਕਤੰਤਰ ਲਗਾਤਾਰ ਤੀਜਾ ਦੁਰਲਭ ਮੌਕਾ ਦਿੰਦਾ ਹੈ ਜਾਂ ਨਹੀਂ। ਇੱਕ ਦਹਾਕਾ ਸਰਕਾਰ ਵਿੱਚ ਰਹਿਣ ਮਗਰੋਂ ਮੋਦੀ ਦੇਸ ਵਿੱਚ ਇੱਕ ਤਰ੍ਹਾਂ ਨਾਲ ਸਰਬ ਵਿਆਪੀ ਹੋ ਗਏ ਹਨ। ਹਾਲਾਂਕਿ ਅਕਸਰ ਉਨ੍ਹਾਂ ਦੇ ਨਾਲ ਇੱਕ ਸਿਆਸਤਦਾਨ ਨਜ਼ਰ ਆਉਂਦਾ ਹੈ, ਜਿਸਦੀ ਬਹੁਤ ਘੱਟ ਚਰਚਾ ਹੁੰਦੀ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਭਾਜਪਾ ਦੀ ਇਸ ਲਾਮਿਸਾਲੀ ਚੜ੍ਹਤ ਦੀ ਪਟਕਥਾ ਦਾ ਲੇਖਕ ਹੈ। ਅਮਿਤ ਸ਼ਾਹ- ਜਿਨ੍ਹਾਂ ਨੂੰ ਅਕਸਰ ਭਾਰਤ ਦਾ ਦੂਜਾ ਸਭ ਤੋਂ ਤਾਕਤਵਰ ਵਿਅਕਤੀ ਕਿਹਾ ਜਾਂਦਾ ਹੈ। ਉਹ ਪ੍ਰਧਾਨ ਮੰਤਰੀ ਮੋਦੀ ਦੇ ਸਭ ਤੋਂ ਭਰੋਸੇਯੋਗ, ਪੁਰਾਣੇ ਦੋਸਤ ਅਤੇ ਮੋਦੀ ਦੇ ਚੋਣ ਰੱਥ ਦੇ ਸਾਰਥੀ ਵੀ ਹਨ। ਕੱਟੜਪੰਥੀ ਹਿੰਦੂ ਰਾਸ਼ਟਰਵਾਦੀ ਜਿਨ੍ਹਾਂ ਨੂੰ ਅਮਿਤ ਭਾਈ ਵੀ ਕਿਹਾ ਜਾਂਦਾ ਹੈ। ਸ਼ਾਹ ਨੇ ਭਾਜਪਾ ਨੂੰ ਕਈ ਚੋਣਾਂ ਜਿਤਵਾਈਆਂ ਹਨ। ਹਾਲਾਂਕਿ ਉਨ੍ਹਾਂ ਵਿੱਚ ਮੋਦੀ ਵਰਗੀ ਚਮਕ ਦਮਕ ਨਹੀਂ ਹੈ ਅਤੇ ਆਪਣੇ-ਆਪ ਵਿੱਚ ਰਹਿਣਾ ਪਸੰਦ ਕਰਦੇ ਹਨ। ਫਿਰ ਵੀ ਉਹ ਇੱਕ ਕੁਸ਼ਲ ਪ੍ਰਬੰਧਕ, ਰਣਨੀਤੀਕਾਰ ਅਤੇ ਘਾਗ ਸਿਆਸਤਦਾਨ ਹਨ ਅਤੇ ਮੋਦੀ ਵਾਂਗ ਹੀ ਧਰੁਵੀਕਰਨ ਕਰਨ ਵਾਲੇ ਲੀਡਰ ਹਨ।

ਉਨ੍ਹਾਂ ਦੇ ਪ੍ਰਸ਼ੰਸਕ ਸ਼ਾਹ ਨੂੰ ’ਹਿੰਦੂ ਧਰਮ ਦੇ ਮਹਾਨ ਰਾਖੇ’ ਵਜੋਂ ਦੇਖਦੇ ਹਨ ਪਰ ਜੋ ਉਨ੍ਹਾਂ ਦੇ ਸਾਹਮਣੇ ਅੜਨ ਦੀ ਕੋਸ਼ਿਸ਼ ਕਰਦਾ ਹੈ ਉਸ ਲਈ ਉਹ ਖ਼ਤਰਨਾਕ ਦੁਸ਼ਮਣ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਕਸ਼ਮੀਰ ਦੀ ਅੰਸ਼ਕ-ਖੁਦਮੁਖ਼ਤਿਆਰੀ ਨੂੰ ਖ਼ਤਮ ਕਰਨ ਦੇ ਵਿਵਾਦਿਤ ਕਾਨੂੰਨ ਪਿੱਛੇ ਉਨ੍ਹਾਂ ਦਾ ਹੀ ਦਿਮਾਗ ਹੈ, ਜੋ ਭਾਜਪਾ ਦਾ ਕਈ ਦਹਾਕਿਆਂ ਤੋਂ ਚੋਣ ਵਾਅਦਾ ਰਿਹਾ ਹੈ। ਨਵਾਂ ਨਾਗਰਿਕਤਾ ਕਾਨੂੰਨ ਜਿਸ ਨੂੰ ਮੁਸਲਮਾਨਾਂ ਲਈ ਵਿਤਕਰੇਪੂਰਨ ਕਿਹਾ ਜਾਂਦਾ ਹੈ। ਬੀਬੀਸੀ ਨਾਲ ਗੱਲਬਾਤ ਕਰਦਿਆਂ, ਅਮਿਤ ਸ਼ਾਹ ਦੇ ਦੋਸਤਾਂ, ਸਹਿਕਰਮੀਆਂ ਅਤੇ ਜੋ ਉਨ੍ਹਾਂ ਨੂੰ ਸਕੂਲ ਦੇ ਦਿਨਾਂ ਤੋਂ ਜਾਣਦੇ ਹਨ, ਜਿਨ੍ਹਾਂ ਨੇ ਅਮਿਤ ਸ਼ਾਹ ਦਾ ਉਨ੍ਹਾਂ ਦੇ ਜੇਲ੍ਹ ਦੇ ਦਿਨਾਂ ਦੌਰਾਨ ਵੀ ਸਾਥ ਦਿੱਤਾ, ਨੇ ਉਨ੍ਹਾਂ ਦੇ ਨਿੱਜੀ ਜੀਵਨ ਬਾਰੇ ਦੱਸਿਆ। ਅਮਿਤ ਸ਼ਾਹ ਦੇ ਦੋਸਤਾਂ ਮੁਤਾਬਕ ਉਨ੍ਹਾਂ ਦੀ ਸਫ਼ਲਤਾ ਪਿੱਛੇ ਉਨ੍ਹਾਂ ਦੀ ਡੂੰਘੀ ਵਫਾਦਾਰੀ, ਪਾਰਟੀ ਅਤੇ ਵਰਕਰਾਂ ਲਈ ਪਿਆਰ ਅਤੇ ਮਿਹਨਤ ਕਰਨ ਦੀ ਭੁੱਖ ਹੈ।

**ਮਾਹਰ ਰਣਨੀਤੀਕਾਰ**

ਅਮਿਤ ਸ਼ਾਹ ਕੇਂਦਰੀ ਸੁਰਖੀਆਂ ਵਿੱਚ ਉਦੋਂ ਆਏ ਜਦੋਂ ਦਸ ਸਾਲ ਪਹਿਲਾਂ ਉਨ੍ਹਾਂ ਨੇ ਭਾਜਪਾ ਨੂੰ ਚੋਣਾਂ ਦੇ ਲਿਹਾਜ਼ ਤੋਂ ਭਾਰਤ ਦੇ ਸਭ ਤੋਂ ਅਹਿਮ ਸੂਬੇ ਵਿੱਚ ਸ਼ਾਨਦਾਰ ਜਿੱਤ ਦਵਾਈ। ਕਈ ਸਾਲਾਂ ਤੋਂ ਉੱਤਰ ਪ੍ਰਦੇਸ਼ ਭਾਜਪਾ ਲਈ ਇੱਕ ਦੁਰਗਮ ਗੜ੍ਹ ਰਿਹਾ ਹੈ। ਹਾਲਾਂਕਿ 2014 ਦੀਆਂ ਆਮ ਚੋਣਾਂ ਦੌਰਾਨ ਪਾਰਟੀ ਨੇ 80 ਵਿੱਚੋਂ 71 ਸੀਟਾਂ ਉੱਤੇ ਜਿੱਤ ਹਾਸਲ ਕੀਤੀ। ਅਮਿਤ ਸ਼ਾਹ ਨਾਲ ਕਈ ਦਹਾਕਿਆਂ ਤੱਕ ਮਿਲ ਕੇ ਕੰਮ ਕਰਨ ਵਾਲੇ ਸਾਬਕਾ ਭਾਜਪਾ ਆਗੂ ਅਤੇ ਵਕੀਲ ਯਤਿਨ ਓਜ਼ਾ ਕਹਿੰਦੇ ਹਨ, “ਸ਼ਾਹ ਕੋਲ ਇੱਕ ਰੱਬੀ ਦੇਣ ਹੈ— ਚਾਣਕਿਆ ਤੋਂ ਵੀ ਤੇਜ਼ ਦਿਮਾਗ। ਚਾਣਕਿਆ ਨੇ ਕਰੀਬ 2000 ਸਾਲ ਪਹਿਲਾਂ ਭਾਰਤੀ ਉਪ ਮਹਾਂਦੀਪ ਵਿੱਚ ਸਥਾਪਿਤ ਪਹਿਲੇ ਸਾਮਰਾਜ ਦੇ ਪਿਛਲੇ ਰਣਨੀਤੀਕਾਰ ਸਨ। ਅਮਿਤ ਸ਼ਾਹ ਦੇ ਦੋਸਤ ਅਤੇ ਦੁਸ਼ਮਣ ਦੋਵੇਂ ਮੰਨਦੇ ਹਨ ਕਿ ਚੋਣਾਂ ਦੌਰਾਨ ਉਨ੍ਹਾਂ ਦਾ ਦਿਮਾਗ ਬਹੁਤ ਵਧੀਆ ਕੰਮ ਕਰਦਾ ਹੈ। ਸਾਲ 2014 ਦੇ ਵਿਜੇ ਰੱਥ ਨੂੰ ਉਨ੍ਹਾਂ ਨੇ ਸਾਲ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਗਤੀ ਦੇ ਕੇ ਰੱਖੀ ਅਤੇ ਸਾਲ 2019 ਦੀਆਂ ਆਮ ਚੋਣਾਂ ਵਿੱਚ ਪਾਰਟੀ ਨੂੰ ਦੂਜੀ ਸਭ ਤੋਂ ਵੱਡੀ ਸਫਲਤਾ ਦਵਾਈ। ਯਤਿਨ ਓਜ਼ਾ ਕਹਿੰਦੇ ਹਨ ਕਿ ਉਹ ਜਾਣਦੇ ਸਨ ਕਿ ਕਦੇ ਨਾ ਕਦੇ ਅਮਿਤ ਸ਼ਾਹ ਸੱਤਾ ਦੇ “ਸਿਖਰ ਉੱਤੇ”ਹੋਣਗੇ। “ਮੈਂ ਉਨ੍ਹਾਂ ਵਿੱਚ ਉਹ ਚਿੰਗਾਰੀ, ਸਿਆਸੀ ਚਤੁਰਾਈ ਦੇਖੀ ਹੈ। ਮੈਂ ਇੱਕ ਘੋੜਾ ਵੱਡੀਆਂ ਦੌੜਾਂ ਜਿੱਤਦਾ ਦੇਖਿਆ। ਦੇਵਾਂਗ ਦਾਨੀ, ਅਹਿਮਦਾਬਾਦ ਤੋਂ ਭਾਜਪਾ ਦੇ ਕਾਊਂਸਲਰ ਹਨ ਅਤੇ ਅਮਿਤ ਸ਼ਾਹ ਨੂੰ ਪਿਛਲੇ 30 ਤੋਂ ਜ਼ਿਆਦਾ ਸਾਲਾਂ ਤੋਂ ਜਾਣਦੇ ਹਨ। ਉਹ ਕਹਿੰਦੇ ਹਨ “ਉਨ੍ਹਾਂ ਦੀ ਪਹਿਲਤਾ ਹਮੇਸ਼ਾ ਹੁੰਦੀ ਹੈ ਕਿ ਉਮੀਦਵਾਰ ਜਿੱਤੇ। “ਉਹ ਭਾਵੇਂ ਪਿੰਡ ਦੀ ਪੰਚਾਇਤ ਹੋਵੇ ਤੇ ਭਾਵੇਂ ਪਾਰਲੀਮੈਂਟ, ਕੋਈ ਵੀ ਚੋਣ ਛੋਟੀ ਨਹੀਂ ਹੈ। ਅਮਿਤ ਭਾਈ ਲਈ ਹਰ ਜੰਗ ਜਿੱਤਣੀ ਜ਼ਰੂਰੀ ਹੈ। ਮੋਦੀ ਅਤੇ ਸ਼ਾਹ ਕਾਰਨ ਹੀ ਬੀਜੇਪੀ 1984 ਵਿੱਚ ਦੋ ਸੀਟਾਂ ਤੋਂ 2019 ਵਿੱਚ 303 ਸੀਟਾਂ ਤੱਕ ਪਹੁੰਚੀ ਹੈ।

**ਸ਼ੁਰੂਆਤ ਇੱਥੋਂ ਹੋਈ**

ਅਮਿਤ ਸ਼ਾਹ ਦਾ ਜਨਮ ਗੁਜਰਾਤ ਦੇ ਮਾਨਸਾ ਕਸਬੇ ਵਿੱਚ 22 ਅਕਤੂਬਰ 1964 ਨੂੰ ਹੋਇਆ। ਉਨ੍ਹਾਂ ਦੇ ਪਿਤਾ ਅਨਿਲ ਚੰਦਰਾ ਦਾ ਪੀਵੀਸੀ ਪਾਈਪਾਂ ਬਣਾਉਣ ਦਾ ਛੋਟਾ ਜਿਹਾ ਕਾਰੋਬਾਰ ਸੀ। ਜਦਕਿ ਉਨ੍ਹਾਂ ਦੀ ਮਾਂ ਕੁਸਮਬੇਨ ਇੱਕ ਘਰੇਲੂ ਸੁਆਣੀ ਸੀ। ਬਚਪਨ ਦੇ ਦੋਸਤ ਦਾਰਜੀ ਅਮਿਤ ਸ਼ਾਹ ਦੇ ਆਪਣੇ ਜੱਦੀ ਜ਼ਮੀਨ ਨਾਲ ਮਜ਼ਬੂਤ ਲਗਾਅ ਅਤੇ ਵਾਰ-ਵਾਰ ਮਾਨਸਾ ਆਉਂਦੇ ਰਹਿਣ ਬਾਰੇ ਦੱਸਦੇ ਹਨ। ਉਨ੍ਹਾਂ ਨੇ ਸਾਨੂੰ ਅਮਿਤ ਸ਼ਾਹ ਦਾ ਉਹ ਪੁਸ਼ਤੈਨੀ ਘਰ ਦਿਖਾਇਆ, ਜਿੱਥੇ ਉਨ੍ਹਾਂ ਦਾ ਬਚਪਨ ਬੀਤਿਆ ਸੀ। ਉਹ ਮੈਦਾਨ ਜਿੱਥੇ ਉਹ ਆਪਣੇ ਦੋਸਤਾਂ ਨਾਲ ਕੰਚੇ ਅਤੇ ਕ੍ਰਿਕਟ ਖੇਡਦੇ ਸਨ। 16 ਸਾਲ ਦੀ ਉਮਰ ਵਿੱਚ ਉਨ੍ਹਾਂ ਦੇ ਮਾਂ-ਬਾਪ ਇੱਥੋਂ ਗੁਜਰਾਤ ਦੇ ਸਭ ਤੋਂ ਵੱਡੇ ਸ਼ਹਿਰ ਅਹਿਮਦਾਬਾਦ ਚਲੇ ਗਏ। ਉਹ ਸਾਨੂੰ ਅਮਿਤ ਸ਼ਾਹ ਦੇ ਅੰਕਲ ਦੇ ਘਰ ਵਿੱਚੋਂ ਦੀ ਉਨ੍ਹਾਂ ਦੇ ਪੁਰਾਣੇ ਘਰ ਲੈ ਗਏ- ਜੋ ਨਾਲ ਹੀ - ਇੱਕ ਖੁੱਲ੍ਹਾ- ਮੱਧ ਵਰਗੀ ਘਰ ਸੀ। ਨਾਲ ਦੇ ਹੀ ਪ੍ਰਾਇਮਰੀ ਸਕੂਲ ਵਿੱਚ ਇਹ ਦੋਵੇਂ ਪੜ੍ਹੇ ਸਨ। ਇੱਥੇ ਜਮਾਤ ਕਮਰੇ, ਖੇਡ ਦਾ ਮੈਦਾਨ, ਖਿਡੌਣਿਆਂ ਵਾਲੀ ਅਲਮਾਰੀ ਅਤੇ ਘੰਟੀ ਪਿਛਲੇ 50 ਸਾਲਾਂ ਤੋਂ ਉਵੇਂ ਹੀ ਹੈ। ਦਾਰਜੀ ਦਾ ਕਹਿਣਾ ਹੈ ਕਿ ਬਚਪਨ ਵਿੱਚ ਅਮਿਤ ਸ਼ਾਹ ਬਹੁਤ ਕੋਮਲ ਭਾਵੀ ਸਨ, ਦੂਜੇ ਬੱਚੇ ਉਨ੍ਹਾਂ ਦੀ ਸਲੇਟ ਤੋੜ ਦਿੰਦੇ ਅਤੇ ਤੰਗ ਕਰਦੇ ਸਨ, ਖਾਣਾ ਚੋਰੀ ਕਰ ਲੈਂਦੇ ਸਨ। ਦੋਵਾਂ ਜਣਿਆਂ ਨੂੰ ਅਕਸਰ ਬੁਰੇ ਵਿਹਾਰ ਲਈ ਪ੍ਰਿੰਸੀਪਲ ਦੇ ਦਫ਼ਤਰ ਸੱਦਿਆ ਜਾਂਦਾ ਸੀ।

**‘ਇੱਕ ਗੱਡੀ ਦੇ ਦੋ ਪਹੀਏ’**

ਅਮਿਤ ਸ਼ਾਹ ਜਦੋਂ 1982 ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਵਿੱਚ ਸ਼ਾਮਲ ਹੋਏ ਤਾਂ ਉਨ੍ਹਾਂ ਦੀ ਮੁਲਾਕਾਤ ਨਰਿੰਦਰ ਮੋਦੀ ਨਾਲ ਅਹਿਮਦਬਾਦ ਵਿੱਚ ਹੋਈ। ਮੋਦੀ ਉਸ ਸਮੇਂ ਸੰਘ ਦੇ ਪ੍ਰਚਾਰਕ ਸਨ, ਉਨ੍ਹਾਂ ਨੇ ਸ਼ਾਹ ਨੂੰ ਭਾਜਪਾ ਦਾ ਵਿਦਿਆਰਥੀ ਵਿੰਗ ਏਬੀਵੀਪੀ ਜੁਆਇਨ ਕਰਨ ਦੀ ਸਲਾਹ ਦਿੱਤੀ। ਦੋਵਾਂ ਵਿੱਚ ਗੂੜ੍ਹੀ ਦੋਸਤੀ ਹੋ ਗਈ, ਜਿਵੇਂ-ਜਿਵੇਂ ਮੋਦੀ ਨੇ ਸਿਆਸੀ ਤਰੱਕੀ ਦੀਆਂ ਪੌੜੀਆਂ ਚੜ੍ਹੀਆਂ ਉਸੇ ਤਰ੍ਹਾਂ ਸ਼ਾਹ ਵੀ ਤਰੱਕੀ ਕਰਦੇ ਰਹੇ। ਹਮਾਇਤੀਆਂ ਮੁਤਾਬਕ ਦੋਵੇਂ ਇੱਕ ਗੱਡੀ ਦੇ ਦੋ ਚੱਕਿਆਂ ਵਰਗੇ ਹਨ। ਲੋਕ ਉਨ੍ਹਾਂ ਦੋਵਾਂ ਨੂੰ ਰਾਮ-ਲਛਮਣ ਦੀ ਜੋੜੀ ਵੀ ਕਹਿੰਦੇ ਹਨ। ਸੀਨੀਅਰ ਪੱਤਰਕਾਰ ਕਿੰਗਸ਼ੁਕ ਨਾਗ, 2000 ਦੇ ਦਹਾਕੇ ਦੇ ਸ਼ੁਰੂਆਤੀ ਸਮੇਂ ਤੋਂ ਗੁਜਰਾਤ ਵਿੱਚ ਟਾਈਮਜ਼ ਆਫ ਇੰਡੀਆ ਦੇ ਸੰਪਾਦਕ ਹਨ। ਉਹ ਕਹਿੰਦੇ ਹਨ ਦੋਵੇਂ ਇੱਕ ਦੂਜੇ ਦੇ ਪੂਰਕ ਸਨ। ਨਰਿੰਦਰ ਮੋਦੀ ਨੂੰ ਜਨਤਕ ਪ੍ਰਸ਼ੰਸਾ ਵਿੱਚ ਖੁਸ਼ੀ ਮਿਲਦੀ ਸੀ, ਅਮਿਤ ਸ਼ਾਹ ਇੱਕ ਸ਼ਰਮੀਲੇ ਵਿਅਕਤੀ ਸਨ ਜੋ ਚਕਾਚੌਂਧ ਤੋਂ ਦੂਰ ਰਹਿੰਦੇ ਸਨ ਉਨ੍ਹਾਂ ਨੇ ਪਰਦੇ ਦੇ ਪਿੱਛੇ ਰਹਿ ਕੇ ਕੰਮ ਕੀਤਾ, ਦੋਸਤ ਅਤੇ ਹਮਾਇਤੀ ਬਣਾਏ, ਅਤੇ ਚੋਣਾਂ ਵਿੱਚ ਵਿਰੋਧੀਆਂ ਨੂੰ ਮਾਤ ਦਿੱਤੀ। ਨਾਗ ਕਹਿੰਦੇ ਹਨ,“ਸ਼ਾਹ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਉਹ ਮੋਦੀ ਲਈ ਹਰ ਕੰਮ ਕਰ ਸਕਦੇ ਹਨ। ਉਹ ਅਜਿਹੇ ਬਹੁਤ ਸਾਰੇ ਕੰਮ ਕਰ ਸਕਦੇ ਹਨ ਜੋ ਮੋਦੀ ਨਹੀਂ ਕਰ ਸਕਦੇ। ਉਹ ਮੋਦੀ ਲਈ ਉਪਯੋਗੀ ਹਨ। ਉਹ ਇੱਕ ਰੋਡ ਰੋਲਰ ਹਨ ਜੋ ਉਨ੍ਹਾਂ ਦੇ ਰਾਹ ਦੀਆਂ ਰੁਕਾਵਟਾਂ ਨੂੰ ਪੱਧਰਾ ਕਰਦਾ ਹੈ। ਉਨ੍ਹਾਂ ਦੇ ਕਈ ਆਲੋਚਕ ਉਨ੍ਹਾਂ ਬਾਰੇ ਖੁੱਲ੍ਹ ਕੇ ਗੱਲ ਕਰਨ ਲਈ ਤਿਆਰ ਨਹੀਂ ਸਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਅਮਿਤ ਸ਼ਾਹ ਤੋਂ ਸੱਚੀਂ ਡਰ ਲਗਦਾ ਹੈ। ਕਈ ਅਫਸਰ ਸ਼ਾਹਾਂ ਨੇ ਕਿਹਾ ਕਿ ਉਨ੍ਹਾਂ ਦੀ “ਭਿਆਨਕ ਘੂਰੀ, ਪੱਥਰੀਲੀਆਂ ਅੱਖਾਂ ਅਤੇ ਭਾਵ ਰਹਿਤ ਚਿਹਰੇ ਤੋਂ”ਘਬਰਾ ਜਾਂਦੇ ਹਨ। ਬੀਤੇ ਸਾਲਾਂ ਦੌਰਾਨ, ਅਮਿਤ ਸ਼ਾਹ ਉੱਪਰ ਵੀ ਦੰਗਿਆਂ ਵਿੱਚ ਭੂਮਿਕਾ ਦੇ ਇਲਜ਼ਾਮ ਲਗਦੇ ਰਹੇ ਹਨ। ਹਾਲਾਂਕਿ ਇਨ੍ਹਾਂ ਇਲਜ਼ਾਮਾਂ ਤੋਂ ਜਿਨ੍ਹਾਂ ਬਾਰੇ ਉਹ ਲਗਤਾਰ ਇਨਕਾਰੀ ਰਹੇ ਹਨ, ਕਦੇ ਵੀ ਸਹੀ ਤਰ੍ਹਾਂ ਜਾਂਚ ਨਹੀਂ ਹੋਈ ਹੈ। ਸੀਨੀਅਰ ਪੱਤਰਕਾਰ, ਰਾਜੀਵ ਸ਼ਾਹ ਜਿਨ੍ਹਾਂ ਦਾ ਸੁਰਖੇਜ ਵਿੱਚ ਘਰ ਸੀ ਉਨ੍ਹਾਂ ਨੇ ਟਾਈਮਜ਼ ਆਫ਼ ਇੰਡੀਆ ਵਿੱਚ ਲਿਖਿਆ ਕਿ ਜਦੋਂ ਉਨ੍ਹਾਂ ਨੇ “ਦੰਗਿਆਂ ਤੋਂ ਬਾਅਦ ਇਲਾਕੇ ਵਿੱਚ ਸ਼ਾਂਤੀ ਬਹਾਲੀ ਦੀ ਦਿਸ਼ਾ ਵਿੱਚ ਕੰਮ ਕਰਨ ਲਈ ਕਿਹਾ ਤਾਂ ਸ਼ਾਹ ਨੇ ਪੁੱਛਿਆ ਕਿ ਉਨ੍ਹਾਂ ਦਾ ਘਰ ਹਿੰਦੂ ਇਲਾਕੇ ਵਿੱਚ ਸੀ ਜਾਂ ਮੁਸਲਿਮ ਇਲਾਕੇ ਵਿੱਚ? “ਜਦੋਂ ਮੈਂ ਉਨ੍ਹਾਂ ਨੂੰ ਆਪਣੀ ਥਾਂ ਦੱਸੀ ਤਾਂ ਉਨ੍ਹਾਂ ਨੇ ਜਵਾਬ ਦਿੱਤਾ, ਘਬਰਾਓ ਨਾ, ਤੁਹਾਨੂੰ ਕੁਝ ਨਹੀਂ ਹੋਵੇਗਾ।

## ਗੁਜਰਾਤ ਹਾਸਲ ਕੀਤੇ ਸਿਆਸੀ ਗੁਰ

ਅਮਿਤ ਸ਼ਾਹ ਨੇ ਸਿਆਸਤ ਆਪਣੇ ਗ੍ਰਹਿ ਸੂਬੇ ਗੁਜਰਾਤ ਵਿੱਚ ਸਿੱਖੀ ਅਤੇ ਆਉਣ ਵਾਲੇ ਸਾਲਾਂ ਦੌਰਾਨ ਆਪਣੇ-ਆਪ ਨੂੰ ਮੋਦੀ ਦੇ ਸੱਜੇ ਹੱਥ ਵਜੋਂ ਸਥਾਪਿਤ ਕਰ ਲਿਆ। ਆਰਡੀ ਦੇਸਾਈ, ਅਮਿਤ ਸ਼ਾਹ ਦੇ ਨਜ਼ਦੀਕੀ ਹਨ ਅਤੇ ਉਨ੍ਹਾਂ ਨੂੰ 1987 ਤੋਂ ਜਾਣਦੇ ਹਨ। ਉਨ੍ਹਾਂ ਨੇ ਦੱਸਿਆ, “ਉਹ ਪ੍ਰਤਿਭਾ ਨੂੰ ਪਛਾਨਣਾ ਜਾਣਦੇ ਹਨ ਅਤੇ ਸਿਆਸਤ ਵਿੱਚ ਸੰਭਾਵਨਾ ਵਾਲੇ ਨੌਜਵਾਨਾਂ ਦੀ ਹਮਾਇਤ ਕਰਦੇ ਸਨ। ਹਾਲਾਂਕਿ ਸਿਆਸਤ ਜੁਆਇਨ ਕਰਨ ਤੋਂ ਲਗਭਗ ਦਸ ਸਾਲ ਤੱਕ ਉਨ੍ਹਾਂ ਨੇ ਕੋਈ ਚੋਣ ਨਹੀਂ ਲੜੀ। ਉਹ ਕਹਿੰਦੇ ਸਨ ’ਮੈਂ ਪਹਿਲਾਂ ਸੰਗਠਨ ਬਣਾ ਰਿਹਾ ਹਾਂ।’ ਉਨ੍ਹਾਂ ਦੇ ਸਾਰੇ ਸ਼ੁਰੂਆਤੀ ਸਾਥੀ ਮੰਨਦੇ ਹਨ ਕਿ ਸ਼ਾਹ ਹਮੇਸ਼ਾ ਲੰਬੀ ਖੇਡ ਖੇਡਦੇ ਹਨ। ਉਹ ਪਹਿਲੀ ਵਾਰ 1997 ਵਿੱਚ ਗੁਜਰਾਤ ਵਿਧਾਨ ਸਭਾ ਲਈ ਚੁਣੇ ਗਏ ਜਦੋਂ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਸਰਖੇਜ ਹਲਕੇ ਤੋਂ ਉਮੀਦਵਾਰ ਬਣਾਇਆ। ਉਹ ਇਸ ਹਲਕੇ ਤੋਂ 1998, 2002 ਜਿੱਤਦੇ ਰਹੇ ਅਤੇ ਸਾਲ 2008 ਵਿੱਚ ਨਜ਼ਦੀਕੀ ਹਲਕੇ ਨਾਰਨਪੁਰਾ ਚਲੇ ਗਏ। ਉਨ੍ਹਾਂ ਨੇ 2014 ਦੀਆਂ ਆਮ ਚੋਣਾਂ ਨਹੀਂ ਲੜੀਆਂ ਪਰ 2019 ਵਿੱਚ ਗਾਂਧੀ ਨਗਰ ਤੋਂ ਸਾਂਸਦ ਬਣੇ, ਇਸ ਵਾਰ ਵੀ ਉਹ ਉੱਥੋਂ ਹੀ ਮੈਦਾਨ ਵਿੱਚ ਹਨ। ਫਰਵਰੀ 2002 ਵਿੱਚ ਗੁਜਰਾਤ ਫਿਰਕੂ ਦੰਗਿਆਂ ਦੀ ਅੱਗ ਵਿੱਚ ਸੜ ਰਿਹਾ ਸੀ। ਇਸ ਤੋਂ ਬਾਅਦ ਦੇ ਸਾਲਾਂ ਵਿੱਚ ਉਸ ਸੁਆਹ ਉੱਪਰ ਮੋਦੀ-ਸ਼ਾਹ ਦੀ ਜੋੜੀ ਨੇ ਵਿਕਾਸ ਕੀਤਾ। ਇਨ੍ਹਾਂ ਦੰਗਿਆਂ ਵਿੱਚ 1000 ਤੋਂ ਜ਼ਿਆਦਾ ਜਾਨਾਂ ਗਈਆਂ ਸਨ ਅਤੇ ਜ਼ਿਆਦਾਤਰ ਮਰਨ ਵਾਲੇ ਮੁਸਲਮਾਨ ਸਨ। ਨਰਿੰਦਰ ਮੋਦੀ ਉਸ ਸਮੇਂ ਗੁਜਰਾਤ ਦੇ ਮੁੱਖ ਮੰਤਰੀ ਸਨ। ਦੰਗੇ ਨੂੰ ਰੋਕਣ ਲਈ ਪੂਰੀ ਕੋਸ਼ਿਸ਼ ਨਾ ਕਰਨ ਲਈ ਉਨ੍ਹਾਂ ਦੀ ਆਲੋਚਨਾ ਹੋਈ। ਉਨ੍ਹਾਂ ਨੇ ਆਪਣੇ ਉੱਪਰ ਲੱਗੇ ਇਲਜ਼ਾਮਾਂ ਤੋਂ ਇਨਕਾਰ ਕੀਤਾ ਅਤੇ ਬਾਅਦ ਵਿੱਚ ਅਦਾਲਤਾਂ ਨੇ ਵੀ ਉਨ੍ਹਾਂ ਨੂੰ ਦੋਸ਼ ਮੁਕਤ ਕਰ ਦਿੱਤਾ। ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਮੋਦੀ ਨੂੰ ਸਲਾਹ ਦਿੱਤੀ ਕਿ ਇਸ ਸਥਿਤੀ ਵਿੱਚ ÷ਉਹ ਆਪਣਾ ਰਾਜ ਧਰਮ ਨਿਭਾਉਣ। ਦੰਗਿਆਂ ਤੋਂ ਕੁਝ ਮਹੀਨਿਆਂ ਬਾਅਦ ਹੀ ਜਦੋਂ ਧਰੁਵੀਕਰਨ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਏ ਗੁਜਰਾਤ ਵਿੱਚ ਭਾਜਪਾ ਵਿਧਾਨ ਸਭਾ ਚੋਣਾਂ ਜਿੱਤੀ ਤਾਂ ਅਮਿਤ ਸ਼ਾਹ ਨੂੰ ਮੰਤਰੀ ਦਾ ਰੈਂਕ ਦਿੱਤਾ ਗਿਆ ਅਤੇ ਕਈ ਅਹਿਮ ਵਿਭਾਗ ਉਨ੍ਹਾਂ ਦੇ ਹਵਾਲੇ ਕੀਤੇ ਗਏ। ਸੁਪਰੀਮ ਕੋਰਟ ਨੇ ਢਿੱਲੀ ਜਾਂਚ ਲਈ ਸੂਬੇ ਦੀ ਪੁਲਿਸ ਅਤੇ ਸਰਕਾਰੀ ਪੱਖ ਨੂੰ ਫਟਕਾਰ ਲਾਈ ਜੋ ਕਿ ਸੂਬੇ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਧੀਨ ਸਨ। ਅਦਾਲਤ ਨੇ ਇਸ ਨੂੰ ’ਨਿਆਂ ਦਾ ਗਰਭਪਾਤ’ ਦੱਸਿਆ ਅਤੇ ਇਸ ਕੇਸ ਨੂੰ ਗੁਜਰਾਤ ਤੋਂ ਬਾਹਰ ਤਬਦੀਲ ਕਰ ਦਿੱਤਾ। ਗੁਜਰਾਤ ਸਰਕਾਰ ਨੇ ਅਦਾਲਤ ਵਿੱਚ ਮੰਨਿਆ ਕਿ “ਕੇਸ ਦਰਜ ਕਰਨ ਅਤੇ ਸਰਕਾਰੀ ਪੱਖ ਵੱਲੋਂ ਗਵਾਹਾਂ ਦੇ ਸਬੂਤ ਰਿਕਾਰਡ ਕਰਨ ਵਿੱਚ ਕੁਤਾਹੀਆਂ ਹੋਈਆਂ ਹਨ।

# ਪੋਲਿੰਗ ਸਟੇਸ਼ਨ ਕਿਵੇਂ ਚੁਣਿਆ ਜਾਂਦਾ ਹੈ, ਵੋਟ ਕਿਵੇਂ ਪੈਂਦੀ ਹੈ ?



## ਪੋਲਿੰਗ ਬੂਥ ਜਾਂ ਪੋਲਿੰਗ ਕੇਂਦਰ ਨੂੰ ਕਿਵੇਂ ਲੱਭੀਏ

ਕਈ ਵਾਰ ਵੋਟਰ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸਦਾ ਪੋਲਿੰਗ ਸਟੇਸ਼ਨ ਕਿੱਥੇ ਹੈ। ਪੋਲਿੰਗ ਸਟੇਸ਼ਨ ਲੱਭਣ ਦੇ ਤਿੰਨ ਮੁੱਖ ਤਰੀਕੇ ਹਨ।ਜੋ ਲੋਕ ਸਮਾਰਟਫ਼ੋਨ ਦੀ ਵਰਤੋਂ ਕਰਦੇ ਹਨ, ਉਹ ਪਲੇ ਸਟੋਰ ਤੋਂ ਵੋਟਰ ਹੈਲਪਲਾਈਨ ਐਪ ਡਾਊਨਲੋਡ ਕਰ ਸਕਦੇ ਹਨ। ਇਸ ਐਪ ਵਿੱਚ, ਤੁਸੀਂ ਆਪਣੇ ਪੋਲਿੰਗ ਸਟੇਸ਼ਨ ਨੂੰ ਜਾਣੋ ਸੈਕਸ਼ਨ ਵਿੱਚ ਆਪਣਾ ਵੇਰਵਾ ਦਰਜ ਕਰਕੇ ਆਪਣਾ ਪੋਲਿੰਗ ਸਟੇਸ਼ਨ ਲੱਭ ਸਕਦੇ ਹੋ।ਤੁਸੀਂ ਚੋਣ ਕਮਿਸ਼ਨ ਦੀ ਵੈੱਬਸਾਈਟ ’ਤੇ ਵੀ ਆਪਣਾ ਪੋਲਿੰਗ ਕੇਂਦਰ ਲੱਭ ਸਕਦੇ ਹੋ। ਤੁਸੀਂ ਵੈੱਬਸਾਈਟ ’ਤੇ ਆਪਣੇ ਪੋਲਿੰਗ ਸਟੇਸ਼ਨ ਨੂੰ ਤਿੰਨ ਤਰੀਕਿਆਂ ਨਾਲ ਲੱਭ ਸਕਦੇ ਹੋ। ਪੋਲਿੰਗ ਸਟੇਸ਼ਨ ਦਾ ਪਤਾ ਕਰਨ ਦਾ ਇੱਕ ਹੋਰ ਸਾਧਨ ਵੋਟਿੰਗ ਤੋਂ ਪਹਿਲਾਂ ਬੀ.ਐੱਲ.ਓ ਦੁਆਰਾ ਦਿੱਤੀਆਂ ਵੋਟਰ ਪਰਚੀਆਂ ਹਨ। ਉਸ ਪਰਚੀ ਉੱਤੇ ਵੋਟਰ ਦੀ ਜਾਣਕਾਰੀ ਦੇ ਨਾਲ-ਨਾਲ ਪੋਲਿੰਗ ਕੇਂਦਰ ਅਤੇ ਬੂਥ ਨੰਬਰ ਤੱਕ ਦੀ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਤੁਸੀਂ ਇਸ ਵੋਟਰ ਸਲਿੱਪ ਤੋਂ ਆਪਣੇ ਪੋਲਿੰਗ ਸਟੇਸ਼ਨ ਦਾ ਵੀ ਪਤਾ ਲਾ ਸਕਦੇ ਹੋ। ਦੇਸ ਵਿੱਚ ਕਿੰਨੇ ਪੋਲਿੰਗ ਸਟੇਸ਼ਨ ਹਨ ਅਤੇ ਪੋਲਿੰਗ ਬੂਥਾਂ ਦੇ ਖੁੱਲਣ ਦਾ ਸਮਾਂ ਕੀ ਹੈ ? ਚੋਣ ਕਮਿਸ਼ਨ ਅਨੁਸਾਰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕੁੱਲ 10,37,848 ਪੋਲਿੰਗ ਸਟੇਸ਼ਨ ਬਣਾਏ ਗਏ ਸਨ।

ਵੋਟਰਾਂ ਲਈ ਸਵੇਰੇ ਸੱਤ ਵਜੇ ਪੋਲਿੰਗ ਸਟੇਸ਼ਨ ਖੋਲ੍ਹ ਦਿੱਤੇ ਜਾਂਦੇ ਹਨ। ਵੋਟਿੰਗ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੁੰਦੀ ਹੈ। ਵੋਟਿੰਗ ਦਾ ਸਮਾਂ ਖਤਮ ਹੋਣ ਸਮੇਂ ਜਿੰਨੇ ਵੀ ਵੋਟਰ ਕਤਾਰ ਵਿੱਚ ਖੜ੍ਹੇ ਹੋਣ ਸਾਰਿਆਂ ਨੂੰ ਵੋਟ ਪਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਵਿੱਚ ਭਾਵਂ ਜਿੰਨਾ ਵੀ ਸਮਾਂ ਲੱਗੈ, ਬੂਥ ਉਦੋਂ ਤੱਕ ਖੁੱਲ੍ਹਾ ਰਹਿੰਦਾ ਹੈ ਜਦੋਂ ਤੱਕ ਕਤਾਰ ਵਿੱਚ ਆਖਰੀ ਵੋਟਰ ਆਪਣੀ ਵੋਟ ਨਹੀਂ ਪਾਉਂਦਾ।

ਪੂਰੀ ਚੋਣ ਪ੍ਰਕਿਰਿਆ ਵਿੱਚ ਵੋਟਿੰਗ ਦਾ ਦਿਨ ਸਭ ਤੋਂ ਮਹੱਤਵਪੂਰਨ ਹੁੰਦਾ ਹੈ। ਇਸ ਦਿਨ ਲੋਕ ਪੋਲਿੰਗ ਸਟੇਸ਼ਨਾਂ ’ਤੇ ਜਾਂਦੇ ਹਨ ਅਤੇ ਆਪਣੀ ਪਸੰਦ ਦੇ ਨੁਮਾਇੰਦੇ ਨੂੰ ਚੁਣਨ ਲਈ ਆਪਣੀ ਵੋਟ ਦੀ ਵਰਤੋਂ ਕਰਦੇ ਹਨ। ਆਖ਼ਰ ਇਹ ਪੋਲਿੰਗ ਸਟੇਸ਼ਨ ਕਿਵੇਂ ਬਣੇ ਹਨ ਅਤੇ ਇਨ੍ਹਾਂ ਨਾਲ ਸਬੰਧਤ ਵੱਖ-ਵੱਖ ਪ੍ਰਕਿਰਿਆਵਾਂ ਕੀ ਹਨ। ਚਲੋ ਅਸੀ ਜਾਣੀਐ-

**ਪੋਲਿੰਗ ਸਟੇਸ਼ਨ ਕੀ ਹੈ ?**

ਪੋਲਿੰਗ ਸਟੇਸ਼ਨ ਜਾਂ ਪੋਲਿੰਗ ਸੈਂਟਰ ਇੱਕ ਇਮਾਰਤ ਜਾਂ ਵਿਹੜਾ ਹੁੰਦਾ ਹੈ ਜਿੱਥੇ ਵੋਟਿੰਗ ਦੀਆਂ ਸੁਵਿਧਾਵਾਂ ਉਪਲਬਧ ਹੁੰਦੀਆਂ ਹਨ। ਇੱਕ ਪੋਲਿੰਗ ਸਟੇਸ਼ਨ ਵਿੱਚ ਕਈ ਪੋਲਿੰਗ ਬੂਥ ਹੋ ਸਕਦੇ ਹਨ।ਪੋਲਿੰਗ ਬੂਥ ਉਹ ਥਾਂ ਹੈ ਜਿੱਥੇ ਵੋਟਰ ਆਪਣੀ ਵੋਟ ਪਾਉਂਦੇ ਹਨ। ਇਹ ਕਮਰੇ ਦੇ ਅੰਦਰ ਇੱਕ ਛੋਟਾ ਜਿਹਾ ਖੂੰਜਾ ਹੈ। ਇੱਥੇ ਵੋਟਰ ਆਪਣੀ ਵੋਟ ਈਵੀਐਮ ਮਸ਼ੀਨ ਜਾਂ ਬੈਲਟ ਪੇਪਰ ਰਾਹੀਂ ਪਾਉਂਦੇ ਹਨ। ਇਸ ਨੂੰ ਤਿੰਨ ਪਾਸਿਆਂ ਤੋਂ ਢੱਕ ਕੇ ਰੱਖਿਆ ਜਾਂਦਾ ਹੈ। ਵੋਟਰ ਦੇ ਘਰ ਤੋਂ ਪੋਲਿੰਗ ਬੂਥ ਦੀ ਵੱਧੋ-ਵੱਧ ਦੂਰੀ

1951 ਦੇ ਲੋਕ ਨੁਮਾਇੰਦਗੀ ਕਾਨੂੰਨ ਵਿੱਚ ਪੋਲਿੰਗ ਸਟੇਸ਼ਨਾਂ ਸਬੰਧੀ ਵਿਵਸਥਾਵਾਂ ਕੀਤੀਆਂ ਗਈਆਂ ਹਨ। ਜਨਸੰਖਿਆ ਵਿਚ ਤਬਦੀਲੀ ਆਉਣ ’ਤੇ ਚੋਣ ਕਮਿਸ਼ਨ ਵੀ ਸਮੇਂ-ਸਮੇਂ ’ਤੇ ਨਵੇਂ ਦਿਸ਼ਾ-ਨਿਰਦੇਸ਼ ਵੀ ਜਾਰੀ ਕਰਦਾ ਹੈ। 2020 ਵਿੱਚ ਬਣੇ ਨਿਯਮਾਂ ਅਨੁਸਾਰ 1500 ਤੋਂ ਵੱਧ ਵੋਟਰਾਂ ਲਈ ਇੱਕ ਪੋਲਿੰਗ ਸਟੇਸ਼ਨ ਹੋਣਾ ਚਾਹੀਦਾ ਹੈ। ਜਦਕਿ ਕਿਸੇ ਪੋਲਿੰਗ ਬੂਥ ਉੱਤੇ 1000 ਤੋਂ ਵੱਧ ਵੋਟਰ ਨਹੀਂ ਹੋਣੇ ਚਾਹੀਦੇ। ਪੋਲਿੰਗ ਸਟੇਸ਼ਨ ਬਣਾਉਣ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਂਦਾ ਹੈ ਕਿ ਕਿਸੇ ਵੀ ਹਲਕੇ ਦੇ ਵੋਟਰ ਨੂੰ ਆਪਣੀ ਵੋਟ ਪਾਉਣ ਲਈ ਆਪਣੇ ਘਰ ਤੋਂ ਦੋ ਕਿਲੋਮੀਟਰ ਤੋਂ ਵੱਧ ਦੂਰ ਨਾ ਜਾਣਾ ਪਵੇ। ਇਹੀ ਕਾਰਨ ਹੈ ਕਿ ਦਿੱਲੀ ਅਤੇ ਮੁੰਬਈ ਵਰਗੇ ਮਹਾਨਗਰਾਂ ਜਾਂ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਪੋਲਿੰਗ ਸਟੇਸ਼ਨ ਵੱਡੀ ਗਿਣਤੀ ਵਿੱਚ ਨਜ਼ਰ ਆਉਂਦੇ ਹਨ। ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ ਮੁਕਾਬਲਤਨ ਘੱਟ ਹੈ।

**ਪੋਲਿੰਗ ਸਟੇਸ਼ਨ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ ?**

ਇਹ ਆਮ ਤੌਰ ’ਤੇ ਇਹ ਸਰਕਾਰੀ ਜਾਂ ਅਰਧ-ਸਰਕਾਰੀ ਦਫ਼ਤਰ ਦੀਆਂ ਇਮਾਰਤਾਂ ਹੁੰਦੀਆਂ ਹਨ। ਇਨ੍ਹਾਂ ਇਮਾਰਤਾਂ ਦੀ ਚੋਣ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਜਾਂਦੀ ਹੈ। ਸਕੂਲਾਂ ਅਤੇ ਕਾਲਜਾਂ ਦੀਆਂ ਇਮਾਰਤਾਂ ਵਿੱਚ ਕੁਰਸੀਆਂ-ਮੇਜ਼ਾਂ ਦੀ ਸਹੂਲਤ ਪਹਿਲਾਂ ਹੀ ਮੌਜੂਦ ਹੋਣ ਕਾਰਨ ਉੱਥੇ ਪੋਲਿੰਗ ਬੂਥ ਆਸਾਨੀ ਨਾਲ ਬਣਾਏ ਜਾਂਦੇ ਹਨ। ਕਈ ਵਾਰ ਪੋਲਿੰਗ ਸਟੇਸ਼ਨ ਬਣਾਉਣ ਲਈ ਪੇਂਡੂ ਭਾਈਚਾਰਕ ਇਮਾਰਤਾਂ, ਪੰਚਾਇਤੀ ਇਮਾਰਤਾਂ ਜਾਂ ਹਾਲਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਨਿਯਮਾਂ ਅਨੁਸਾਰ ਪੁਲਿਸ ਸਟੇਸ਼ਨ, ਹਸਪਤਾਲ, ਮੰਦਰਾਂ ਅਤੇ ਹੋਰ ਧਾਰਮਿਕ ਸਥਾਨਾਂ ’ਤੇ ਪੋਲਿੰਗ ਸਟੇਸ਼ਨ ਨਹੀਂ ਬਣਾਏ ਜਾ ਸਕਦੇ। ਪੋਲਿੰਗ ਸਟੇਸ਼ਨ ਤੋਂ 200 ਮੀਟਰ ਦੀ ਦੂਰੀ ਦੇ ਅੰਦਰ ਕਿਸੇ ਵੀ ਸਿਆਸੀ ਪਾਰਟੀ ਦਾ ਕੋਈ ਦਫ਼ਤਰ ਜਾਂ ਅਸਥਾਈ ਦਫ਼ਤਰ ਨਹੀਂ ਹੋਣਾ ਚਾਹੀਦਾ। ਸਰਕਾਰੀ ਇਮਾਰਤ ਦੀ ਅਣਹੋਂਦ ਵਿੱਚ, ਪੋਲਿੰਗ ਸਟੇਸ਼ਨ ਨਿੱਜੀ ਇਮਾਰਤਾਂ ਵਿੱਚ ਜਾਂ ਅਸਥਾਈ ਤੌਰ ’ਤੇ ਬਣਾਏ ਗਏ ਸ਼ੈੱਡਾਂ ਵਿੱਚ ਬਣਾਏ ਜਾ ਸਕਦੇ ਹਨ, ਪਰ ਆਮ ਤੌਰ ’ਤੇ ਇਸ ਤੋਂ ਪਰਹੇਜ਼ ਕੀਤਾ ਜਾਂਦਾ ਹੈ। ਬਜ਼ੁਰਗ ਅਤੇ ਅਪਾਹਜ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਸਟੇਸ਼ਨ ਜ਼ਮੀਨੀ ਮੰਜ਼ਿਲ ’ਤੇ ਹੀ ਹੋਣੇ ਚਾਹੀਦੇ ਹਨ। ਅਜਿਹੇ ਵੋਟਰਾਂ ਲਈ ਰੈਂਪ ਦਾ ਪ੍ਰਬੰਧ ਵੀ ਲਾਜ਼ਮੀ ਕੀਤਾ ਗਿਆ ਹੈ।

**ਪੋਲਿੰਗ ਸਟੇਸ਼ਨ ਦੀ ਇਮਾਰਤ ਦਾ ਫੈਸਲਾ ਕੌਣ ਕਰਦਾ ਹੈ ?**

ਪੋਲਿੰਗ ਸਟੇਸ਼ਨ ਬਾਰੇ ਫੈਸਲਾ ਆਮ ਤੌਰ ’ਤੇ ਜ਼ਿਲ੍ਹਾ ਮੈਜਿਸਟਰੇਟ ਜਾਂ ਜ਼ਿਲ੍ਹਾ ਅਧਿਕਾਰੀ ਕਰਦੇ ਹਨ। ਜ਼ਿਲ੍ਹਾ ਮੈਜਿਸਟਰੇਟ ਜ਼ਿਲ੍ਹਾ ਚੋਣ ਅਫ਼ਸਰ ਵੀ ਹੁੰਦਾ ਹੈ। ਹਾਲਾਂਕਿ ਇਸ ਦੇ ਲਈ ਚੋਣ ਕਮਿਸ਼ਨ ਤੋਂ ਇਜਾਜ਼ਤ ਲੈਣੀ ਵੀ ਲਾਜ਼ਮੀ ਹੈ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਇੱਥੇ ਕੀਤੀ ਗਈ ਵੋਟਿੰਗ ਨੂੰ ਜਾਇਜ਼ ਨਹੀਂ ਮੰਨਿਆ ਜਾਵੇਗਾ। ਕਈ ਵਾਰ ਪੋਲਿੰਗ ਸਟੇਸ਼ਨ ਜੰਗਲਾਂ ਅਤੇ ਪਹਾੜਾਂ ਵਿੱਚ ਵੀ ਬਣਾਏ ਜਾਂਦੇ ਹਨ ਤਾਂ ਜੋ ਉੱਥੇ ਰਹਿਣ ਵਾਲੇ ਵੋਟਰ ਆਪਣੀ ਵੋਟ ਦੀ ਵਰਤੋਂ ਕਰ ਸਕਣ। ਚੋਣਾਂ ਕਰਵਾਉਣ ਲਈ ਅਧਿਕਾਰੀਆਂ ਨੂੰ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਪਹੁੰਚਣਾ ਪੈਂਦਾ ਹੈ। ਇਨ੍ਹਾਂ ਖੇਤਰਾਂ ਵਿੱਚ ਜਾਣ ਤੋਂ ਪਹਿਲਾਂ ਚੋਣਾਂ ਨਾਲ ਜੁੜੇ ਅਫ਼ਸਰਾਂ ਤੇ ਕਰਮਚਾਰੀਆਂ ਨੂੰ ਕਾਫੀ ਤਿਆਰੀ ਕਰਨੀ ਪੈਂਦੀ ਹੈ। ਕੁਝ ਅਫ਼ਸਰਾਂ ਤੇ ਕਰਮਚਾਰੀਆਂ ਨੂੰ ਚੋਣਾਂ ਵਾਲੇ ਦਿਨ ਤੋਂ ਕਈ ਦਿਨ ਪਹਿਲਾਂ ਹੀ ਪੋਲਿੰਗ ਸਟੇਸ਼ਨਾਂ ਉੱਤੇ ਪਹੁੰਚਣਾ ਪੈਂਦਾ ਹੈ। ਭਾਰਤ ਵਿੱਚ ਚੋਣਾਂ ਕਰਵਾਉਣ ਲਈ ਇੱਕ ਕਮਿਸ਼ਨ ਹੈ, ਪਰ ਉਸ ਕੋਲ ਚੋਣਾਂ ਕਰਵਾਉਣ ਲਈ ਸਟਾਫ਼ ਨਹੀਂ ਹੈ। ਇਸ ਦੇ ਲਈ ਚੋਣ ਕਮਿਸ਼ਨ ਕੇਂਦਰ ਅਤੇ ਸੂਬਾ ਸਰਕਾਰਾਂ ’ਤੇ ਨਿਰਭਰ ਕਰਦਾ ਹੈ। ਕੇਂਦਰ ਅਤੇ ਰਾਜ ਸਰਕਾਰ ਦੇ ਕਰਮਚਾਰੀ, ਪੁਲਿਸ ਅਤੇ ਅਰਧ ਸੈਨਿਕ ਬਲ ਚੋਣ ਡਿਊਟੀ ’ਤੇ ਤਾਇਨਾਤ ਹਨ।

**ਬੀਐੱਲਓ ਦੀਆਂ ਕੀ ਜ਼ਿੰਮੇਵਾਰੀਆਂ ਹਨ ?**

ਬੂਥ ਲੈਵਲ ਅਫਸਰ ਜਾਂ ਬੀ.ਐਲ.ਓ ਚੋਣ ਮਸ਼ੀਨਰੀ ਦਾ ਇੱਕ ਬਹੁਤ ਮਹੱਤਵਪੂਰਨ ਕਰਮਚਾਰੀ ਹੈ। ਬੀਐੱਲਓ ਚੋਣ ਕਮਿਸ਼ਨ ਅਤੇ ਵੋਟਰਾਂ ਵਿਚਕਾਰ ਪੁਲ ਦਾ ਕੰਮ ਕਰਦਾ ਹੈ। ਉਹ ਚੋਣ ਕਮਿਸ਼ਨ ਲਈ ਕੰਮ ਕਰਨ ਵਾਲਾ ਜ਼ਮੀਨੀ ਪੱਧਰ ਦਾ ਮੁਲਾਜ਼ਮ ਹੈ। ਬੀਐੱਲਓ ਨੂੰ ਇਲਾਕੇ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਅਤੇ ਉਹ ਉਸ ਇਲਾਕੇ ਦੇ ਵੋਟਰਾਂ ਨਾਲ ਸਬੰਧਤ ਅਹਿਮ ਕੰਮ ਕਰਦਾ ਹੈ। ਉਹ ਵੋਟਰਾਂ ਨਾਲ ਸਬੰਧਤ ਜਾਣਕਾਰੀ ਇਕੱਠੀ ਕਰਨ, ਉਨ੍ਹਾਂ ਦੀ ਵੈਰੀਫਿਕੇਸ਼ਨ, ਵੋਟਰ ਸੂਚੀ ਵਿੱਚ ਨਾਮ ਜੋੜਨ ਲਈ ਵੋਟਰ ਦੇ ਫਾਰਮ ਭਰਵਾਉਣ, ਵੋਟਰ ਸੂਚੀ ਸਬੰਧੀ ਇਤਰਾਜ਼ਾਂ ਦੀ ਪੜਤਾਲ, ਵੋਟਰ ਸ਼ਨਾਖਤੀ ਕਾਰਡ ਦੀ ਵੰਡ ਤੋਂ ਲੈ ਕੇ ਵੋਟਰ ਸਲਿੱਪ ਵੰਡਣ ਦਾ ਜ਼ਿੰਮੇਵਾਰ ਹੈ।

**ਈਵੀਐੱਮ ਅਤੇ ਵੀਵੀਪੈਟ**

ਭਾਰਤ ਵਿੱਚ ਜ਼ਿਆਦਾਤਰ ਚੋਣਾਂ ਇਲੈਕਟ ?ਰਾਨਿਕ ਵੋਟਿੰਗ ਮਸ਼ੀਨਾਂ ਯਾਨੀ ਈਵੀਐੱਮ ਰਾਹੀਂ ਕਰਵਾਈਆਂ ਜਾਂਦੀਆਂ ਹਨ। ਇਹ ਮਸ਼ੀਨਾਂ ਬੈਟਰੀਆਂ ਨਾਲ ਚੱਲਦੀਆਂ ਹਨ। ਇਸ ਦਾ ਮਤਲਬ ਹੈ ਕਿ ਇਹ ਮਸ਼ੀਨਾਂ ਉੱਥੇ ਵੀ ਕੰਮ ਕਰਨਗੀਆਂ ਜਿੱਥੇ ਬਿਜਲੀ ਨਹੀਂ ਹੋਵੇਗੀ। ਇਸ ਦੇ ਨਾਲ, ਇੱਕ ਵੋਟਰ ਵੈਰੀਫਾਈਬਲ ਪੇਪਰ ਆਡਿਟ ਟ ?ਰੇਲ ਯਾਨੀ ਵੀਵੀਪੈਟ ਉਪਕਰਣ ਨਾਲ ਵੀ ਜੁੜੀ ਹੋਈ ਹੈ। ਇਸ ਨਾਲ ਵੋਟਰਾਂ ਨੂੰ ਵੋਟਿੰਗ ਪ੍ਰਕਿਰਿਆ ਦੇ ਮੁਕੰਮਲ ਹੋਣ ਦੀ ਪੁਸ਼ਟੀ ਕਰਨ ਵਾਲੀ ਸਲਿੱਪ ਮਿਲਦੀ ਹੈ ਅਤੇ ਇਹ ਜਾਣਕਾਰੀ ਮਿਲਦੀ ਹੈ ਕਿ ਵੋਟਰ ਨੇ ਕਿਸ ਉਮੀਦਵਾਰ ਨੂੰ ਵੋਟ ਪਾਈ ਹੈ। ਇਸ ਸਲਿੱਪ ’ਤੇ ਵੋਟਰ ਨੇ ਜਿਸ ਉਮੀਦਵਾਰ ਲਈ ਆਪਣੀ ਵੋਟ ਪਾਈ ਹੈ, ਉਸ ਦਾ ਸੀਰੀਅਲ ਨੰਬਰ, ਨਾਮ ਅਤੇ ਚੋਣ ਨਿਸ਼ਾਨ ਦਿਖਾਈ ਦਿੰਦਾ ਹੈ। ਇਸ ਸਲਿੱਪ ਦੇ ਨਾਲ, ਵੋਟਰ ਆਪਣੀ ਕਾਸਟ ਕੀਤੀ ਵੋਟ ਦੀ ਪੁਸ਼ਟੀ ਜਾਂ ਕਰਾਸ ਚੈਕ ਕਰ ਸਕਦੇ ਹਨ। ਵੀਵੀਪੈਟ ਕੁਝ ਸਕਿੰਟਾਂ ਲਈ ਤੁਹਾਡੇ ਸਾਹਮਣੇ ਦਿਖਾਈ ਦਿੰਦਾ ਹੈ ਅਤੇ ਫਿਰ ਇਹ ਕੱਟ ਕੇ ਇੱਕ ਡੱਬੇ ਵਿੱਚ ਡਿੱਗ ਜਾਂਦਾ ਹੈ। ਵੋਟਰ ਇਸ ਸਲਿੱਪ ਨੂੰ ਦੇਖ ਸਕਦੇ ਹਨ ਪਰ ਆਪਣੇ ਨਾਲ ਨਹੀਂ ਲਿਜਾ ਸਕਦੇ, ਸਿਰਫ਼ ਪੋਲਿੰਗ ਅਫ਼ਸਰ ਹੀ ਇਸ ਸਲਿੱਪ ਨੂੰ ਦੇਖ ਸਕਦੇ ਹਨ। ਇਸ ਪਰਚੀ ਦੀ ਸਭ ਤੋਂ ਅਹਿਮ ਭੂਮਿਕਾ ਇਹ ਹੈ ਕਿ ਜਦੋਂ ਵੋਟਾਂ ਦੀ ਗਿਣਤੀ ਨੂੰ ਲੈ ਕੇ ਕੋਈ ਵੱਡਾ ਵਿਵਾਦ ਪੈਦਾ ਹੁੰਦਾ ਹੈ ਤਾਂ ਇਸ ਪਰਚੀ ਦੀ ਮਦਦ ਨਾਲ ਵੋਟਾਂ ਦੀ ਗਿਣਤੀ ਕੀਤੀ ਜਾ ਸਕਦੀ ਹੈ।

# ਆਸਟ੍ਰੇਲੀਆ ਵਿੱਚੋਂ ਭਾਰਤੀ ਜਸੂਸ ਕੱਢੇ ਜਾਣ ਦੀਆਂ ਮੀਡੀਆ ਰਿਪੋਰਟਾਂ ਦਾ ਭਾਰਤ ਨੇ ਦਿੱਤਾ ਜਵਾਬ

ਆਸਟ੍ਰੇਲੀਆ ਵਿੱਚੋਂ ਦੋ ਭਾਰਤੀ ਜਸੂਸਾਂ ਨੂੰ 2020 ਦੌਰਾਨ ਬਾਹਰ ਕੱਢੇ ਜਾਣ ਦੀਆਂ ਮੀਡੀਆ ਰਿਪੋਰਟਾਂ ਉੱਤੇ ਭਾਰਤ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੀਆਂ ਕਿਹਾ, ਅਜਿਹੀਆਂ ਮੀਡੀਆ ਰਿਪੋਰਟਾਂ ਅਟਕਲਾਂ ਉੱਤੇ ਅਧਾਰਿਤ ਹੁੰਦੀਆਂ ਹਨ, ਇਨ੍ਹਾਂ ਉੱਤੇ ਕੀ ਟਿੱਪਣੀ ਕੀਤੀ ਜਾ ਸਕਦੀ ਹੈ, ਅਸੀਂ ਇਸ ਉੱਤੇ ਕੁਝ ਨਹੀਂ ਕਹਿਣਾ ਚਾਹਾਂਗੇ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਆਸਟ੍ਰੇਲੀਆ ਸਰਕਾਰ ਨੇ ਸਾਲ 2020 ਦੌਰਾਨ ਦੋ ਭਾਰਤੀ ਜਸੂਸਾਂ ਨੂੰ ਆਪਣੇ ਮੁਲਕ ਵਿੱਚੋਂ ਕੱਢੇ ਜਾਣ ਦੀਆਂ ਰਿਪੋਰਟਾਂ ਦਰਮਿਆਨ ਭਾਰਤ ਨਾਲ ਆਪਣੇ ਨਜ਼ਦੀਕੀ ਰਿਸ਼ਤੇ ਹੋਣ ਦੀ ਗੱਲ ਕੀਤੀ ਸੀ। ਸਾਲ 2021 ਵਿੱਚ ਆਸਟ੍ਰੇਲੀਆ ਦੀ ਸੂਹੀਆ ਏਜੰਸੀ ਦੇ ਮੁਖੀ ਨੇ ਕਿਹਾ ਸੀ ਕਿ ਪਿਛਲੇ ਸਾਲ ਵਿਦੇਸ਼ੀ ਏਜੰਟ ਦੇਸ ਵਿੱਚ ਸਰਗਰਮ ਸਨ— ਪਰ ਉਨ੍ਹਾਂ ਨੇ ਏਜੰਟਾਂ ਦੀ ਕੌਮੀਅਤ ਦਾ ਜ਼ਿਕਰ ਨਹੀਂ ਕੀਤਾ ਸੀ। ਕੁਝ ਮੀਡੀਆ ਅਦਾਰਿਆਂ ਨੇ ਇਸ ਹਫ਼ਤੇ ਰਿਪੋਰਟ ਕੀਤਾ ਹੈ ਕਿ ਉਹ ਏਜੰਟ ਭਾਰਤੀ ਸਨ। ਆਸਟ੍ਰੇਲੀਆ ਨੇ ਨਾ ਹੀ ਇਨ੍ਹਾਂ ਰਿਪੋਰਟਾਂ ਨੂੰ ਸਵੀਕਾਰ ਕੀਤਾ ਹੈ ਅਤੇ ਨਾ ਹੀ ਰੱਦ ਕੀਤਾ ਹੈ। ਸਗੋਂ ਕਿਹਾ ਹੈ ਕਿ ਉਹ ਵਿਦੇਸ਼ੀ ਦਖ਼ਲ ਦਾ ਮੁਕਾਬਲਾ ਕਰਨ ਲਈ ਉਤਸੁਕ ਹੈ। ਆਸਟ੍ਰੇਲੀਆ ਦੇ ਖਜ਼ਾਨਾ ਮੰਤਰੀ ਜਿੰਮ ਸ਼ੈਲਮਰ ਨੇ ਏਬੀਸੀ ਨੂੰ ਬੁੱਧਵਾਰ ਨੂੰ ਕਿਹਾ, ਮੈਂ ਇਨ੍ਹਾਂ ਕਹਾਣੀਆਂ ਵਿੱਚ ਨਹੀਂ ਜਾਣਾ ਚਾਹੁੰਦਾ। ਸਾਡੇ ਭਾਰਤ ਨਾਲ ਵਧੀਆ ਰਿਸ਼ਤੇ ਹਨ... ਇਹ ਇੱਕ ਮਹੱਤਵਪੂਰਨ ਆਰਥਿਕ ਰਿਸ਼ਤਾ ਹੈ। ਦੁਵੱਲੀਆਂ ਕੋਸ਼ਿਸ਼ਾਂ ਦੇ ਸਦਕਾ ਪਿਛਲੇ ਸਾਲਾਂ ਦੇ ਦੌਰਾਨ ਇਹ ਹੋਰ ਨਜ਼ੀਦੀਕੀ ਬਣ ਗਿਆ ਹੈ। ਆਪਣੇ ਭਾਸ਼ਣ ਵਿੱਚ ਤਿੰਨ ਸਾਲ ਪਹਿਲਾਂ ਆਸਟ੍ਰੇਲੀਆਈ ਸੁਰੱਖਿਆ ਖੁਫ਼ੀਆ ਅਦਾਰੇ (ਏਐੱਸਆਈਓ) ਦੇ ਮੁਖ਼ੀ ਮਾਇਕ ਬੁਰਗਸ ਨੇ ਕਿਹਾ, 2020 ਦੌਰਾਨ “ਜਸੂਸਾ ਦਾ ਆਲ੍ਹਣਾ” ਬਣ ਗਿਆ ਸੀ, ਜਿਸ ਨੇ ਮੌਜੂਦਾ ਤੇ ਸਾਬਕਾ ਸਿਆਸਤਦਾਨਾਂ, ਵਿਦੇਸ਼ੀ ਦੂਤਾਵਾਸ ਅਤੇ ਸੂਬਾਈ ਪੁਲਿਸ ਸੇਵਾ ਨਾਲ ਨਜ਼ਦੀਕੀਆਂ ਬਣਾ ਕੇ ਨਿਸ਼ਾਨਾਂ ਬਣਾਇਆ ਸੀ। ਬੁਰਗਸ ਨੇ ਕਿਹਾ ਸੀ, ਉਹ ਆਪਣੇ ਦੇਸ ਦੀ ਡਾਇਸਪੋਰਾ ਕਮਿਊਨਿਟੀ ਉੱਪਰ ਨਿਗ੍ਹਾ ਰੱਖ ਰਹੇ ਸਨ ਉਨ੍ਹਾਂ ਨੇ ਇੱਕ ਸਰਕਾਰੀ ਮੁਲਾਜ਼ਮ ਤੋਂ ਇੱਕ ਵੱਡੇ ਹਵਾਈ ਅੱਡੇ ਉੱਤੇ ਸੁਰੱਖਿਆ ਪ੍ਰੋਟੋਕਾਲ ਬਾਰੇ ਪੁੱਛਿਆ ਅਤੇ ਆਸਟ੍ਰੇਲੀਆ ਦੇ ਕਾਰਬਾਰੀ ਰਿਸ਼ਤਿਆਂ ਬਾਰੇ ਗੁਪਤ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਬਰ◆ਸ ਨੇ ਦੱਸਿਆ ਸੀ ਕਿ ਏਸੀਓ ਵੱਲੋਂ ਉਨ੍ਹਾਂ ਦਾ ਭਾਂਡਾ ਭੰਨੇ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਆਸਟ੍ਰੇਲੀਆ ਸਰਕਾਰ ਵੱਲੋਂ ਕਲੀਅਰੈਂਸ ਹਾਸਲ ਵਿਅਕਤੀ ਜਿਸ ਨੂੰ ਸੰਵੇਦਨਾਸ਼ੀਲ ਰੱਖਿਆ ਤਕਨੀਕ ਦੀ ਜਾਣਕਾਰੀ ਸੀ, ਆਪਣੇ ਨਾਲ ਮਿਲਾਇਆ ਸੀ।



**ਭਾਰਤੀ ਏਜੰਟਾਂ ਬਾਰੇ ਮੀਡੀਆ ਵਿੱਚ ਕੀ ਆਇਆ**

ਵਾਸ਼ਿੰਗਟਨ ਪੋਸਟ ਦੀ ਸੋਮਵਾਰ ਦੀ ਖ਼ਬਰ ਮੁਤਾਬਕ ਸਾਲ 2020 ਦੌਰਾਨ ਆਸਟ੍ਰੇਲੀਆ ਵੱਲੋਂ ਦੋ ਭਾਰਤੀ ਆਪਰੇਟਿਵਾਂ ਨੂੰ ਜਸੂਸੀ ਵਿਰੋਧੀ ਯਤਨਾਂ ਦੌਰਾਨ ਕੱਢਿਆ ਗਿਆ ਸੀ। ਏਬੀਸੀ ਨੇ ਫਿਰ ਖ਼ਬਰ ਦਿੱਤੀ ਸੀ ਕਿ ਭਾਰਤੀ ਏਜੰਟਾਂ ਦੇ ਇੱਕ ਸਮੂਹ ਨੇ ਆਸਟ੍ਰੇਲੀਆ ਦੇ ਕਾਰੋਬਾਰ, ਸੁਰੱਖਿਆ ਅਤੇ ਰੱਖਿਆ ਪ੍ਰੋਜੈਕਟਾਂ ਬਾਰੇ ਗੁਪਤ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਏਸੀਓ ਦੇ ਬੁਲਾਰੇ ਨੇ ਬੀਬੀਸੀ ਨੂੰ ਦੱਸਿਆ ਕਿ ਏਜੰਸੀ ਸੂਹੀਆ ਮਸਲਿਆਂ ਉੱਪਰ ਟਿੱਪਣੀ ਨਹੀਂ ਕਰੇਗੀ। ਕੈਨਬਰਾ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਪ੍ਰਤੀਕਿਰਿਆ ਲਈ ਬੇਨਤੀ ਦਾ ਜਵਾਬ ਨਹੀਂ ਦਿੱਤਾ। ਤਾਜ਼ਾ ਦਾਅਵੇ ਪੱਛਮੀ ਮੁਲਕਾਂ ਵੱਲੋਂ ਵਿਦੇਸ਼ੀ ਧਰਤੀ ਉੱਪਰ ਭਾਰਤ ਦੀਆਂ ਗੁਪਤ ਸਰਗਰਮੀਆਂ ਬਾਰੇ ਚਿੰਤਾ ਜਤਾਏ ਜਾਣ ਦੌਰਾਨ ਹੀ ਉੱਠੇ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲ ਜੂਨ ਵਿੱਚ ਭਾਰਤ ਉੱਤੇ ਕੈਨੇਡਾ ਵਿੱਚ ਵੱਖਵਾਦੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਸਾਜਿਸ਼ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲੱਗੇ ਸਨ। ਭਾਰਤ ਨੇ ਇਸ ਇਲਜ਼ਾਮ ਦਾ ਪੁਰਜ਼ੋਰ ਖੰਡਨ ਕੀਤਾ ਹੈ। ਪਿਛਲੇ ਸਾਲਾਂ ਦੌਰਾਨ ਭਾਰਤ ਅਤੇ ਆਸਟ੍ਰੇਲੀਆ ਨੇ ਕਈ ਕਾਰੋਬਾਰ, ਊਰਜਾ ਅਤੇ ਪਰਵਾਸ ਦੇ ਖੇਤਰਾਂ ਵਿੱਚ ਸਮਝੌਤਿਆਂ ਰਾਹੀਂ ਆਪਣੇ ਦੁਵੱਲੇ ਰਿਸ਼ਤਿਆਂ ਨੂੰ ਪੁਖਤਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਮਰੀਕਾ ਅਤੇ ਜਪਾਨ ਜੋ ਕਿ ਇੰਡੋ-ਪੈਸਿਫਿਕ ਖੇਤਰ ਵਿੱਚ ਚੀਨ ਦੇ ਵੱਧ ਰਹੇ ਪ੍ਰਭਾਵ ਦੇ ਮੱਦੇ ਸੁਰੱਖਿਆ ਵਧਾਉਣ ਦੇ ਮਕਸਦ ਨਾਲ ਸ਼ੁਰੂ ਕੀਤੇ ਗਏ ਕੁਆਡ ਸਮੂਹ ਦੇ ਮੈਂਬਰ ਹਨ। ਭਾਰਤ ਆਸਟ੍ਰੇਲੀਆ ਦਾ ਛੇਵਾਂ ਸਭ ਤੋਂ ਵੱਡਾ ਕਾਰੋਬਾਰੀ ਭਾਈਵਾਲ ਹੈ, ਜਦਕਿ ਇੱਥੇ ਲਗਭਗ ਸਾਢੇ ਸੱਤ ਲੱਖ ਆਪਣੀਆਂ ਜੜ੍ਹਾਂ ਭਾਰਤ ਵਿੱਚ ਹੋਣ ਦਾ ਦਾਅਵਾ ਕਰਦੇ ਹਨ।

# ਡੂੰਘੇ ਫੱਟ

**ਅਮਰਬੀਰ ਸਿੰਘ ਚੀਮਾ**
**ਮੋਬਾਈਲ ਨੰ: 9888940211**



ਕੰਵਰ ਨਾ ਚਾਹੁੰਦਾ ਹੋਇਆ ਵੀ ਕਈ ਸਾਲ ਪਹਿਲਾਂ ਦੀਆਂ ਯਾਦਾਂ ਵਿੱਚ ਗੁੰਮ ਹੋ ਜਾਂਦਾ ਹੈ। ਉਹ ਸੋਚਦਾ ਹੈ ਕਿ ਹਰ ਜਵਾਨੀ ਦੀ ਕੋਈ ਨਾ ਕੋਈ ਕਹਾਣੀ ਜ਼ਰੂਰ ਹੁੰਦੀ ਹੈ, ਜਵਾਨੀ ਹਰ ਇੱਕ ਨੂੰ ਚੜਦੀ ਹੈ, ਪਰ ਉਸ ਨੂੰ ਲੱਗਦਾ ਹੈ ਕਿ ਉਸ 'ਤੇ ਜਵਾਨੀ ਕੁੱਝ ਜ਼ਿਆਦਾ ਹੀ ਚੜੀ ਸੀ। ਕੰਵਰ ਨੂੰ ਉਹਦਾ ਪਹਿਲੀ ਵਾਰੀ ਦਾ ਤੱਕਣਾ ਅੱਜ ਵੀ ਯਾਦ ਹੈ। ਉਹ ਪਹਿਲੀ ਨਜ਼ਰੇ ਹੀ ਕੰਵਰ ਦੇ ਧੁਰ ਅੰਦਰ ਤੱਕ ਲਹਿ ਗਈ ਸੀ। ਉਹ ਹੈ ਹੀ ਅਜਿਹੀ ਸੀ, ਸਭ ਤੋਂ ਸੋਹਣੀ, ਸਭ ਤੋਂ ਅਲੱਗ, ਸਭ ਤੋਂ ਉੱਪਰ ਤੇ ਸਭ ਤੋਂ ਪਰੇ। ਸਮੁੰਦਰ ਦੀਆਂ ਲਹਿਰਾਂ ਦੀਆਂ ਛੱਲਾਂ ਦੇਖਦਿਆਂ ਇੰਝ ਲੱਗਦਾ ਜਿਵੇਂ ਉਹਦੇ ਹੁਸਨ ਨੂੰ ਦੇਖ ਕੇ ਅਠਖੇਲੀਆਂ ਕਰਦੀਆਂ ਹੋਣ। ਹੁਸਨ ਦੇ ਨਾਲ਼-ਨਾਲ਼ ਆਤਮ ਵਿਸ਼ਵਾਸ ਦੀ ਭਰੀ ਹੋਈ ਉਹ ਕੰਵਰ ਦੀ ਜ਼ਿੰਦਗੀ ਵਿੱਚ ਅਜਿਹੀ ਆਈ ਕਿ ਉਸ ਤੋਂ ਬਗੈਰ ਜ਼ਿੰਦਗੀ ਅਰਥਹੀਣ ਹੋ ਕੇ ਰਹਿ ਗਈ। ਵੈਸੇ ਉਹਦਾ ਜ਼ਿੰਦਗੀ ਵਿੱਚ ਆਉਣਾ ਸੁਭਾਵਿਕ ਹੀ ਸੀ। ਉਹ ਬੇਖ਼ੌਫ਼ ਜਿਹੀ ਦੁਨੀਆ ਦੀ ਪ੍ਰਵਾਹ ਵੀ ਕਿੱਥੇ ਕਰਦੀ ਸੀ। ਲਾਲੀ ਕਦੇ ਫਿੱਕੇ ਜਿਹੇ ਰੰਗ ਦੇ ਸੂਟ ਵਿੱਚ ਢਲਦੀ ਸ਼ਾਮ ਦਾ ਭੁਲੇਖਾ ਪਾਉਂਦੀ ਤੇ ਕਦੇ ਕਿਸੇ ਗੂੜੇ ਰੰਗ ਦਾ ਸੂਟ ਪਾ ਕੇ ਚੜਦੇ ਸੂਰਜ ਦੀ ਲਾਲੀ ਨਾਲ਼ ਮੁਕਾਬਲਾ ਕਰਦੀ। ਉਹਦਾ ਗੋਰਾ ਨਿਛੋਹ ਰੰਗ, ਪਤਲਾ ਇਕਹਿਰਾ ਜਿਹਾ ਬਦਨ ਤੇ ਤਿੱਖੇ ਨੈਣ-ਨਕਸ਼ ਉਹਦੇ ਰੂਪ ਨੂੰ ਹੋਰ ਨਿਖਾਰਦੇ। ਕੰਵਰ ਜਦੋਂ ਸ਼ਰਾਰਤ ਜਿਹੀ ਨਾਲ਼ ਉਹਨੂੰ ਲਾਲੀ ਕਹਿ ਕੇ ਆਪਣੇ ਕੋਲ ਬੁਲਾਉਂਦਾ ਤਾਂ ਲਾਲੀ ਦਾ ਚਿਹਰਾ ਅਸਲੋਂ ਹੀ ਲਾਲ ਹੋ ਜਾਂਦਾ। ਹਰ ਵਾਰੀ, ਹਰ ਮੁਲਾਕਾਤ ਵਿੱਚ ਕੰਵਰ ਏਦਾਂ ਜ਼ਰੂਰ ਕਰਦਾ ਕਿਉਂਕਿ ਕੰਵਰ ਦਾ ਇਹ ਸੰਬੋਧਨ ਲਾਲੀ ਦੀ ਸੁੰਦਰਤਾ ਦਾ ਸਿਖਰ ਹੋ ਜਾਂਦਾ ਸੀ। ਕੰਵਰ ਕਈ ਵਾਰ ਸੋਚਦਾ ਕਿ ਲਾਲੀ ਮੇਰੇ ਜੀਵਨ ਦੇ ਗੁਲਸ਼ਨ ਦਾ ਸਦਾ ਬਹਾਰ ਫੁੱਲ ਹੈ। ਉਹ ਉਸ ਦੀ ਸੁੰਦਰਤਾ ਤੋਂ ਵੀ ਵੱਧ ਉਸ ਦੇ ਸੁਭਾਅ ਵਿਚਲੀਆਂ ਖ਼ੂਬੀਆਂ 'ਤੇ ਫ਼ਿਦਾ ਹੋ ਗਿਆ ਸੀ।

ਉਹ ਨਾਲ਼ ਦੇ ਸ਼ਹਿਰ ਕੁੜੀਆਂ ਦੇ ਕਾਲਜ 'ਚ ਪੜਦੀ ਸੀ ਤੇ ਉੱਥੋਂ ਉਹਦੇ ਪਿੰਡ ਵਾਲੀ ਸੁੰਨਸਾਨ ਸੜਕ 'ਤੇ ਗਰਮੀਆਂ ਦੇ ਸਿਖਰ ਦੁਪਹਿਰ ਵੇਲੇ ਹਿੰਮਤ ਕਰ ਕੇ ਕੰਵਰ ਨੇ ਆਪਣੇ ਦਿਲ ਦੀ ਗੱਲ ਕਹੀ ਸੀ। ਉਸ ਦੇ ਮੁਸਕਰਾ ਕੇ ਨੀਵੀਂ ਪਾ ਲੈਣ ਦੀ ਅਦਾ ਨੇ ਆਪਣੀ ਮੁਹੱਬਤ ਦਾ ਖ਼ਾਮੋਸ਼ ਇਜ਼ਹਾਰ ਕਰ ਦਿੱਤਾ ਸੀ। ਇੱਕ ਸਮੇਂ ਤੱਕ ਰਿਸ਼ਤਾ ਸਿਰਫ਼ ਦੋਸਤਾਂ ਵਾਲ਼ਾ ਰਿਹਾ। ਕੰਵਰ ਦੇ ਨਾਂ ਪੁੱਛਣ 'ਤੇ ਉਸ ਨੇ ਆਪਣਾ ਨਾਂ 'ਲਾਲੀ' ਦੱਸਿਆ ਸੀ। ਲਾਲੀ ਨਾਲ਼ ਪਿਆਰ ਦੇ ਇਕਰਾਰ ਤੋਂ ਬਾਅਦ ਕੰਵਰ ਦੇ ਚਿਹਰੇ ਦੀ ਲਾਲੀ ਦੂਣੀ-ਚੌਗਣੀ ਹੋ ਗਈ ਸੀ। ਰੋਜ਼ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕਾਲਜ ਦੀ ਛੁੱਟੀ ਤੋਂ ਬਾਅਦ ਘੰਟਾ-ਘੰਟਾ ਉਹਦੇ ਪਿੰਡ ਵਾਲ਼ੀ ਸੜਕ 'ਤੇ ਹੀ ਖੜੇ ਰਹਿੰਦੇ ਤੇ ਅਕਸਰ ਕਦੇ ਕਿਸੇ ਬਾਗ਼ ਜਾਂ ਪਾਰਕ ਬੈਠੇ ਰਹਿੰਦੇ। ਬਹੁਤੀ ਸੋਹਣੀ ਹੋਣ ਕਰਕੇ ਕਈ ਹੋਰ ਮੁੰਡੇ ਵੀ ਉਸ ਦੇ ਅੱਗੇ-ਪਿੱਛੇ ਘੁੰਮਦੇ ਰਹਿੰਦੇ ਸੀ। ਇਸ ਗੱਲ ਨੂੰ ਲੈ ਕੇ ਕੰਵਰ ਦੀਆਂ ਕਈਆਂ ਨਾਲ਼ ਲੜਾਈਆਂ ਹੋਈਆਂ ਤੇ ਕਈਆਂ ਨੂੰ ਪਿਆਰ ਨਾਲ਼ ਸਮਝਾਉਣ ਤੋਂ ਬਾਅਦ ਕਾਲਜ ਤੋਂ ਲੈ ਕੇ ਉਹਦੇ ਪਿੰਡ ਵਾਲ਼ੇ ਰਸਤੇ ਤੱਕ ਕੋਈ ਹੋਰ ਮੁੰਡਾ ਨਜ਼ਰੀਂ ਨਹੀਂ ਪੈਂਦਾ ਸੀ। ਸਭ ਨੂੰ ਪਤਾ ਸੀ ਕਿ ਲਾਲੀ ਹੁਣ ਕੰਵਰ ਦਾ ਪਿਆਰ ਹੈ। ਸਮੇਂ ਦੇ ਫੇਰ ਨਾਲ਼ ਦੋਸਤੀ ਵਾਲ਼ਾ ਰਿਸ਼ਤਾ ਕਦੋਂ ਇਸ਼ਕ-ਹਕੀਕੀ ਵਿੱਚ ਬਦਲ ਗਿਆ ਇਹ ਉਨਾਂ ਦੋਵਾਂ ਨੂੰ ਵੀ ਬਹੁਤ ਦੇਰ ਬਾਅਦ ਪਤਾ ਲੱਗਿਆ। ਕੰਵਰ ਤੇ ਲਾਲੀ ਸੱਚੀ ਮੁਹੱਬਤ ਵਿੱਚ ਡੁੱਬੇ ਹੋਏ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰ ਰਹੇ ਸਨ। ਕੰਵਰ ਨੂੰ ਤਾਂ ਇੰਝ ਲੱਗਦਾ ਜਿਵੇਂ ਰੱਬ ਨੇ ਉਹਦੀ ਝੋਲੀ ਦੁਨੀਆ ਦੀਆਂ ਸਾਰੀਆਂ ਖ਼ੁਸ਼ੀਆਂ ਪਾ ਦਿੱਤੀਆਂ ਹੋਣ।

ਸਮੇਂ ਦੇ ਅਗਲੇ ਫੇਰ ਉਹੀ ਹੋਇਆ ਜੋ ਹਰ ਜ਼ਿੰਦਗੀ 'ਚ ਅਕਸਰ ਹੁੰਦਾ ਹੈ, ਉਨਾਂ ਦੋਹਾਂ ਨੂੰ ਰਿਸ਼ਤੇ ਆਉਣ ਲੱਗ ਪਏ। ਕੰਵਰ ਹਰ ਰਿਸ਼ਤਾ ਕਿਸੇ ਨਾ ਕਿਸੇ ਬਹਾਨੇ ਟਾਲਦਾ ਰਿਹਾ ਤੇ ਉੱਧਰ ਲਾਲੀ ਵੀ ਏਦਾਂ ਹੀ ਕਰਦੀ ਰਹੀ। ਜਦੋਂ ਵੀਂ ਕਿਤੇ ਗੱਲ ਪੱਕੀ ਹੋਣ ਲੱਗਦੀ ਤਾਂ ਲਾਲੀ ਕੰਵਰ ਨੂੰ ਦੱਸ ਦਿੰਦੀ। ਕੰਵਰ ਤੇ ਲਾਲੀ ਜਾਂ ਕਈ ਬਾਰ ਕੰਵਰ 'ਕੱਲਾ ਹੀ ਕਿਤੇ ਬਾਹਰ ਉਸ ਮੁੰਡੇ ਨੂੰ ਮਿਲ ਕੇ ਸਾਰੀ ਗੱਲ ਦੱਸ ਦਿੰਦਾ ਤੇ ਇਸ ਤਰਾਂ ਉਹ ਮੁੰਡਾ ਆਪ ਹੀ ਰਿਸ਼ਤੇ ਤੋਂ ਜਵਾਬ ਦੇ ਦਿੰਦਾ। ਉਹ ਦੋਵੇਂ ਇੱਕ-ਦੂਜੇ 'ਤੇ ਆਪਣੇ ਨਾਲੋਂ ਵੀ ਵੱਧ ਹੱਕ ਜਤਾਉਂਦੇ। ਲਾਲੀ ਸੁਹੱਪਣ ਦੇ ਨਾਲ਼ ਨਾਲ਼ ਦਲੇਰ ਵੀ ਬਹੁਤ ਸੀ। ਕਹਿੰਦੇ ਨੇ ਕਿ ਇਸ਼ਕ ਤੇ ਮੁਸ਼ਕ ਛੁਪਾਇਆਂ ਨਹੀਂ ਛੁਪਦਾ। ਪਹਿਲਾਂ-ਪਹਿਲਾਂ ਤਾਂ ਉਨਾਂ ਨੇ ਬਹੁਤ ਲੁਕੋ ਰੱਖੀ, ਪਰ ਫੇਰ ਤਾਂ ਜਿਵੇਂ ਲੱਗੀਆਂ ਦੇ ਢੋਲ ਹੀ ਵੱਜ ਗਏ, ਕੋਈ ਲੁਕੋ ਨਹੀਂ, ਕੋਈ ਪਰਦਾ ਨਹੀਂ, ਸਭ ਸ਼ਰੇਆਮ ਹੋ ਗਿਆ ਸੀ। ਹੁਣ ਕੰਵਰ ਨੂੰ ਸਾਰੀ ਦੁਨੀਆ ਬਹੁਤ ਹੁਸੀਨ ਲੱਗਦੀ ਸੀ ਜਿਵੇਂ ਜ਼ਿੰਦਗੀ ਲਾਲੀ ਨਾਲ਼ ਹੀ ਸੀ ਬੱਸ, ਹੋਰ ਕੁੱਝ ਨਾ ਸੋਚਿਆ ਤੇ ਨਾ ਹੀ ਸੋਚਣ ਦੀ ਕਦੇ ਕੋਸ਼ਿਸ਼ ਕੀਤੀ। ਉਨਾਂ ਦੋਵਾਂ ਨੇ ਇਕੱਠੇ ਜਿਊਣ ਮਰਨ ਦੀਆਂ ਹਜ਼ਾਰਾਂ ਕਸਮਾਂ ਖਾਧੀਆਂ ਤੇ ਇੱਕ-ਦੂਜੇ ਦਾ ਸਾਥ ਨਿਭਾਉਣ ਲਈ ਲੱਖਾਂ ਹੀ ਵਾਅਦੇ ਕੀਤੇ।

ਏਦਾਂ ਹੀ ਵਕਤ ਲੰਘ ਰਿਹਾ ਸੀ ਕਿ ਕੰਵਰ ਦੇ ਘਰਦਿਆਂ ਦਾ ਇੱਕ ਜਾਣਕਾਰ ਕੰਵਰ ਲਈ ਪ੍ਰੀਤ ਨਾਂ ਦੀ ਕੁੜੀ ਦਾ ਰਿਸ਼ਤਾ ਲੈ ਕੇ ਉਨਾਂ ਦੇ ਘਰ ਆਇਆ। ਉਹ ਕੰਵਰ ਨੂੰ ਕਹਿੰਦਾ ਕਿ ਆਪਾਂ ਤੇਰੇ ਲਈ ਇੱਕ ਕੁੜੀ ਦੇਖਣੀ ਹੈ। ਕੰਵਰ ਨੇ ਸਾਫ਼ ਮਨਾ ਕਰ ਦਿੱਤਾ ਪਰ ਉਹ ਕਹਿੰਦਾ ਕਿ ਆਪਾਂ ਸਿਰਫ਼ ਜਾਣ-ਆਉਣ ਹੀ ਕਰਨਾ ਹੈ। ਉਹਦੇ ਕਹਿਣ 'ਤੇ ਕੰਵਰ ਨੇ ਨੇੜੇ ਦੇ ਗੁਰਦਵਾਰੇ ਜਾ ਕੇ ਪਹਿਲੀ ਵਾਰੀ ਕੋਈ ਕੁੜੀ ਦੇਖੀ। ਇਸ ਨੂੰ ਚੰਗੇ ਸੰਸਕਾਰ ਕਹੀਏ ਜਾਂ ਕੁੱਝ ਹੋਰ, ਇਹ ਗੱਲ ਤਾਂ ਅੱਜ ਤੱਕ ਕੰਵਰ ਨੂੰ ਵੀ ਸਮਝ ਨਹੀਂ ਲੱਗੀ ਕਿ ਉੱਥੇ ਜਾ ਕੇ ਉਹ ਤੋਂ ਨਾਂਹ ਕਿਉਂ ਨਹੀਂ ਕੀਤੀ ਗਈ। ਬੱਸ ਉਹ ਨੀਵੀਂ ਪਾ ਕੇ ਬੈਠਾ ਰਿਹਾ ਤੇ ਕੰਵਰ ਦਾ ਪ੍ਰੀਤ ਨਾਲ਼ ਰਿਸ਼ਤਾ ਪੱਕਾ ਹੋ ਗਿਆ। ਫਿਰ ਇੱਕ-ਡੇਢ ਸਾਲ ਏਦਾਂ ਹੀ ਲੰਘ ਗਿਆ। ਦੂਜੇ ਪਾਸੇ ਇਸ ਸਾਲ-ਡੇਢ ਸਾਲ ਵਿੱਚ ਕੰਵਰ ਦਾ ਲਾਲੀ ਨਾਲ਼ ਪਿਆਰ ਏਨਾ ਗੂੜਾ ਤੇ ਸੱਚਾ ਹੋ ਗਿਆ ਕਿ ਉਸ ਨੂੰ ਲਾਲੀ ਤੋਂ ਬਿਨਾ ਜ਼ਿੰਦਗੀ ਦੀ ਕਲਪਨਾ ਵੀ ਮਨਜ਼ੂਰ ਨਹੀਂ ਸੀ। ਹਰ ਦੂਜੇ-ਚੌਥੇ ਦਿਨ ਮੁਲਾਕਾਤ ਤੇ ਅੱਧੀ-ਅੱਧੀ ਰਾਤ ਤੱਕ ਟੈਲੀਫ਼ੋਨ 'ਤੇ ਪਤਾ ਨਹੀਂ ਕਿਹੜੀਆਂ ਗੱਲਾਂ ਮਾਰੀ ਜਾਣੀਆਂ ਕਿ ਗੱਲਾਂ ਖ਼ਤਮ ਹੀ ਨਹੀਂ ਸੀ ਹੁੰਦੀਆਂ। ਬਾਕੀ ਬਚਿਆ ਸਮਾਂ ਇੱਕ ਦੂਜੇ ਦੇ ਖ਼ਿਆਲਾਂ 'ਚ ਖੋਏ ਹੋਏ ਬਤੀਤ ਕਰਨਾ। ਲਾਲੀ ਨਾਲ਼ ਵੱਧ ਤੋਂ ਵੱਧ ਵਕਤ ਬਿਤਾਉਣ ਲਈ ਕੰਵਰ ਨੇ ਆਪਣੇ ਕਈ ਖ਼ਾਸ ਯਾਰਾਂ-ਦੋਸਤਾਂ ਦੀਆਂ ਬਰਾਤਾਂ ਵੀ ਛੱਡ ਦਿੱਤੀਆਂ, ਜਿਵੇਂ ਉਸ ਨੂੰ ਕਿਸੇ ਅਣਹੋਣੀ ਹੋ ਜਾਣ ਦਾ ਅਹਿਸਾਸ ਪਹਿਲਾਂ ਤੋਂ ਹੀ ਹੋਵੇ। ਉਨਾਂ ਦੋਵਾਂ ਦੇ ਰਿਸ਼ਤੇ ਵਿੱਚ ਰੁਕਾਵਟ ਵੀ ਕੋਈ ਨਹੀਂ ਸੀ, ਨਾ ਕੋਈ ਜਾਤ-ਪਾਤ ਦਾ ਚੱਕਰ, ਨਾ ਅਮੀਰੀ-ਗਰੀਬੀ ਦਾ ਫ਼ਰਕ ਸੀ ਤੇ ਨਾ ਹੀ ਪੜਾਈ-ਲਿਖਾਈ ਦਾ। ਦੋਵੇਂ ਪਰਿਵਾਰ ਪੜੇ-ਲਿਖੇ ਤੇ ਖ਼ਾਨਦਾਨੀ ਪਰਿਵਾਰ ਸਨ। ਇਸ ਲਈ ਕੰਵਰ ਨੂੰ ਲੱਗਦਾ ਸੀ ਕਿ ਵਿਆਹ ਦਾ ਕੀ ਹੈ, ਜਦੋਂ ਮਰਜ਼ੀ ਹੋ ਜਾਵੇਗਾ ਪਰ ਜਿੱਦਾਂ ਕਹਿੰਦੇ ਨੇ ਕਿ ਇਸ਼ਕ ਦੀ ਉਮਰ ਜ਼ਿਆਦਾ ਲੰਬੀ ਨਹੀਂ ਹੁੰਦੀ। ਸ਼ਾਇਦ ਚੰਦਰੀ ਦੁਨੀਆ ਦੀ ਨਜ਼ਰ ਲੱਗ ਉਨਾਂ ਦੇ ਪਿਆਰ ਨੂੰ। ਇਸ ਦੌਰਾਨ ਪ੍ਰੀਤ ਵੀ ਕਦੇ-ਕਦਾਈਂ ਕੰਵਰ ਨੂੰ ਫ਼ੋਨ ਕਰ ਲੈਂਦੀ ਸੀ। ਉਹ ਗੱਲਬਾਤ ਕਰਨ ਦੇ ਸਲੀਕੇ ਤੋਂ ਬਹੁਤ ਸਹਿਜ ਤੇ ਸ਼ਰਮਾਕਲ ਸੀ ਪਰ ਕੰਵਰ ਦਾ ਉਸ ਵੱਲ ਕਈ ਧਿਆਨ ਨਹੀਂ ਸੀ। ਉਹ ਉਸ ਨਾਲ਼ ਰਸਮੀ ਜਿਹੀ ਗੱਲ ਕਰ ਕੇ ਫ਼ੋਨ ਆਪਣੇ ਘਰਦਿਆਂ ਨੂੰ ਫੜਾ ਕੇ ਆਪ ਘਰੋਂ ਬਾਹਰ ਨਿਕਲ ਜਾਂਦਾ ਸੀ। ਪ੍ਰੀਤ ਵੀ ਹੁਣ ਆਪਣੇ ਹੋਣ ਵਾਲ਼ੇ ਜੀਵਨ ਸਾਥੀ ਨਾਲ਼ ਆਪਣੀ ਆਉਣ ਵਾਲੀ ਜ਼ਿੰਦਗੀ ਬਤੀਤ ਕਰਨ ਦੇ ਸੁਪਨੇ ਸੰਜੋਣ ਲੱਗ ਪਈ ਸੀ।

ਉੱਧਰ ਲਾਲੀ ਦੇ ਘਰਵਾਲੇ ਹੁਣ ਛੇਤੀ ਤੋਂ ਛੇਤੀ ਉਸ ਦਾ ਰਿਸ਼ਤਾ ਕਰਨਾ ਚਾਹੁੰਦੇ ਹਨ। ਉਸ ਨੇ ਇਸ ਬਾਬਤ ਕੰਵਰ ਨਾਲ਼ ਬਹੁਤ ਗੰਭੀਰ ਹੋ ਕੇ ਗੱਲ ਕੀਤੀ ਕਿ ਹੁਣ ਆਪਾਂ ਕਦੋਂ ਤੱਕ ਏਦਾਂ ਰਿਸ਼ਤੇ ਮੋੜਦੇ ਰਹਾਂਗੇ। ਅਖੀਰ ਨੂੰ ਕੰਵਰ ਨੇ ਵੀ ਆਪਣੇ ਘਰ ਗੱਲ ਕੀਤੀ, ਤਾਂ ਉਸ ਦੇ ਘਰ ਦੇ ਕਹਿੰਦੇ ਕਿ ਤੂੰ ਤਾਂ ਮੰਗਿਆ ਹੋਇਆ ਹੈਂ। ਇਹ ਸੁਣ ਕੇ ਕੰਵਰ ਦੀਆਂ ਅੱਖਾਂ ਤੋਂ ਪਹਿਲੀ ਵਾਰ ਸੁਪਨਿਆਂ ਦੀ ਪੱਟੀ ਉੱਤਰੀ ਤੇ ਉਹ ਗੁਰਦਵਾਰੇ ਦਾ ਸੀਨ ਹਕੀਕਤ ਬਣ ਕੇ ਉਸ ਦੇ ਜ਼ਿਹਨ 'ਚ ਘੁੰਮਣ ਲੱਗਿਆ। ਪਰ ਕੰਵਰ ਨੂੰ ਤਾਂ ਸਿਰਫ਼ ਉਹਦਾ ਪਿਆਰ ਚਾਹੀਦਾ ਸੀ। ਘਰ ਵਿੱਚ ਬਹੁਤ ਤਣਾਅ ਵਾਲ਼ਾ ਮਾਹੌਲ ਬਣ ਗਿਆ। ਉਹ ਚਾਹੁੰਦਾ ਤਾਂ ਉਹ ਘਰੋਂ ਭੱਜ ਕੇ ਕੋਰਟ ਮੈਰਿਜ ਕਰਵਾ ਸਕਦਾ ਸੀ ਪਰ ਉਹ ਦੁਨੀਆਦਾਰੀ ਤੋਂ ਬੇਖ਼ਬਰ ਹੋ ਕੇ ਆਪਣੇ ਦਿਲ ਦੀ ਗੱਲ ਸੁਣਦਾ ਰਿਹਾ। ਸ਼ਾਇਦ ਇਹੀ ਕਾਰਨ ਸੀ ਕਿ ਉਨਾਂ ਨੇ ਕੋਈ ਗ਼ਲਤ ਕਦਮ ਨਹੀਂ ਚੁੱਕਿਆ। ਅੰਤ ਨੂੰ ਕੰਵਰ ਨੇ ਪਿਆਰ ਨਾਲ਼, ਮਿੰਨਤ ਨਾਲ਼ ਤੇ ਲੜ-ਝਗੜ ਕੇ ਆਪਣੇ ਘਰਦਿਆਂ ਨੂੰ ਮਨਾ ਲਿਆ ਪਰ ਉਨਾਂ ਦੀ ਇਹ ਸ਼ਰਤ ਸੀ ਕਿ ਪ੍ਰੀਤ ਦੇ ਘਰਦਿਆਂ ਨਾਲ਼ ਗੱਲ ਕੰਵਰ ਨੂੰ ਆਪ ਹੀ ਕਰਨੀ ਪਵੇਗੀ।

ਕੰਵਰ ਨੂੰ ਲੱਗਦਾ ਸੀ ਕਿ ਹੁਣ ਸਭ ਠੀਕ ਹੋ ਜਾਵੇਗਾ। ਫਟਾਫਟ ਐਸ.ਟੀ.ਡੀ. ਤੋਂ ਫ਼ੋਨ ਲਾ ਕੇ ਪ੍ਰੀਤ ਦੇ ਘਰਦਿਆਂ ਨੂੰ ਰਿਸ਼ਤੇ ਤੋਂ ਕੋਰਾ ਜਵਾਬ ਦੇ ਕੇ ਉਹ ਚਾਰ-ਪੰਜ ਦਿਨਾਂ ਲਈ ਚੰਡੀਗੜ ਆਪਣੇ ਦੋਸਤਾਂ ਕੋਲ ਚਲਾ ਗਿਆ। ਉਹ ਨੇ ਸੋਚਿਆ ਕਿ ਦੋ-ਚਾਰ ਦਿਨਾਂ 'ਚ ਸਭ ਠੀਕ ਹੋ ਜਾਣ 'ਤੇ ਉਹ ਵਾਪਸ ਆ ਜਾਵੇਗਾ। ਤੀਜੇ ਦਿਨ ਤੜਕੇ ਹੀ ਪ੍ਰੀਤ ਦੇ ਘਰਦੇ ਚਾਰ-ਪੰਜ ਬੰਦਿਆਂ ਨਾਲ਼ ਉਨਾਂ ਦੇ ਘਰ ਆ ਗਏ। ਉਨਾਂ ਨੇ ਕੰਵਰ ਦੇ ਫ਼ੋਨ ਵਾਲ਼ੀ ਗੱਲ ਉਸ ਦੇ ਘਰ ਦੱਸਦਿਆਂ ਇਸ ਦਾ ਕਾਰਨ ਤੇ ਆਪਣਾ ਕਸੂਰ ਪੁੱਛਿਆ। ਮੋਬਾਈਲ ਫ਼ੋਨ ਤਾਂ ਓਦੋਂ ਹੁੰਦੇ ਨਹੀਂ ਸੀ ਇਸ ਲਈ ਕੰਵਰ ਦੇ ਘਰਦਿਆਂ ਨੇ ਮਾਫ਼ੀ ਮੰਗਦਿਆਂ ਉਨਾਂ ਨੂੰ ਕੱਲ ਨੂੰ ਫੇਰ ਆਉਣ ਲਈ ਕਿਹਾ। ਕੰਵਰ ਦੇ ਘਰਦੇ ਵਾਰ-ਵਾਰ ਚੰਡੀਗੜ ਲੈਂਡ-ਲਾਈਨ 'ਤੇ ਉਸ ਨੂੰ ਫ਼ੋਨ ਕਰੀ ਜਾਣ ਪਰ ਉਹ ਆਪਣੇ ਦੋਸਤਾਂ ਨਾਲ਼ ਚੰਡੀਗੜ ਘੁੰਮ ਰਿਹਾ ਸੀ। ਰਾਤ ਨੂੰ ਕਰੀਬ ਨੌਂ ਕੁ ਵਜੇ ਘਰਦਿਆਂ ਨਾਲ਼ ਫ਼ੋਨ 'ਤੇ ਗੱਲ ਹੋਈ। ਉਨਾਂ ਨੇ ਉਸੇ ਸਮੇਂ ਕੰਵਰ ਨੂੰ ਘਰ ਵਾਪਸ ਆਉਣ ਲਈ ਕਿਹਾ ਤੇ ਉਹ ਆਪਣੀ ਮਾਸੀ ਦੇ ਮੁੰਡੇ ਨਾਲ਼ ਉਸੇ ਰਾਤ ਆਪਣੇ ਘਰ ਆ ਗਿਆ। ਕੰਵਰ ਨੂੰ ਚੰਗੀ ਤਰਾਂ ਯਾਦ ਹੈ ਕਿ ਉਸ ਰਾਤ ਪੂਰੀ ਧੁੰਦ ਪੈ ਰਹੀ ਸੀ ਪਰ ਉਹ ਆਪਣੇ ਮਾਪਿਆਂ ਦੇ ਫ਼ਰਮਾਨ ਨੂੰ ਟਾਲ਼ ਨਾ ਸਕਿਆ।

ਦੂਜੇ ਦਿਨ ਉਹ ਸਾਰੇ ਜਣੇ ਫੇਰ ਆ ਗਏ। ਉਹ ਕੰਵਰ ਨੂੰ ਏਦਾਂ ਦੇਖ ਰਹੇ ਸੀ ਜਿਵੇਂ ਉਸ ਨੇ ਕੋਈ ਕਤਲ ਕੀਤਾ ਹੋਵੇ। ਉਹ ਸਾਰੇ ਕੰਵਰ ਨੂੰ ਪੁੱਛਣ ਲੱਗੇ ਬਈ ਕੀ ਗੱਲ ਹੋ ਗਈ, ਸਾਡਾ ਕਸੂਰ ਕੀ ਹੈ? ਕੰਵਰ ਨੇ ਹਿੰਮਤ ਜਿਹੀ ਕਰ ਕੇ ਉਸ ਜਾਣਕਾਰ ਬੰਦੇ ਬਾਬਤ ਪੁੱਛਿਆ ਜਿਸ ਨੇ ਓਦੋਂ ਕਿਹਾ ਸੀ ਕਿ ਆਪਾਂ ਤਾਂ ਸਿਰਫ਼ ਜਾਣ-ਆਉਣ ਹੀ ਕਰਨਾ ਹੈ ਪਰ ਉਸ ਦੀ ਗੱਲ ਕੌਣ ਸੁਣਦਾ ਸੀ। ਉਸ ਨੂੰ ਪੂਰੀ ਤਰਾਂ ਜਚਾ ਦਿੱਤਾ ਕਿ ਉਹ ਗੁਨਾਹਗਾਰ ਹੈ। ਉਹ ਜਾਂਦੇ ਹੋਏ ਮਿੰਨਤ ਜਿਹੀ ਨਾਲ਼ ਆਪਣੀ ਇੱਜ਼ਤ ਦਾ ਵਾਸਤਾ ਦੇਣ ਲੱਗ ਪਏ, ਆਖ਼ਿਰ ਨੂੰ ਬੜੀ ਮੁਸ਼ਕਿਲ ਨਾਲ਼ ਉਨਾਂ ਤੋਂ ਚਾਰ-ਪੰਜ ਦਿਨਾਂ ਦਾ ਸਮਾਂ ਲਿਆ।

ਉਨਾਂ ਦੀ ਗੱਲ ਤਾਂ ਚਲੋ ਜਾਇਜ਼ ਸੀ ਪਰ ਇੱਧਰੋਂ ਕੰਵਰ ਦੇ ਕਿਸੇ ਵੀ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਨੇ ਇਸ ਬਾਬਤ ਦੋਹਾਂ ਪਹਿਲੂਆਂ ਤੋਂ ਨਹੀਂ ਸੋਚਿਆ। ਜੇ ਕੋਈ ਇੱਕ ਜਣਾ ਵੀ ਦੂਜੇ ਪਹਿਲੂ ਤੋਂ ਜਾਂ ਕੰਵਰ ਬਾਰੇ ਸੋਚ ਲੈਂਦਾ ਤਾਂ ਸ਼ਾਇਦ..! ਬੱਸ ਸਭ ਦਾ ਇੱਕ ਪਾਸੜ ਫ਼ੈਸਲਾ ਹੀ ਸੀ। ਕਿਉਂਕਿ ਕੰਵਰ ਤਾਂ ਇਕੱਲਾ ਹੀ ਸੀ, ਇਕੱਲੇ ਦਿਮਾਗ਼ ਨੇ ਵੀ ਇੱਕ ਤਰਾਂ ਨਾਲ਼ ਕੰਮ ਕਰਨਾ ਬੰਦ ਕਰ ਦਿੱਤਾ ਸੀ। ਇਸ ਕਹਾਣੀ ਦਾ ਸਾਰੇ ਰਿਸ਼ਤੇਦਾਰਾਂ ਨੂੰ ਪਤਾ ਸੀ ਕਿਉਂਕਿ ਉਸ ਨੇ ਕਦੇ ਵੀ ਕੁੱਝ ਲੁਕੋਇਆ ਨਹੀਂ ਸੀ ਪਰ ਕੋਈ ਵੀ ਖੁੱਲ ਕੇ ਸਾਹਮਣੇ ਨਹੀਂ ਆਇਆ। ਕਈ ਬਾਰ ਕੰਵਰ ਵੱਲੋਂ ਜ਼ਿਆਦਾ ਜ਼ੋਰ ਦੇਣ 'ਤੇ ਉਨਾਂ ਨੇ ਇੰਨਾ ਹੀ ਕਹਿਣਾ ਕਿ ਅਜਿਹੀਆਂ ਗੱਲਾਂ ਨੂੰ ਜ਼ਿਆਦਾ ਦਿਲ 'ਤੇ ਨਹੀਂ ਲਾਈਦਾ।

ਪ੍ਰੀਤ ਦੇ ਘਰਦਿਆਂ ਦੇ ਜਾਣ ਤੋਂ ਬਾਅਦ ਕੰਵਰ ਨੇ ਸਾਰਿਆਂ ਨੂੰ ਸਾਫ਼ ਸਪਸ਼ਟ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਜੋ ਮਰਜ਼ੀ ਹੋ ਜਾਵੇ ਮੈਂ ਵਿਆਹ ਤਾਂ ਲਾਲੀ ਨਾਲ਼ ਹੀ ਕਰਵਾਉਣਾ ਹੈ ਪਰ ਇਹ ਮੰਗੇ ਹੋਏ ਚਾਰ-ਪੰਜ ਦਿਨ ਸਦੀਆਂ ਬਰਾਬਰ ਬਣ ਗਏ। ਫੇਰ ਘਰਦਿਆਂ ਨੇ ਕੰਵਰ ਨਾਲ਼ 'ਇਮੋਸ਼ਨਲ ਗੇਮ' ਖੇਡਦਿਆਂ ਉਸ ਨੂੰ ਬੁਲਾਉਣਾ ਛੱਡ ਦਿੱਤਾ। ਜਦੋਂ ਵੀ ਉਸ ਨੇ ਬਾਹਰੋਂ ਆਉਣਾ ਤਾਂ ਉਨਾਂ ਨੇ ਇੱਕ-ਦੂਜੇ ਨੂੰ ਇਹੀ ਕਹਿਣਾ, "ਸਾਡੇ ਤਾਂ ਰੋਟੀ ਦੀ ਬੁਰਕੀ ਨਿੱਘਰਦੀ ਨਹੀਂ, ਇਹਨੂੰ ਪੁੱਛ ਲਵੋ ਜੇ ਰੋਟੀ ਖਾਣੀ ਹੈ ਤਾਂ ਫ਼ਰਿਜ 'ਚ ਸਬਜ਼ੀ ਪਈ ਹੈ। ਸਾਡਾ ਕੀ ਐ, ਬੱਸ ਮੁੰਡਾ ਖ਼ੁਸ਼ ਚਾਹੀਦਾ ਹੈ, ਜ਼ਿੰਦਗੀ ਤਾਂ ਇਹਨੇ ਹੀ ਕੱਟਣੀ ਹੈ।" ਪਰ ਉਹ ਖ਼ੁਸ਼ੀ ਕੰਵਰ ਨੂੰ ਕਿਸੇ ਦੇ ਚਿਹਰੇ 'ਤੇ ਵੀ ਨਜ਼ਰ ਨਹੀਂ ਆਈ। ਕਦੇ ਉਨਾਂ ਨੇ ਕਹਿਣਾ, "ਸਾਥੋਂ ਤਾਂ ਪ੍ਰੀਤ ਦਾ ਭੋਲਾ-ਭਾਲਾ ਚਿਹਰਾ ਨਹੀਂ ਭੁੱਲ ਹੁੰਦਾ, ਉਹਦਾ ਸਰਾਪ ਲੈ ਬੈਠੂ ਕਦੇ ਨਾ ਕਦੇ, ਦੇਖ ਲਿਉ ਤੁਸੀਂ।" ਕੰਵਰ ਦਾ ਕੋਈ ਅਜਿਹਾ ਨਜ਼ਦੀਕੀ ਨਹੀਂ ਸੀ ਜੋ ਇਸ ਅਤਿ ਦੀ ਮੁਸ਼ਕਿਲ ਘੜੀ ਵਿੱਚ ਉਸ ਨੂੰ ਕੋਈ ਰਾਹ ਦਿਖਾ ਸਕਦਾ। ਉਸ ਨੂੰ ਤਾਂ ਦੇਖ-ਦਿਖਾਈ ਵਾਲ਼ੀ ਗੱਲ ਚਿੱਤ ਚੇਤੇ ਵੀ ਨਹੀਂ ਸੀ ਪਰ ਸੱਚਾਈ ਤਾਂ ਇਹੀ ਸੀ।

ਤਿੰਨ-ਚਾਰ ਦਿਨ ਏਦਾਂ ਹੀ ਲੰਘਣ ਤੋਂ ਬਾਅਦ ਕੰਵਰ ਨੇ ਪ੍ਰੀਤ ਨਾਲ਼ ਸਿੱਧੀ ਗੱਲ ਕਰਨ ਦੀ ਸੋਚੀ। ਉਸ ਨੂੰ ਫ਼ੋਨ ਕੀਤਾ ਤਾਂ ਫ਼ੋਨ ਉਸ ਦੀ ਮੰਮੀ ਨੇ ਚੁੱਕਿਆ। ਕੰਵਰ ਨੇ ਉਨਾਂ ਨੂੰ ਪ੍ਰੀਤ ਨਾਲ਼ ਗੱਲ ਕਰਵਾਉਣ ਲਈ ਕਿਹਾ ਪਰ ਉਹ ਕਹਿੰਦੇ ਕਿ ਹੁਣ ਕੀ ਗੱਲ ਕਰਨੀ ਹੈ। ਕੰਵਰ ਨੇ ਕਿਹਾ ਕਿ ਬਹੁਤ ਜ਼ਰੂਰੀ ਹੈ, ਸਿਰਫ਼ ਇੱਕ ਬਾਰ। ਉਸ ਨੇ ਸੋਚਿਆ ਸੀ ਕਿ ਉਹ ਪ੍ਰੀਤ ਨੂੰ ਸਾਰੀ ਗੱਲ ਦੱਸ ਦੇਵੇਗਾ ਤੇ ਸ਼ਾਇਦ ਉਹ ਆਪ ਹੀ ਉਸਦੀ ਮਦਦ ਕਰਦੀ ਹੋਈ ਜਵਾਬ ਦੇ ਦੇਵੇਗੀ ਪਰ ਉਸ ਨੇ ਕਿਹਾ, "ਜਿਸ ਦਿਨ ਦਾ ਤੁਸੀਂ ਜਵਾਬ ਦਿੱਤਾ ਹੈ ਸਾਡੇ ਘਰ ਤਾਂ ਸੋਗ ਪਿਆ ਹੋਇਆ ਹੈ। ਹੁਣ ਤਾਂ ਪਤਾ ਨਹੀਂ ਮੈਂ ਕੀ ਕਰ ਜਾਵਾਂ, ਜੀਵਾਂ ਜਾਂ ਮਰ ਜਾਵਾਂ। ਬੱਸ ਮੇਰੀ ਤਾਂ ਕਿਸਮਤ ਹੀ ਖ਼ਰਾਬ ਹੈ।" ਕਹਿਦਿਆਂ ਹੀ ਕੰਵਰ ਦੀ ਪੂਰੀ ਗੱਲ ਸੁਣੇ ਬਿਨਾ ਹੀ ਉਸ ਨੇ ਫ਼ੋਨ ਰੱਖ ਦਿੱਤਾ।

ਫੇਰ ਕੰਵਰ ਨੇ ਆਪਣੇ ਅਤੇ ਆਪਣੇ ਪਿਆਰ ਤੋਂ ਬਿਨਾਂ ਬਾਕੀ ਸਾਰਿਆਂ ਬਾਰੇ ਸੋਚ ਕੇ ਆਪਣੇ ਮਨ ਵਿੱਚ ਕਰੜਾ ਫ਼ੈਸਲਾ ਕਰ ਕੇ ਅਖੀਰਲੀ ਬਾਰ ਲਾਲੀ ਨੂੰ ਮਿਲਣ ਲਈ ਨੇੜਲੇ ਪਾਰਕ 'ਚ ਬੁਲਾਇਆ। ਲਾਲੀ ਤਾਂ ਆਪ ਪਿਆਰ ਵਿੱਚ ਖੀਵੀ ਹੋਈ ਕੰਵਰ ਨੂੰ ਮਿਲਣ ਲਈ ਰੋਜ਼ ਹੀ ਫ਼ੋਨ ਉਡੀਕਦੀ ਰਹਿੰਦੀ ਸੀ। ਸਿਆਲਾਂ ਦੀ ਉਹ ਅਖੀਰੀ ਮੁਲਾਕਾਤ ਕੰਵਰ ਨੂੰ ਅਖੀਰਲੇ ਸਾਹ ਤੱਕ ਵੀ ਨਹੀਂ ਭੁੱਲਣੀ।

ਦੂਰ ਸਾਹਮਣੇ ਤੋਂ ਫਿੱਕੇ ਗੁਲਾਬੀ ਰੰਗ ਦਾ ਸੂਟ ਪਾ ਕੇ ਲਾਲੀ ਇੱਕ ਹੱਥ ਵਿੱਚ ਆਪਣੀ ਮੋਪਡ ਦੀ ਚਾਬੀ ਘੁਮਾਉਂਦੀ ਹੋਈ ਤੇ ਦੂਜੇ ਹੱਥ ਨਾਲ਼ ਬਾਰ-ਬਾਰ ਆਪਣੀ ਗੁੱਤ ਦੀ ਪਰਾਂਦੀ ਨੂੰ ਠੀਕ ਕਰਦੀ ਹੋਈ ਮੁਸਕਰਾਹਟਾਂ ਬਖ਼ੇਰਦੀ ਹੋਈ ਕੰਵਰ ਵੱਲ ਆ ਰਹੀ ਸੀ। ਕੰਵਰ ਨੇ ਜਦੋਂ ਵੀ ਉਸ ਨੂੰ ਮਿਲਣਾ ਹੁੰਦਾ ਬੱਸ ਇੱਕ ਫ਼ੋਨ ਕਰਦਾ ਹੁੰਦਾ ਸੀ, ਲਾਲੀ ਝੱਟ ਦੇਣੇ ਉੱਥੇ ਪਹੁੰਚ ਜਾਂਦੀ ਸੀ। ਇਸੇ ਚਾਅ 'ਚ ਕੰਵਰ ਕੋਲ ਆ ਕੇ ਉਹ ਆਪਣੇ ਅੰਦਾਜ਼ 'ਚ ਹੈਲੋ ਕਰਦਿਆਂ ਕੋਲ ਹੀ ਬੈਠ ਗਈ। ਉਸ ਦੀ ਹੈਲੋ ਵੀ ਉਸ ਵਾਂਗ ਅਲੱਗ ਹੀ ਸੀ, ਹਰ ਬਾਰ ਨੇੜੇ ਜਿਹੇ ਆ ਕੇ ਮੁੰਡਿਆਂ ਵਾਂਗ ਅੱਖਾਂ ਦੇ ਭਰਵੱਟੇ ਉੱਪਰ ਵੱਲ ਚੁੱਕਦਿਆਂ ਹੈਲੋ ਕਹਿ ਕੇ ਫਟਾਫਟ ਥੱਲੇ ਕਰ ਲੈਂਦੀ ਸੀ। ਕੰਵਰ ਉਹਦੀ ਹੈਲੋ ਤੋਂ ਬਾਅਦ ਕਈ ਬਾਰ ਕਹਿੰਦਾ ਹੁੰਦਾ ਸੀ ਕਿ ਜੇ ਮਾਰਨਾ ਹੀ ਹੈ ਤਾਂ ਏਦਾਂ ਹੀ ਕਹਿ ਦੇ, ਇਉਂ ਬਾਰ-ਬਾਰ ਜਾਨ ਕਾਹਤੋਂ ਕੱਢਦੀ ਹੈਂ?

ਰਸਮੀ ਗੱਲਬਾਤ ਤੋਂ ਬਾਅਦ ਕੰਵਰ ਨੇ ਉਸ ਨੂੰ ਸਾਰੀ ਗੱਲ ਕਿਸੇ ਫ਼ਿਲਮ ਦੀ ਕਹਾਣੀ ਵਾਂਗ ਸੁਣਾਉਣੀ ਸ਼ੁਰੂ ਕਰ ਦਿੱਤੀ। ਲਾਲੀ ਤਾਂ ਮਖ਼ੌਲ ਵਿੱਚ ਵੀ ਜੁਦਾਈ ਦਾ ਜ਼ਿਕਰ ਬਰਦਾਸ਼ਤ ਨਹੀਂ ਸੀ ਕਰਦੀ। ਇੱਕ-ਦੋ ਬਾਰ ਉਹ ਨੇ ਕਿਹਾ ਵੀ ਕਿ ਅਜਿਹਾ ਮਜ਼ਾਕ ਨਾ ਕਰੋ ਪਰ ਕੰਵਰ ਦੀਆਂ ਗਿੱਲੀਆਂ ਤੇ ਨੀਵੀਂਆਂ ਅੱਖਾਂ ਦੇਖ ਕੇ ਉਸ ਨੇ ਤਾਂ ਹੰਝੂਆਂ ਦੀ ਝੜੀ ਹੀ ਲਾ ਦਿੱਤੀ। ਕੰਵਰ ਨੇ ਉਸ ਨੂੰ ਬਹੁਤ ਸਮਝਾਇਆ, ਬਹੁਤ ਤਰਕ ਦਿੱਤੇ, ਜ਼ਿੰਮੇਵਾਰੀਆਂ ਤੇ ਮਜਬੂਰੀਆਂ ਦੱਸੀਆਂ, ਮਾਫ਼ੀਆਂ ਵੀ ਮੰਗੀਆਂ, ਪਰ ਉਹ ਕੰਵਰ ਦੀ ਛਾਤੀ 'ਤੇ ਮੁੱਕੀਆਂ ਮਾਰ-ਮਾਰ ਇਹੀ ਕਹਿੰਦੀ ਰਹੀ, "ਤੁਸੀਂ ਬੱਸ ਇੰਨਾ ਕਹਿ ਦੋ ਕਿ ਇਹ ਸਭ ਝੂਠ ਹੈ। ਬਾਕੀ ਮੈਂ ਆਪੇ ਸਭ ਕੁੱਝ ਠੀਕ ਕਰ ਲਊਂ, ਮੈਂ ਤੁਹਾਡੇ ਘਰਦਿਆਂ ਨਾਲ਼ ਵੀ ਆਪੇ ਗੱਲ ਕਰ ਲਊਂ। ਬੱਸ ਤੁਸੀਂ ਕਹਿ ਦੋ ਕਿ ਮੈਂ ਤੇਰੇ ਨਾਲ਼ ਹਾਂ।" ਦਸ ਵਜੇ ਤੋਂ ਲੈ ਕੇ ਦੁਪਹਿਰ ਦੋ-ਢਾਈ ਵਜੇ ਤੱਕ ਲਾਲੀ ਇੱਕ ਮਿੰਟ ਵੀ ਚੁੱਪ ਨਹੀਂ ਹੋਈ। ਉੱਥੇ ਹੋਰ ਲੋਕ ਵੀ ਆਈ-ਜਾਈ ਗਏ ਪਰ ਉਸ ਨੇ ਰੋਣਾ ਬੰਦ ਨਹੀਂ ਕੀਤਾ। ਉਹਨੇ ਸ਼ੁਰੂ ਤੋਂ ਹੀ ਕਦੇ ਕਿਸੇ ਦੀ ਪ੍ਰਵਾਹ ਨਹੀਂ ਕੀਤੀ ਸੀ ਨਾ ਕਿਸੇ ਤੋਂ ਡਰੀ ਸੀ। ਉਹ ਦਿਨ, ਉਹ ਸਮਾਂ, ਉਹ ਲਮਹਾ, ਉਹ ਦਰਦ, ਉਹ ਹੰਝੂ, ਉਹ ਮਿਹਣੇ, ਉਹ ਹੱਕ, ਉਹ ਥਾਂ ਸਭ ਕੁੱਝ ਕੰਵਰ ਦੇ ਮਨ ਦੀਆਂ ਯਾਦਾਂ ਵਿੱਚ ਸਾਂਭਿਆ ਪਿਆ ਹੈ। ਸ਼ਾਇਦ ਉਹ ਦਿਨ ਕੰਵਰ ਦੀ ਜ਼ਿੰਦਗੀ ਦੇ ਦਿਨਾਂ ਦੇ ਪੰਨਿਆਂ ਵਿੱਚੋਂ ਸਭ ਤੋਂ ਕਾਲਾ ਦਿਨ ਸੀ। ਉਨਾਂ ਦੇ ਇਸ਼ਕ ਦੀਆਂ ਯਾਦਾਂ ਗਵਾਹ ਨੇ ਕਿ ਜੇ ਕੋਈ ਪਿਆਰ ਹੈ ਤਾਂ ਬੱਸ ਇਹੀ ਹੈ ਨਹੀਂ ਤਾਂ ਕੁੱਝ ਨਹੀਂ ਹੈ।

'ਭੁੱਲਣਾ ਨਹੀਂ ਚੇਤਾ ਚੀਮੇ, ਜਨਵਰੀ ਚਾਰ ਦਾ

ਦਿਲ 'ਚੋਂ ਭੁਲਾਇਆ ਆਪੇ ਪਿਆਰ ਪਹਿਲੇ ਪਿਆਰ ਦਾ'

ਇੱਕ ਤਰਾਂ ਨਾਲ਼ ਕੰਵਰ ਤੇ ਲਾਲੀ ਦਾ ਪਿਆਰ ਦਮ ਤੋੜਨ ਕਿਨਾਰੇ ਸੀ ਪਰ ਉਨਾਂ ਦੀਆਂ ਦੁਸ਼ਵਾਰੀਆਂ ਦਾ ਅੰਤ ਇੱਥੇ ਵੀ ਨਹੀਂ ਹੋਇਆ। ਅਗਲੇ ਹੀ ਦਿਨ ਕੰਵਰ ਦੇ ਪਿਤਾ ਜੀ ਦਾ ਹੁਕਮ ਹੋਇਆ ਕਿ ਪੰਜ ਮਿੰਟਾਂ ਤੋਂ ਪਹਿਲਾਂ-ਪਹਿਲਾਂ ਉਹਦੀਆਂ ਸਾਰੀਆਂ ਚਿੱਠੀਆਂ ਤੇ ਫ਼ੋਟੋਆਂ ਲੈ ਕੇ ਮੇਰੇ ਨਾਲ਼ ਚੱਲ। ਕੰਵਰ ਦੇ ਕਿੱਥੇ ਪੁੱਛਦੇ ਸਾਰ ਹੀ ਉਨਾਂ ਕਿਹਾ, "ਜੋ ਕਿਹਾ ਹੈ ਉਹ ਕਰ ਫਟਾਫਟ, ਵੱਡਾ ਆਸ਼ਕ ਬਣਿਆ ਫਿਰਦੈਂ।" ਇਹ ਸ਼ਬਦ ਕੰਵਰ ਦਾ ਸੀਨਾ ਸੱਲ ਗਏ ਪਰ ਹੁਣ ਬਹਿਸ ਕਰਨ ਦਾ ਸਵਾਲ ਹੀ ਨਹੀਂ ਸੀ। ਉਹ ਚੁੱਪਚਾਪ ਸਕੂਟਰ ਪਿੱਛੇ ਬੈਠ ਗਿਆ ਤੇ ਸਕੂਟਰ ਸਿੱਧਾ ਉਨਾਂ ਦੇ ਗੇਟ ਅੱਗੇ ਜਾ ਕੇ ਰੁਕਿਆ। ਉਹ ਉਨਾਂ ਦੇ ਪਿੰਡ ਤਾਂ ਪਹਿਲਾਂ ਵੀ ਬਹੁਤ ਵਾਰ ਗਿਆ ਸੀ ਪਰ ਅੱਜ ਕੋਈ ਚਾਅ ਜਾਂ ਉਲਾਸ ਨਹੀਂ ਸੀ। ਲਾਲੀ ਦੇ ਪਿੰਡ ਦੇ ਕਿੰਨੇ ਹੀ ਮੁੰਡੇ ਉਹਦੇ ਵੈਰੀ ਬਣ ਗਏ ਸੀ ਜਿਹੜੇ ਉਸ ਨੂੰ ਚੁੱਕਣ ਦੀ ਤਾਕ ਵਿੱਚ ਰਹਿੰਦੇ ਸੀ। ਇੱਕ ਬਾਰ ਤਾਂ ਕੰਵਰ ਦਾ ਦਿਲ ਘਬਰਾਇਆ ਵੀ, ਬਈ ਇੱਥੇ ਕਿਉਂ ਆ ਗਏ ਹੁਣ ਪਰ ਫੇਰ ਉਸ ਨੇ ਸਭ ਰੱਬ 'ਤੇ ਹੀ ਛੱਡ ਦਿੱਤਾ। ਉਸ ਨੇ ਸੋਚਿਆ ਕਿ ਹੁਣ ਮਰੇ ਹੋਏ ਨੂੰ ਹੋਰ ਕੀ ਮਾਰਨਗੇ। ਸਾਰਾ ਕੁੱਝ ਉਨਾਂ ਨੂੰ ਵਾਪਸ ਕਰ ਦਿੱਤਾ। ਜਿਹੜੇ ਰਾਹਾਂ 'ਤੇ ਕੰਵਰ ਤੇ ਲਾਲੀ ਘੰਟਿਆਂ ਬੱਧੀ ਖੜੇ ਰਹਿੰਦੇ ਸੀ, ਉਸ ਰਸਤੇ 'ਤੇ ਕਦੇ ਭੁੱਲ ਕੇ ਵੀ ਨਾ ਚੜਨ ਸਮੇਤ ਕਈ ਹੋਰ ਕਰਾਰ ਕਰ ਕੇ ਉਹ ਵਾਪਸ ਆ ਗਏ। ਉਹ ਕਰਾਰ ਕੰਵਰ ਨੇ ਆਪ ਹੀ ਆਪਣੇ ਦੁਆਲ਼ੇ ਲਛਮਣ ਰੇਖਾ ਵਾਂਗੂੰ ਵਲ ਲਏ ਤੇ ਮੁੜ ਉਸ ਰੇਖਾ ਨੂੰ ਨਹੀਂ ਟੱਪਿਆ ਭਾਵੇਂ ਇਹ ਫ਼ੈਸਲਾ ਜਿਉਂਦੇ ਜੀ ਮਰਨ ਵਾਲ਼ਾ ਸੀ।

ਛੇਵੇਂ ਦਿਨ ਪ੍ਰੀਤ ਦੇ ਘਰ ਫ਼ੋਨ ਕਰ ਕੇ ਛੇਤੀ ਤੋਂ ਛੇਤੀ ਵਿਆਹ ਦੀ ਤਾਰੀਖ਼ ਰੱਖ ਦਿੱਤੀ। ਫ਼ਰਕ ਸਿਰਫ਼ ਇੰਨਾ ਸੀ ਕਿ ਹੁਣ ਕੰਵਰ ਤੋਂ ਬਿਨਾਂ ਬਾਕੀ ਸਾਰੇ ਬਹੁਤ ਖ਼ੁਸ਼ ਸਨ। ਉਹ ਕਹਿ ਰਹੇ ਸਨ ਕਿ ਚਲੋ ਦੇਰ ਨਾਲ਼ ਹੀ ਸਹੀ ਸਭ ਕੁੱਝ ਠੀਕ ਤਾਂ ਹੋ ਗਿਆ। ਉਸ ਦਿਨ ਤੋਂ ਲੈ ਕੇ ਵਿਆਹ ਵਾਲ਼ੇ ਦਿਨ ਤੱਕ ਘਰਦਿਆਂ ਨੇ ਕੰਵਰ ਨੂੰ ਪਲ ਲਈ ਵੀ ਇਕੱਲਾ ਨਹੀਂ ਛੱਡਿਆ, ਹਮੇਸ਼ਾ ਕੋਈ ਨਾ ਕੋਈ ਉਸ ਦੇ ਨਾਲ਼ ਹੀ ਰਿਹਾ। ਜਿੱਥੇ-ਜਿੱਥੇ ਵੀ ਕੰਵਰ ਆਪਣੇ ਭਰਾਵਾਂ ਨਾਲ਼ ਦੋਸਤਾਂ ਨੂੰ ਵਿਆਹ ਦੇ ਕਾਰਡ ਦੇਣ ਗਿਆ, ਸਭ ਦਾ ਇਹੀ ਸਵਾਲ ਸੀ ਕਿ ਵਿਆਹ ਇੱਧਰ ਹੋ ਰਿਹਾ ਹੈ ਜਾਂ ਉੱਧਰ। ਦੋ ਮਹੀਨਿਆਂ ਦੇ ਵਿੱਚ-ਵਿੱਚ ਰਿੰਗ-ਸੈਰੇਮਨੀ ਤੇ ਵਿਆਹ ਹੋ ਗਿਆ। ਯਾਰ-ਬੇਲੀ ਤੇ ਰਿਸ਼ਤੇਦਾਰ ਸਾਰੇ ਖ਼ੁਸ਼ੀ 'ਚ ਨੱਚ ਰਹੇ ਸਨ ਪਰ ਕੰਵਰ ਨੂੰ ਲੱਗ ਰਿਹਾ ਸੀ ਕਿ ਇਹ ਸਾਰੇ ਉਸ ਦੀ ਛਾਤੀ 'ਤੇ ਜ਼ੋਰ-ਸ਼ੋਰ ਦੀ ਛਾਲਾਂ ਮਾਰ ਰਹੇ ਹੋਣ। ਵਿਆਹ ਵਾਲ਼ੇ ਦਿਨ ਤੱਕ ਵੀ ਕੰਵਰ ਲਾਲੀ ਨੂੰ ਉਡੀਕਦਾ ਰਿਹਾ ਕਿ ਸ਼ਾਇਦ ਉਹ ਅੱਜ ਇੱਥੇ ਹੀ ਪਹੁੰਚ ਜਾਵੇ ਪਰ....!

ਜਿਹੜੇ ਰਿਸ਼ਤੇਦਾਰ ਉਦੋਂ ਕੰਵਰ ਨੂੰ ਖ਼ਾਨਦਾਨ ਤੇ ਇੱਜ਼ਤ ਦਾ ਵਾਸਤਾ ਪਾਉਂਦੇ ਸੀ ਜਾਂ 'ਅਜਿਹੀਆਂ ਗੱਲਾਂ ਨੂੰ ਜ਼ਿਆਦਾ ਗੰਭੀਰਤਾ ਨਾਲ਼ ਨਹੀਂ ਲਈਦਾ' ਕਹਿੰਦੇ ਸੀ, ਜਦੋਂ ਦਸ-ਪੰਦਰਾਂ ਸਾਲਾਂ ਬਾਅਦ ਉਨਾਂ ਦੇ ਮੁੰਡੇ ਜਵਾਨ ਹੋਏ ਤੇ ਕੰਵਰ ਵਾਂਗ ਉਹ ਵੀ ਵਿਆਹ ਤੋਂ ਟਾਲ-ਮਟੋਲ ਕਰਨ ਲੱਗੇ ਤਾਂ ਹਰੇਕ ਦੇ ਪੁੱਛਣ 'ਤੇ ਉਹ ਕਹਿੰਦੇ ਕਿ ਅਸੀਂ ਤਾਂ ਆਪ ਪੁੱਛਦੇ ਹਾਂ ਬਈ ਜੇ ਕੋਈ ਕੁੜੀ ਆਪ ਵੀ ਲੱਭੀ ਹੋਈ ਹੈ ਜਾਂ ਪਸੰਦ ਹੈ ਤਾਂ ਦੱਸਣ ਤਾਂ ਸਹੀ, ਅਸੀਂ ਤਾਂ ਝੱਟ ਕਰ ਦੇਵਾਂਗੇ, ਅੱਜ-ਕੱਲ ਤਾਂ ਸਭ ਚੱਲਦਾ ਹੈ, ਅਸੀਂ ਤਾਂ ਆਪਣੇ ਬੱਚਿਆਂ ਦੀਆਂ ਖ਼ੁਸ਼ੀਆਂ ਚਾਹੁੰਦੇ ਹਾਂ। ਬੱਸ ਕੰਵਰ ਸੋਚ ਰਿਹਾ ਸੀ ਕਿ ਹਾਏ ਰੱਬਾ,

(ਬਾਕੀ ਸਫਾ 30 'ਤੇ)

# ਸਿੱਖ ਪੰਥ ਆਏ ਦਿਨ ਨਵੀਆਂ ਮੁਸ਼ਕਲਾਂ ਦੇ ਵਿੱਚ ਕਿਉਂ ਘਿਰਦਾ ਜਾ ਰਿਹਾ ਹੈ

## ਨੌਜਵਾਨ ਵਰਗ ਨੂੰ ਕੌਮੀ ਆਗੂ ਦੀ ਘਾਟ ਰੜਕਣ ਲੱਗੀ



ਸਿੰਦਰ ਸਿੰਘ ਮੀਰਪੁਰੀ
ਕੈਲੀਫ਼ੋਰਨੀਆ ਅਮਰੀਕਾ
5592850841

ਪਿਛਲੇ ਲੰਬੇ ਸਮੇਂ ਤੋਂ ਅਕਸਰ ਵੇਖਿਆ ਜਾ ਰਿਹਾ ਹੈ ਕਿ ਪੂਰੀ ਸਿੱਖ ਕੌਮ ਅੰਦਰ ਗਲਤ ਧਾਰਨਾਵਾਂ ਦੇ ਸਦਕਾ ਵੱਡੇ ਪੱਧਰ ਤੇ ਉਥਲ ਪੁਥਲ ਹੁੰਦੀ ਦਿਖਾਈ ਦਿੰਦੀ ਹੈ। ਇਹ ਗੱਲਾਂ ਪੰਜਾਬ ਵਿੱਚ ਹੀ ਨਹੀਂ ਸਗੋਂ ਬਾਹਰਲੇ ਮੁਲਕਾਂ ਵਿੱਚ ਵੀ ਵਾਪਰ ਰਹੀਆਂ ਹਨ। ਸਿੱਖ ਭਾਈਚਾਰਾ ਆਪਸ ਵਿੱਚ ਲੜ ਕੇ ਔਜੜੇ ਭਰੇ ਰਾਹਾਂ ਦਾ ਪਾਂਧੇ ਬਣਦਾ ਜਾ ਰਿਹਾ ਹੈ। ਨੌਜਵਾਨੀ ਦਾ ਵੀ ਇਸੇ ਤਰ੍ਹਾਂ ਪੂਰਾ ਯੋਗਦਾਨ ਹੈ। ਜਵਾਨੀ ਦਾ ਇਸ ਸਾਰੇ ਵਰਤਾਰੇ ਵਿੱਚ ਸ਼ਾਮਲ ਹੋ ਕੇ ਗ਼ਲਤ ਰਾਹ ਪੈ ਕੇ ਆਪਣੇ ਹੀ ਕੌਮ ਨੂੰ ਨਿੰਦਣਾ ਅਤੇ ਚੰਗੇ ਚੰਗੇ ਵਿਦਵਾਨਾਂ @ਤੇ ਉਂਗਲਾਂ ਉਠਾਉਣੀਆਂ ਇਹ ਕਿਸੇ ਨੂੰ ਸੋਭਾ ਨਹੀਂ ਦਿੰਦਾ। ਇਹ ਗੱਲਾਂ ਬਹੁਤ ਮਾੜੀਆਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਗੁਰਦੁਆਰੇ ਵਿੱਚ ਲੜਾਈਆਂ ਹੋ ਰਹੀਆਂ ਹਨ ਅਤੇ ਸਿੱਖ ਆਪਸ ਵਿੱਚ ਉਲਝ ਕੇ ਬੁਰੀ ਕਟਾ- ਵਡੀ ਹੋ ਕੇ ਇਕ ਦੂਜੇ ਦੇ ਦੁਸ਼ਮਣ ਬਣ ਰਹੇ ਹਨ।

ਇਹ ਵਰਤਾਰਾ ਭਾਵੇਂ ਅੱਜ ਤੋਂ ਨਹੀਂ ਚੱਲਿਆ। ਪਰ ਵੱਡੇ ਪੱਧਰ ਤੇ ਪਿਛਲੇ ਲੰਬੇ ਸਮੇਂ ਤੋਂ ਵਾਪਰ ਰਿਹਾ ਹੈ ਸਾਡੀ ਸਿੱਖ ਕੌਮ ਪੂਰੀ ਤਰ੍ਹਾਂ ਲੀਡਰ ਰਹਿਤ ਹੋ ਕੇ ਰਹਿ ਚੁੱਕੀ ਹੈ। ਜਿਸ ਨੂੰ ਲੋੜ ਹੈ ਸਾਰੀਆਂ ਗੱਲਾਂ-ਬਾਤਾਂ ਕਰਕੇ ਨਵੇਂ ਸਿਰੇ ਤੋਂ ਇੱਕ ਚੰਗਾ ਵਧੀਆ ਭਾਈਚਾਰਾ ਉਸਾਰਨ ਦੀ ਕਿਉਂਕਿ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜੇਕਰ ਅਸੀਂ ਜਿੰਦਗੀ ਜਰੂਰੀ ਹੈ ਤਾਂ ਸਾਰੇ ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਗੁਰਬਾਣੀ ਦੇ ਦੱਸੇ ਰਸਤੇ ਤੇ ਚੱਲ ਕੇ ਚੰਗੀ ਜ਼ਿੰਦਗੀ ਬਿਤਾਈ ਜਾ ਸਕਦੀ ਹੈ। ਸਾਡੇ ਗੁਰੂ ਸਾਹਿਬਾਨ ਨੇ ਆਖਿਆ ਹੈ ਕਿ ਕੋਈ ਵੀ ਇਨਸਾਨ ਜਦੋਂ ਹੰਕਾਰ ਦੇ ਰਾਹ ਪੈ ਜਾਂਦਾ ਹੈ ਤਾਂ ਉਸਦਾ ਨੁਕਸਾਨ ਹੋਣਾ ਤੈਅ ਹੈ ਕਿਉਂਕਿ ਹੰਕਾਰ ਕੁਦਰਤ ਨੂੰ ਭਾਉਂਦਾ ਨਹੀਂ ਹੈ। ਇਸ ਲਈ ਕਿਸੇ ਵੀ ਇਨਸਾਨ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ। ਉਸਨੂੰ ਹਉਮੈ ਦੇ ਪੈ ਕੇ ਜ਼ਿੰਦਗੀ ਨਹੀਂ ਜੀਣੀ ਚਾਹੀਦੀ ਚੰਗਾ ਹੋਵੇ ਜੇਕਰ ਹਰ ਬੰਦਾ ਹਉਮੈ ਤਿਆਗ ਕੇ ਆਪਸੀ ਭਾਈਚਾਰਾ ਕਾਇਮ ਰੱਖੇ। ਇਹ ਵਧੀਆ ਗੱਲ ਹੈ।

ਅੱਜ ਕੱਲ ਪੂਰੀ ਦੁਨੀਆਂ ਦੇ ਵਿੱਚ ਗੁਰਦੁਆਰਾ ਸਾਹਿਬਾਨ ਦੇ ਅੰਦਰ ਜੋ ਕੁਝ ਹੋ ਰਿਹਾ ਉਸਨੂੰ ਵੇਖ ਕੇ ਕਿਸੇ ਵੀ ਇਨਸਾਨ ਦਾ ਸਿਰ ਸ਼ਰਮ ਨਾਲ ਨੀਵਾਂ ਹੋ ਜਾਂਦਾ ਹੈ। ਅਸੀਂ ਗੋਲਕ ਪਿੱਛੇ ਲੜ ਰਹੇ ਹਾਂ। ਭਾਂਡਿਆਂ ਦੇ ਪਿੱਛੇ ਸਾਡੇ ਜੱਫੇ ਲੱਗ ਰਹੇ ਹਨ ਤੇ ਰੁਪਏ ਖਾਤਰ ਕਮੇਟੀਆਂ ਦੇ ਵਿੱਚ ਕਤਲਾਂ ਤੱਕ ਆਮ ਗੱਲ ਹੋ ਚੁੱਕੀ ਹੈ। ਥਾਣੇ ਕਚਹਿਰੀਆਂ ਜਾ ਕੇ ਗੁਰੂ ਘਰ ਦੇ ਝਗੜੇ ਸੁਲਝਦੇ ਰਹੇ ਹਨ। ਪੁਲਿਸ ਵੱਲੋਂ ਬਹੁਤ ਸਾਰੇ ਲੋਕਾਂ ਤੇ ਪਰਚੇ ਦਰਜ ਕੀਤੇ ਜਾਣਾ ਆਮ ਗੱਲ ਹੋ ਚੁੱਕੀ ਹੈ। ਸਾਨੂੰ ਸਾਡੇ ਗੁਰੂ ਸਾਹਿਬਾਨ ਨੇ ਇਹੀ ਗੱਲ ਸਿਖਾਈ ਸੀ ਕਿ ਗੁਰਦੁਆਰਿਆਂ ਪਿਛੇ ਉਲਝ ਕੇ ਆਪਣੀ ਪਰਿਵਾਰਾਂ ਨੂੰ ਖਰਾਬ ਕਰ ਲਵੋ। ਇਹ ਵਰਤਾਰਾ ਬਾਹਰਲੇ ਮੁਲਕਾਂ ਅੰਦਰ ਵੀ ਵਾਪਰ ਰਿਹਾ ਹੈ। ਚੌਧਰ ਦੇ ਭੁੱਖੇ ਲੋਕਾਂ ਵੱਲੋਂ ਆਮ ਲੋਕਾਂ ਨੂੰ ਅਤੇ ਸਿੱਖ ਸੰਗਤ ਨੂੰ ਲੜਾ ਕੇ ਆਪਣਾ ਉੱਲੂ ਸਿੱਧਾ ਕੀਤਾ ਜਾ ਰਿਹਾ ਹੈ। ਘਾਟ ਕਿੱਥੇ ਹੈ ਇਹ ਸੋਚਣ ਦਾ ਸਮਾਂ ਹੈ ਕਿਉਂਕਿ ਗੁਰੂ ਸਹਿਬਾਨ ਦੀ ਦਿੱਤੀ ਸਿੱਖਿਆ ਅਨੁਸਾਰ ਇਹ ਕੁਝ ਨਹੀਂ ਸਿਖਾਇਆ ਜਾਂਦਾ।

ਲੋੜ ਹੈ ਸਾਡੀ ਨੌਜਵਾਨੀ ਨੂੰ ਸਹੀ ਰਸਤੇ ਤੇ ਲੈ ਕੇ ਆਉਣ ਦੀ ਕਿਉਕਿ ਅੱਜ ਕੱਲ ਜੋ ਕੁਝ ਸਾਡੀ ਨੌਜਵਾਨੀ ਵੱਲੋਂ ਕੀਤਾ ਜਾ ਰਿਹੈ ਉਸ ਨੂੰ ਵੇਖ ਕੇ ਵੀ ਕਿਸੇ ਇਨਸਾਨ ਦਾ ਕਾਲਜਾ ਤੱਕ ਪਾੜ ਜਾਂਦਾ ਹੈ। ਵਿਦੇਸ਼ਾ ਅੰਦਰ ਨੌਜਵਾਨੀ ਕਿਹੜੇ ਰਾਹ ਤੁਰ ਚੁੱਕੀ ਹੈ ਕਹਿਣ ਦੀ ਲੋੜ ਨਹੀਂ ਬਹੁਤ ਸਾਰੇ ਨੌਜਵਾਨਾਂ ਵੱਲੋਂ ਨਸ਼ਾ ਕਰਕੇ ਗੁਰਦੁਆਰਿਆਂ ਅੰਦਰ ਝਗੜੇ ਕਰਨੇ ਆਮ ਗੱਲ ਹੋ ਚੁੱਕੀ ਹੈ। ਇਹ ਕੁਝ ਪਹਿਲਾਂ ਪੰਜਾਬ ਵਿੱਚ ਵੇਖਿਆ ਜਾਂਦਾ ਸੀ ਪਰ ਹੁਣ ਵਿਦੇਸ਼ਾਂ ਦੀ ਧਰਤੀ ਤੇ ਵੀ ਵਾਪਰ ਰਿਹਾ ਹੈ ਪਿਛਲੇ ਦਿਨੀਂ ਕੈਨੇਡਾ ਦੀ ਧਰਤੀ ਤੇ ਜਿੱਥੇ ਵਿਦਿਆਰਥੀਆਂ ਦਾ ਜਾਣਾ ਆਮ ਗੱਲ ਹੋ ਚੁੱਕੀ ਹੈ। ਇੱਕ ਲੜਕੀ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਅੰਦਰ ਦਾਖਲ ਹੋ ਕੇ ਸਿਰਫ ਰੋਟੀ ਖਾਤਰ ਇੱਕ ਵੱਡਾ ਬਵਾਲ ਖੜਾ ਕਰਦਿਆਂ ਪ੍ਰਬੰਧਕਾਂ ਤੇ ਨੁਕਤਾਚੀਨੀ ਕੀਤੀ ਹੈ, ਜੋ ਬਿਲਕੁਲ ਗ਼ਲਤ ਵਰਤਾਰਾ ਹੈ ਇਸ ਤਰ੍ਹਾਂ ਦੀਆਂ ਹਰਕਤਾਂ ਸਾਡੀ ਜਵਾਨੀ ਨੂੰ ਸੋਭਾ ਨਹੀਂ ਦਿੰਦੀਆਂ ਜੋ ਕਿਤੇ ਨਾ ਕਿਤੇ ਸੂਝ ਬੂਝ ਦੀ ਘਾਟ ਹੈ।

?? ਇੱਕ ਵੱਡਾ ਕਾਰਨ ਇਸ ਸਾਰੇ ਘਟਨਾਕ੍ਰਮ ਦਾ ਇਹ ਵੀ ਸੋਚਿਆ ਤੇ ਵੇਖਿਆ ਜਾਣਾ ਜਰੂਰੀ ਹੋ ਜਾਂਦਾ ਹੈ ਕਿ ਸਾਡੀ ਲੀਡਰਸ਼ਿਪ ਦੀ ਘਾਟ ਕਾਰਨ ਨੌਜਵਾਨੀ ਗ਼ਲਤ ਰਸਤੇ ਤੇ ਤਾਂ ਚੱਲੀ ਹੀ ਪਰ ਨਾਲ ਦੀ ਨਾਲ ਨਾਲ ਸਾਡੇ ਸਿਆਸੀ ਤੇ ਧਾਰਮਿਕ ਆਗੂ ਆਗੂਆਂ ਦੀ ਬਦੌਲਤ ਪੂਰੀ ਕੌਮ ਦਾ ਬੇੜਾ ਗਰਕ ਹੋ ਗਿਆ। ਕਿਉਂਕਿ ਸਾਡੇ ਆਗੂਆਂ ਵੱਲੋਂ ਸਦਾ ਹੀ ਕੁਰਸੀ ਦੀ ਖ਼ਾਤਰ ਆਪਣੇ ਨਿੱਜੀ ਹਿੱਤਾਂ ਨੂੰ ਅੱਗੇ ਰੱਖ ਕੇ ਕੌਮ ਦਾ ਨੁਕਸਾਨ ਕੀਤਾ ਗਿਆ। ਸਾਡੀ ਨੌਜਵਾਨੀ ਪਹਿਲਾਂ ਹੀ ਗਲਤ ਰਸਤੇ ਤੇ ਨਹੀਂ ਤੁਰੀ। ਇਹ ਸਾਡੇ ਆਗੂਆਂ ਦੀ ਬਦੌਲਤ ਵਾਪਰਿਆ ਹੈ। ਸਾਡੇ ਆਗੂਆਂ ਵੱਲੋਂ ਆਪਣੀ ਨਿੱਜੀ ਪਹਿਲ ਨੂੰ ਬਰਕਰਾਰ ਰੱਖ ਕੇ ਵੱਡੇ ਲੋਕਾਂ ਦੇ ਕੰਧੇਰੇ ਚੜ੍ਹ ਕੇ ਚੰਗੀ ਬਣੀ ਖੇਡ ਦਾ ਨਾਸ ਕਰ ਦਿੱਤਾ। ਸਾਡੇ ਆਗੂ ਆਪ ਹੀ ਗੁਰੂ ਸਾਹਿਬ ਦੇ ਦੱਸੇ ਰਸਤੇ ਤੇ ਨਹੀਂ ਚੱਲ ਸਕੇ ਤਾਂ ਉਨ੍ਹਾਂ ਦੇ ਮਗਰ ਨੌਜਵਾਨੀ ਕਿਹੜੇ ਰਾਹ ਤੁਰੇਗੀ ਕਹਿਣ ਦੀ ਲੋੜ ਨਹੀਂ। ਜੋ ਕੁਝ ਸਿੱਖਾਂ ਦੀਆਂ ਨੁਮਾਇੰਦਾ ਜਮਾਤਾਂ ਵੱਲੋਂ ਪਿਛਲੇ ਸਮੇ ਕੀਤਾ ਗਿਆ ਉਹਨਾਂ ਨੂੰ ਵੇਖ ਕੇ ਤਾਂ ਸਿਰਫ ਇੰਨਾ ਹੀ ਆਖਿਆ ਜਾ ਸਕਦਾ ਹੈ ਕਿ ਸਾਡਾ ਤਾਂ ਹੁਣ ਰੱਬ ਹੀ ਰਾਖਾ ਹੈ।

ਚੰਗਾ ਹੋਵੇ ਜੇਕਰ ਸਾਡੇ ਆਗੂ ਅਤੇ ਅਸੀਂ ਇੱਕ ਪੰਥ ਇੱਕ ਸੋਚ ਦੇ ਧਾਰਨੀ ਬਣੇ ਪੂਰੀ ਕੌਮ ਦੇ ਦੱਸੇ ਮਾਰਗ ਤੇ ਚਲਦਿਆਂ ਆਪਣੇ ਕੰਮ ਧੰਦਿਆਂ ਦੇ ਨਾਲ ਨਾਲ ਕੌਮੀ ਜਜ਼ਬੇ ਵਿੱਚ ਗੜੁੱਚ ਹੋ ਕੇ ਭਾਈ ਪਰਮਪਾਲ ਸਿੰਘ ਹੋਰਾਂ ਦੀ ਤਰ੍ਹਾਂ ਪੰਥਕ ਕਾਰਜ ਕਰਕੇ ਨੌਜਵਾਨਾਂ ਦੀ ਅਗਵਾਈ ਕਰਦਿਆਂ ਪੂਰੀ ਕੌਮ ਪ੍ਰਤੀ ਸ਼ੇਧਤ ਹੋ ਕੇ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜਿੰਦਗੀ ਜਿਊਂਦਿਆਂ ਇਮਾਨਦਾਰੀ ਨਾਲ ਕੌਮੀ ਕਾਰਜ ਕਰਕੇ ਇਕ ਵੱਖਰੀ ਪਿਰਤ ਪਾਉਣ ਦਾ ਯਤਨ ਕਰੀਏ। ਸਾਡੀਆਂ ਅਗਲੀਆਂ ਪੀੜ੍ਹੀਆਂ ਸਾਨੂੰ ਤਾਂ ਹੀ ਮਾਫ ਕਰਨਗੀਆਂ ਜੇਕਰ ਅਸੀਂ ਗੁਰੂ ਸਾਹਿਬਾਨ ਦੇ ਦੱਸੇ ਹੋਏ ਰਸਤੇ ਤੇ ਚੱਲ ਕੇ ਕੁਝ ਵੱਖਰਾ ਕਰਨ ਦਾ ਯਤਨ ਕਰਾਂਗੇ। ਆਓ ਇੱਕ ਪੰਥ ਇੱਕ ਸੋਚ ਦੇ ਧਾਰਨੀ ਬਣ ਕੇ ਪੂਰੀ ਕੌਮ ਨੂੰ ਇੱਕ ਧਾਗੇ ਵਿੱਚ ਮਾਲਾ ਵਿੱਚ ਪਰੋਣ ਦਾ ਯਤਨ ਕਰੀਏ। ਇਸ ਦੇ ਵਿੱਚ ਹੀ ਸਾਡੀ ਭਲਾਈ ਹੈ। ਬਿਨਾਂ ਸ਼ੱਕ ਵੱਖ-ਵੱਖ ਜਥੇਬੰਦੀਆਂ ਤੇ ਭਾਈ ਪਰਮਪਾਲ ਸਿੰਘ ਹੋਰਾਂ ਦਾ ਇਹ ਉਪਰਾਲਾ ਸ਼ਲਾਘਾਯੋਗ ਕਦਮ ਹੈ।

# ਔਰਤ ਨੂੰ ਸਮਝਾਉਣ ਦੀ ਨਹੀਂ, ਸਮਝਣ ਦੀ ਜ਼ਰੂਰਤ



ਹਰਦੀਪ ਸਿੰਘ ਝੱਜ

ਔਰਤ ਤੇ ਮਰਦ ਦੀ ਸੋਚ ਅਤੇ ਜਿਊਣ ਦੇ ਤਰੀਕੇ ਵਿੱਚ ਕਈ ਬੁਨਿਆਦੀ ਅੰਤਰ ਪਾਏ ਜਾਂਦੇ ਹਨ। ਇਹੀ ਕਾਰਨ ਹੈ ਕਿ ਔਰਤ ਤੇ ਮਰਦ ਦੀ ਮਾਨਸਿਕ ਸੂਝ, ਰੁਚੀਆਂ, ਭਾਵਨਾਤਮਕ ਜੀਵਨ ਅਤੇ ਸੁਭਾਅ ਵਿੱਚ ਵੱਡੇ ਪੱਧਰ ’ਤੇ ਅੰਤਰ ਹੁੰਦਾ ਹੈ। ਔਰਤਾਂ, ਮਰਦਾਂ ਨਾਲੋਂ ਵੱਧ ਭਾਵੁਕ ਹੁੰਦੀਆਂ ਹਨ। ਉਨ੍ਹਾਂ ਨੂੰ ਆਪਣੇ ਵਿਆਹ ਦੀ ਮਿਤੀ, ਪਤੀ ਨਾਲ ਹੋਏ ਪਹਿਲੇ ਝਗੜੇ ਅਤੇ ਅਜਿਹੀਆਂ ਹੋਰ ਘਟਨਾਵਾਂ ਦੀਆਂ ਮਿਤੀਆਂ ਯਾਦ ਰਹਿੰਦੀਆਂ ਹਨ, ਜਦਕਿ ਮਰਦ ਆਮ ਤੌਰ ’ਤੇ ਇਹ ਸਭ ਕੁਝ ਭੁੱਲ ਜਾਂਦੇ ਹਨ ਜਿਸ ਕਾਰਨ ਕਈ ਵਾਰ ਤਾਂ ਲੜਾਈ-ਝਗੜੇ ਦੀ ਸੰਭਾਵਨਾ ਵਧ ਜਾਂਦੀ ਹੈ। ਅਸਲ ਵਿੱਚ ਔਰਤਾਂ ਦੇ ਦਿਮਾਗ਼ ਦੀ ਬਣਤਰ ਹੀ ਕੁਝ ਅਜਿਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਭਾਵੁਕ ਗੱਲਾਂ ਜ਼ਿਆਦਾ ਯਾਦ ਰਹਿੰਦੀਆਂ ਹਨ। ਖੋਜਕਾਰਾਂ ਅਨੁਸਾਰ ਅਜਿਹੀਆਂ ਪੁਰਾਣੀਆਂ ਗੱਲਾਂ ਯਾਦ ਰੱਖਣ ਵਿੱਚ ਮਰਦਾਂ ਦੇ ਦਿਮਾਗ਼ ਦੇ 2 ਹਿੱਸੇ ਜਦੋਂਕਿ ਔਰਤਾਂ ਦੇ ਦਿਮਾਗ਼ ਦੇ 9 ਭਾਗ ਕੰਮ ਕਰਦੇ ਹਨ। ਅੰਗਰੇਜ਼ ਵਿਗਿਆਨੀਆਂ ਵੱਲੋਂ ਹਾਲ ਹੀ ਵਿੱਚ ਕੀਤੇ ਇੱਕ ਅਧਿਐਨ ਤੋਂ ਇਹ ਤੱਥ ਉੱਭਰਿਆ ਹੈ ਕਿ ਮਰਦ ਬੇਸ਼ੱਕ ਔਰਤਾਂ ਨਾਲੋਂ ਜ਼ਿਆਦਾ ਸਮਝਦਾਰ ਹੁੰਦੇ ਹਨ, ਪਰ ਉਹ ਵਧੇਰੇ ਜ਼ਿੱਦੀ ਵੀ ਹੁੰਦੇ ਹਨ। ਔਰਤ ਦਾ ਭਾਵੁਕ ਅਤੇ ਮਰਦ ਦਾ ਜ਼ਿੱਦੀ ਸੁਭਾਅ ਬਹੁਤੀ ਵਾਰ ਪਤੀ-ਪਤਨੀ ਵਿਚਾਲੇ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਝਗੜੇ ਦਾ ਕਾਰਨ ਵੀ ਬਣਦਾ ਹੈ। ਜਦੋਂ ਔਰਤ ਦੀ ਭਾਵੁਕਤਾ ਗੁੱਸੇ ਦਾ ਰੂਪ ਧਾਰਨ ਕਰ ਲਵੇ ਤਾਂ ਉਹ ਕੁਝ ਵੀ ਕਰ ਸਕਦੀ ਹੈ। ਵਿਚਾਰਕ ਮਤਭੇਦਾਂ ਨੂੰ ਜੇਕਰ ਸਮੇਂ ਸਿਰ ਨਾ ਸੁਲਝਾਇਆ ਜਾਵੇ ਤਾਂ ਉਹ ਪਤੀ-ਪਤਨੀ ਦੇ ਰਾਹਾਂ ਦੇ ਕੰਡੇ ਬਣ ਜਾਂਦੇ ਹਨ। ਅਸਲ ਵਿੱਚ ਜੇਕਰ ਅਸੀਂ ਚਾਹੁੰਦੇ ਹਾਂ ਕਿ ਗ੍ਰਹਿਸਤੀ ਜੀਵਨ ਦੀ ਗੱਡੀ ਲੀਹ ’ਤੇ ਰਹੇ ਤਾਂ ਇਹ ਗੱਲ ਜ਼ਿੰਦਗੀ ਲਈ ਪੱਲੇ ਬੰਨ੍ਹ ਲਵੋ ਕਿ ਪਤਨੀ ਨੂੰ ਸਮਝਾਉਣ ਦੀ ਨਹੀਂ ਸਮਝਣ ਦੀ ਲੋੜ ਹੈ। ਇੰਗਲੈਂਡ ਵਿਖੇ ਪਿਛਲੇ ਕੁਝ ਸਾਲਾਂ ਦੌਰਾਨ ਕਰਵਾਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮਰਦ ਤੇ ਔਰਤ ਵੱਖ-ਵੱਖ ਤਰੀਕੇ ਨਾਲ ਸੋਚਦੇ ਹਨ। ਇਹ ਅੰਤਰ ਵੱਖ-ਵੱਖ ਜੀਨਾਂ ’ਤੇ ਨਿਰਭਰ ਕਰਦਾ ਹੈ। ਸਾਡੀਆਂ ਪ੍ਰਵਿਰਤੀਆਂ ਵਿਰਸੇ ਵਿੱਚ ਮਿਲੇ ਹੋਏ ਜੀਨਾਂ ਦੀ ਦੇਣ ਹਨ। ਦੂਜਾ, ਸੈਕਸ ਹਾਰਮੋਨਜ਼ ਵੀ ਸਾਡੇ ਸੁਭਾਅ ਨੂੰ ਨਿਰਧਾਰਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਜੀਨਾਂ ਕਰਕੇ ਹੀ ਔਰਤ ਤੇ ਮਰਦ ਦੇ ਸੁਭਾਅ ਵਿੱਚ ਬੁਨਿਆਦੀ ਬਦਲਾਅ ਦਿਖਾਈ ਦਿੰਦਾ ਹੈ। ਇਹੀ ਨਹੀਂ ਜੀਵਨ-ਸਾਥੀ ਚੁਣਨ ਸਮੇਂ ਵੀ ਦੋਹਾਂ ਦੀ ਪਹੁੰਚ ਵੱਖ-ਵੱਖ ਹੁੰਦੀ ਹੈ। ਮਰਦਾਂ ਦਾ ਵਧੇਰੇ ਧਿਆਨ ਔਰਤ ਦੀ ਸੁੰਦਰਤਾ ’ਤੇ ਰਹਿੰਦਾ ਹੈ ਜਦੋਂਕਿ ਔਰਤਾਂ ਜ਼ਿਆਦਾਤਰ ਰੁਤਬੇ ਨੂੰ ਮਹੱਤਵ ਦਿੰਦੀਆਂ ਹਨ। ਖੋਜ ਮੁਤਾਬਕ ਮਰਦਾਂ ਅਤੇ ਔਰਤਾਂ ਵਿੱਚ ਜੀਨ ਤਾਂ ਭਾਵੇਂ ਇੱਕੋ ਹੀ ਹੁੰਦੇ ਹਨ, ਪਰ ਮਰਦ ਅਤੇ ਔਰਤ ਦੇ ਦਿਮਾਗ਼ ਵਿੱਚ ਇਹ ਵੱਖ-ਵੱਖ ਤਰੀਕੇ ਨਾਲ ਕਿਰਿਆਸ਼ੀਲ ਹੁੰਦੇ ਹਨ। ਇਹ ਸੰਭਵ ਹੈ ਕਿ ਇੱਕ ਜੀਨ ਮਰਦਾਂ ਦੇ ਦਿਮਾਗ਼ ਅੰਦਰ ਘੱਟ ਕਿਰਿਆਸ਼ੀਲ ਹੋਵੇ ਅਤੇ ਔਰਤਾਂ ਵਿੱਚ ਵੱਧ। ਵਿਗਿਆਨੀਆਂ ਅਨੁਸਾਰ ਔਰਤਾਂ ਤੇ ਮਰਦਾਂ ਦੀ ਮਾਨਸਿਕ ਹਾਲਤ ਵੀ ਅਲੱਗ ਹੁੰਦੀ ਹੈ। ਔਰਤਾਂ ਆਮ ਤੌਰ ’ਤੇ ਉਦਾਸ ਅਤੇ ਅਸੰਤੁਸ਼ਟ ਰਹਿੰਦੀਆਂ ਹਨ ਅਤੇ ਮਰਦਾਂ ਦੀ ਤੁਲਨਾ ਵਿੱਚ ਜਲਦੀ ਹੀ ਨਾਰਾਜ਼ ਹੋ ਜਾਂਦੀਆਂ ਹਨ। ਔਰਤਾਂ ਦੀਆਂ ਰੁਚੀਆਂ ਦਾ ਘੇਰਾ ਤੰਗ ਹੁੰਦਾ ਹੈ ਅਤੇ ਉਨ੍ਹਾਂ ਵਿੱਚ ਭਰਪੂਰ ਖ਼ੁਸ਼ੀ ਮਾਣਨ ਦੀ ਸਮਰੱਥਾ ਵੀ ਘੱਟ ਹੁੰਦੀ ਹੈ। ਤਾਂ ਹੀ ਦਿਮਾਗ਼ੀ ਬਿਮਾਰੀਆਂ ਦੀ ਜ਼ਿਆਦਾ ਮਾਰ ਔਰਤਾਂ ਨੂੰ ਹੀ ਝੱਲਣੀ ਪੈਂਦੀ ਹੈ। ਸੈਕਸ ਹਾਰਮੋਨਜ਼ ਦੇ ਪ੍ਰਭਾਵ ਅਧੀਨ ਵੀ ਸਾਡਾ ਵਤੀਰਾ ਬਦਲਦਾ ਰਹਿੰਦਾ ਹੈ। ਮਰਦਾਂ ਵਿੱਚ ਹਾਰਮੋਨਜ਼ ਦਾ ਪੱਧਰ ਆਮ ਤੌਰ ’ਤੇ ਸਥਿਰ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਵਤੀਰੇ ਵਿੱਚ ਕਦੇ-ਕਦਾਈਂ ਹੀ ਬਦਲਾਅ ਵੇਖਣ ਨੂੰ ਮਿਲਦਾ ਹੈ। ਇਸ ਦੇ ਉਲਟ ਔਰਤਾਂ ਦੇ ਹਾਰਮੋਨ ਪੱਧਰ ਵਿੱਚ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਰੋਜ਼ਾਨਾ ਵਿਹਾਰ ਤੇ ਵਤੀਰੇ ਵਿੱਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਇੱਕ ਔਰਤ ਜਿਹੜੀ ਸਵੇਰ ਸਮੇਂ ਚੰਗੇ ਮੂਡ ਵਿੱਚ ਹੁੰਦੀ ਹੈ, ਉਹੀ ਸ਼ਾਮ ਵੇਲੇ ਅਲੱਗ ਨਜ਼ਰ ਆਉਂਦੀ ਹੈ। ਦਰਅਸਲ, ਜਿਸ ਸਮੇਂ ਦੌਰਾਨ ਔਰਤ ਦੇ ਦੋਵੇਂ ਪ੍ਰਮੁੱਖ ਹਾਰਮੋਨਜ਼ ਐਸਟ੍ਰੋਜਨ ਤੇ ਪ੍ਰੋਜੈਸਟਰਾਨ ਵਿਚਾਲੇ ਆਪਸੀ ਸਬੰਧ ਸੁਖਾਵੇਂ ਹੁੰਦੇ ਹਨ, ਉਨ੍ਹੀਂ ਦਿਨੀਂ ਔਰਤ ਦਾ ਮਨ ਖ਼ੁਸ਼ੀ ਨਾਲ ਹੁਲਾਰੇ ਲੈ ਰਿਹਾ ਹੁੰਦਾ ਹੈ। ਔਰਤ ਤੇ ਮਰਦ ਦੇ ਵਤੀਰਿਆਂ ਵਿੱਚ ਫ਼ਰਕ ਦਾ ਮੁੱਖ ਕਾਰਨ ਇਹ ਵੀ ਹੈ ਕਿ ਔਰਤਾਂ ਦੇ ਦਿਮਾਗ਼ ਦਾ ਸੱਜਾ ਅੱਧ ਅਤੇ ਮਰਦਾਂ ਦੇ ਦਿਮਾਗ਼ ਦਾ ਖੱਬਾ ਅੱਧ ਵਧੇਰੇ ਕਾਰਜਸ਼ੀਲ ਰਹਿੰਦਾ ਹੈ। ਸੱਜੇ ਤੇ ਖੱਬੇ ਦਿਮਾਗ਼ ਨੇ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ। ਦਿਮਾਗ਼ ਦਾ ਖੱਬਾ ਅੱਧ ਜੀਵਨ ਨੂੰ ਹੁਲਾਰੇ ਦਿੰਦੀਆਂ ਪ੍ਰਵਿਰਤੀਆਂ ਦਾ ਕੇਂਦਰ ਹੁੰਦਾ ਹੈ। ਇੱਥੇ ਖ਼ੁਸ਼ੀਆਂ ਅਤੇ ਮਨ-ਪ੍ਰਚਾਵਿਆਂ ਬਾਰੇ ਅਹਿਸਾਸ ਜਨਮ ਲੈਂਦੇ ਹਨ। ਤਰਕ, ਦਲੀਲਾਂ, ਹਿਸਾਬ-ਕਿਤਾਬ ਦੀ ਯੋਗਤਾ, ਵਿਗਿਆਨ ਵੱਲ ਝੁਕਾਅ ਅਤੇ ਇਹੋ ਜਿਹੀਆਂ ਹੋਰ ਰੁਚੀਆਂ ਵੀ ਇੱਥੇ ਹੀ ਪੁੰਗਰਦੀਆਂ ਹਨ। ਉੱਧਰ ਦਿਮਾਗ਼ ਦਾ ਸੱਜਾ ਅੱਧ ਕਈ ਰਚਨਾਤਮਕ ਰੁਚੀਆਂ ਦਾ ਪੰਘੂੜਾ ਹੁੰਦਾ ਹੈ। ਕਲਪਨਾ ਵੀ ਸੱਜੇ ਅੱਧ ਦੀ ਦੇਣ ਹੁੰਦੀ ਹੈ। ਦੂਸਰਿਆਂ ਪ੍ਰਤੀ ਹਮਦਰਦੀ ਤੇ ਕੋਮਲ ਰਵੱਈਆ ਵੀ ਸੱਜੇ ਅੱਧ ਦੀ ਕਾਰਜਸ਼ੀਲਤਾ ਦਾ ਨਤੀਜਾ ਹੁੰਦਾ ਹੈ। ਉਂਜ ਡਰ, ਉਦਾਸੀ, ਘ੍ਰਿਣਾ ਆਦਿ ਵਰਗੀਆਂ ਰੁਚੀਆਂ ਵੀ ਇੱਥੇ ਹੀ ਪੈਦਾ ਹੁੰਦੀਆਂ ਹਨ। ਇਤਫਾਕਵਸ ਵਕੀਲ, ਡਾਕਟਰ, ਵਿਗਿਆਨੀ, ਲੇਖਕ, ਹਿਸਾਬਦਾਨ ਆਦਿ ਜ਼ਿਆਦਾ ਕਰਕੇ ਦਿਮਾਗ਼ ਦੇ ਖੱਬੇ ਅੱਧ ਦੀ ਵਰਤੋਂ ਕਰਦੇ ਹਨ ਜਦੋਂ ਕਿ ਕਵੀ, ਸੰਗੀਤਕਾਰ, ਨ੍ਰਿਤਕਾਰ, ਚਿੱਤਰਕਾਰ, ਬੁੱਤ ਘਾੜੇ ਆਦਿ ਸੱਜੇ ਅੱਧ ਤੋਂ ਵਧੇਰੇ ਪ੍ਰਭਾਵਿਤ ਹੁੰਦੇ ਹਨ। ਦਿਮਾਗ਼ ਦਾ ਸੱਜਾ ਅੱਧ ਜਜ਼ਬਾਤੀ ਸੋਚ ਦਾ ਕੇਂਦਰ ਹੁੰਦਾ ਹੈ। ਤਾਹੀਓਂ ਸੱਜੇ ਹਿੱਸੇ ਨੂੰ ਜਜ਼ਬਾਤੀ ਦਿਮਾਗ਼ ਕਿਹਾ ਜਾਂਦਾ ਹੈ। ਔਰਤਾਂ ਕਿਉਂਕਿ ਸੱਜੇ ਦਿਮਾਗ਼ ਦੇ ਪ੍ਰਭਾਵ ਅਧੀਨ ਵਿਚਰਦੀਆਂ ਹਨ, ਇਸ ਲਈ ਉਹ ਭਾਵਨਾਤਮਕ ਗੱਲਾਂ ਨੂੰ ਵੱਧ ਹੁੰਗਾਰਾ ਦਿੰਦੀਆਂ ਹਨ ਅਤੇ ਲੰਮੇ ਸਮੇਂ ਤਕ ਚੇਤੇ ਰੱਖਦੀਆਂ ਹਨ। ਆਖ਼ਰ, ਅਸੀਂ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਔਰਤ ਤੇ ਮਰਦ ਦੇ ਸੋਚਣ ਦੇ ਤਰੀਕੇ ਵਿੱਚ ਵਖਰੇਵੇਂ ਦਾ ਮੁੱਖ ਕਾਰਨ ਉਨ੍ਹਾਂ ਦੇ ਜੀਨਾਂ ਅਤੇ ਦਿਮਾਗ਼ ਦੇ ਕੰਮ ਕਰਨ ਦੇ ਢੰਗ ਵਿੱਚ ਛੁਪਿਆ ਹੁੰਦਾ ਹੈ, ਪਰ ਔਰਤ ਤੇ ਮਰਦ ਦੇ ਵਿਸ਼ੇਸ਼ ਗੁਣਾਂ ਵਿਚਕਾਰ ਕੋਈ ਸਿੱਧੀ ਤੇ ਸਪੱਸ਼ਟ ਲਕੀਰ ਨਹੀਂ ਖਿੱਚੀ ਜਾ ਸਕਦੀ ਕਿਉਂਕਿ ਸੱਜਾ ਤੇ ਖੱਬਾ ਦਿਮਾਗ਼ ਵਿਚਕਾਰੋਂ ਇੱਕ ਵਿਸ਼ੇਸ਼ ਪੁਲ-ਰੂਪੀ ਅੰਗ ਰਾਹੀਂ ਇੱਕ-ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਜ਼ਰੂਰਤ ਪੈਣ ’ਤੇ ਸਹਿਯੋਗ ਪ੍ਰਾਪਤ ਕਰਕੇ ਪਰਸਪਰ ਸਾਂਝ ਵੀ ਕਾਇਮ ਕਰ ਲੈਂਦੇ ਹਨ ਤਾਂ ਹੀ ਕੁਝ ਔਰਤਾਂ ਮਰਦਾਂ ਵਾਂਗ ਅਤੇ ਕੁਝ ਮਰਦ ਔਰਤਾਂ ਵਾਂਗ ਵਿਚਰਦੇ ਹਨ।

ਸੰਪਰਕ: 94633-64992



# ਸਵਰਗ ਦਾ ਪਰਾਏਵਾਚੀ ਹੈ ਸ਼ਹਿਰ ਕਿਨੌਰ, ਹਿਮਾਚਲ

ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਸਵਰਗ ਦੇ ਪਰਾਏਵਾਚੀ ਹੈ ਹਿਮਾਚਲ ਪ੍ਰਦੇਸ਼ ਦਾ ਖ਼ੂਬਸੂਰਤ ਮਨਮੋਹਣਾ ਪਹਾੜੀ ਇਲਾਕੇ ਵਾਲਾ ਸ਼ਹਿਰ ਕਿਨੌਰ। ਚੰਡੀਗੜ ਤੋਂ ਸ਼ਿਮਲਾ ਅਤੇ ਸ਼ਿਮਲੇ ਤੋਂ ਕਿਨੌਰ ਜਾਇਆ ਜਾ ਸਕਦਾ ਹੈ। ਚੰਡੀਗੜ ਤੋਂ ਕਿਨੌਰ ਤਕ ਦਾ ਸਫ਼ਰ ਬਹੁਤ ਲੁਭਾਵਣਾ ਹੈ। ਪਹਾੜੀ ਦ੍ਰਿਸ਼ ਮਨ ਨੂੰ ਛੂਹ-ਛੂਹ ਜਾਂਦੇ ਹਨ ਚੰਡੀਗੜ ਤੋਂ ਕਾਲਿਕਾ ਅਤੇ ਕਾਲਿਕਾ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਪਹਾੜਾਂ ਦੀ ਹਰਿਆਲੀ, ਰੁੱਖ, ਟੇਢੇ-ਮੇਢੇ, ਢਲਾਊ, ਚੜਾਊ ਰੋਮਾਂਟਿਕ ਰਸਤੇ ਦਿਲ ਨੂੰ ਮੋਹ ਮੋਹ ਜਾਂਦੇ ਹਨ। ਲੁਕਵੇਂ ਅਤੇ ਨਾਟਕੀ ਢੰਗ ਨਾਲ ਆਉਂਦੇ ਦ੍ਰਿਸ਼ ਚੰਗੇ ਲਗਦੇ ਹਨ। ਰਸਤੇ ਵਿਚ ਦਰਿਆ, ਝਰਨੇ, ਬਾਗ, ਹਰਿਆਵਲ, ਤਰਾਂ-ਤਰਾਂ ਦੇ ਫਲ-ਫੁਲ, ਪੰਛੀ, ਜਾਨਵਰ ਅਤੇ ਅਸਮਾਨ 'ਚ ਬਦਲਾਂ ਦੇ ਅਕ੍ਰਿਤੀਕਾਰੀ ਦ੍ਰਿਸ਼ ਸਵਰਗ ਦੇ ਕੋਲ ਕੋਲ ਲੈ ਜਾਂਦੇ ਹਨ। ਕਵਿਤਾ-ਕਹਾਣੀਆਂ ਵਰਗੇ ਦ੍ਰਿਸ਼, ਜਿਵੇਂ ਕੁਦਰਤ ਨੇ ਕੋਈ ਖ਼ੂਬਸੂਰਤ ਕਵਿਤਾ ਲਿਖ ਦਿੱਤੀ ਹੋਵੇ। ਸੁੰਦਰ ਕੁਦਰਤ ਤੇ ਸਮੇਂ ਵਿਚ ਕੁਦਰਤ ਧਰਤੀ 'ਤੇ ਆਪਣੇ ਮੰਗਲਮਈ ਹਸਤਾਖਸ਼ਰ ਕਰਦੀ ਨਜ਼ਰ ਆਉਂਦੀ ਹੈ। ਕੁਦਰਤ ਦੀ ਸ਼ਿਲਪਕ ਕਲਾਕਾਰੀ ਕਿਸੇ ਸ਼ਿਸਟਤਾ ਨੂੰ ਜਨਮ ਦਿੰਦੀ ਨਜ਼ਰ ਆਉਂਦੀ ਹੈ। ਹਿਮਾਚਲ, ਪ੍ਰੀਯੇ ਦਰਸ਼ਨ ਦਾ ਅਭਿਲਾਸ਼ੀ ਹੈ। ਅਗਰ ਅਚਾਨਕ ਬਾਰਿਸ਼ ਆ ਜਾਵੇ ਤਾਂ ਕੁਦਰਤ ਦੀ ਗੋਦ ਵਿਚ ਲਬਾਲਬ ਆਤਮ ਮੁਗਧਤਾ ਉਮੜ ਆਉਂਦੀ ਹੈ। ਮੌਸਮ ਜਿਵੇਂ ਨਿਮੰਤਰਨ ਦੇ ਰਿਹਾ ਹੋਵੇ ਤੀਰਵ ਇੱਛਾ ਦੀ ਹੋਂਦ ਨੂੰ। ਕਲੋਲ ਕਰਦੇ ਪੰਛੀਆਂ ਦੇ ਝੁੰਡ, ਕਈ ਤਰ੍ਹਾਂ ਦੇ ਆਕਾਰ ਬਣਾਦੇ ਹੋਏ ਲੋਕਿਕਤਾ ਵਿਚ ਸ੍ਰੇਸ਼ਟਤਾ ਦੀ ਹੋਂਦ ਪੈਦਾ ਕਰਦੇ ਹਨ। ਉਜਸਵੀ ਤੇਜ ਹਵਾਵਾਂ ਦੇ ਅਧਿਆਏ ਜਦ ਖੁਲ੍ਹਦੇਹਨ ਤਾਂ ਇਕਾਂਤ ਵਿਚ ਸਰਸਰਾਹਟ ਦੀਆਂ ਝਾਂਜਰਾਂ ਦਾ ਸ਼ੋਰ ਮਜ਼ਾ ਦਿੰਦੇ ਤੇ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀਉ ਦੇ ਉਪਰ ਘਾਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿੱਧ ਹੈ। ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫ਼ਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ। ਕਿਨੌਰ ਭਾਰਤ ਉਤਰ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰ੍ਹਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਲ ਪ੍ਰਸ਼ਾਸਨਿਕ ਇਲਾਕਿਆਂ ਪੂਹ, ਕਲਪਾਂ ਅਤੇ ਨਿਚਾਰ, ਭਾਬਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤਦੀ ਚੋਟੀ ਪਾਈ ਜਾਂਦੀ ਹੈ। ਲਾਹੌਲ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋਂ ਜੂਨ ਤਕ ਘੁੰਮਣ ਲਈ ਇਹ ਇਕ ਸ਼ਾਨਦਾਰ ਯਾਦਗਾਰ ਆਕਰਸ਼ਕ ਮਨਮੋਹਣਾ ਸਥਾਨ ਹੈ। ਹਾਲਾਂਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪਰ ਦਾਵਤ ਦੇਣਾ ਚਾਹੁੰਦੇ ਹੋ ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰਹੁੰਦੀ ਹੈ। ਇਸ ਲਈ ਤੁਸੀਂ ਸਿਤੰਬਰ ਤੇ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ। ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀਉ ਦੇ ਉਪੱਰ ਪਾਰਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿਧੱ ਹੈ, ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ। ਕਿਨੌਰ ਭਾਰਤ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਨ ਪ੍ਰਸ਼ਾਸਨਿਕ ਇਲਾਕਿਆ ਪੂਹ, ਕਲਪਾ ਅਤੇ ਨਿਚਾਰ, ਭਾਬਾਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤ ਦੀ ਚੋਟੀ ਪਾਈ ਜਾਂਦੀ ਹੈ। ਲਾਹੌਰ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋ ਜੂਨ ਤਕ ਘੁੰਮਣ ਲਈ ਇਕ ਸ਼ਾਨਦਾਰ ਯਾਦਗਾਰ ਆਦਰਸ਼ਕ ਮਨਮੋਹਦਾ ਸਥਾਨ ਹੈ। ਹਾਲਾਂ ਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪੱਰ ਦਾਵਤ ਦੇਣਾ ਚਾਹੁੰਦੇ ਹੋ। ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰ ਹੁੰਦੀ ਹੈ ਇਸ ਲਈ ਤੁਸੀ ਸਿਤੰਬਰ ਤੋਂ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ। ਇਕ ਅਕਤੂਬਰ ਮਰਮਸਪਰਸ਼ੀ ਸਥਾਨ ਹੈ ਕਲਪਾ, ਕਿਨੌਰ ਜ਼ਿਲ੍ਹੇ ਦਾ ਛੋਟਾ ਜਿਹਾ ਕਸਬਾ ਹੈ। ਇਹ ਸਤਲੁਜ ਲਈ ਉਤੇ ਵੱਸਿਆ ਹੋਇਆ ਸੁੰਦਰ ਨਗਰ ਹੈ। ਇਹ ਇਕ ਆਦਰਸ਼ ਸੁੰਦਰ ਅਵਕਾਂਸ਼ ਸਥਾਨ ਬਣਾਉਂਦਾ ਹੈ। ਇਸ ਸਥਾਨ ਵੱਲ ਤੁਸੀਂ ਹੇਠਲੀ ਦੁਨੀਂਆ ਨੂੰ ਛੱਡ ਕੇ ਬਦਲਾਂ ਅਤੇ ਸੁਪਨਿਆਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਲਈ ਕਾਫ਼ੀ ਉਚਾਈ ਤੇ ਪਹੁੰਚ ਚੁਕੇ ਹੁੰਦੇ ਹੋ। ਕਲਪਾ ਕਿਨੌਰ ਇਕ ਪਰਬਤਾਂ ਦੀ ਸ੍ਰੇਣੀ ਦਾ ਜੰਨਤ ਹੈ। ਸਵਰਗ ਦੀ ਪੌੜੀ ਦਾ ਆਗਾਜ਼ ਹੁੰਦੀ ਹੈ, ਕਿਨੌਰ ਦੀ ਯਾਤਰਾ ਦਾ ਮਜ਼ਾ। ਇਹ ਸਥਾਨ ਸਜਦਾਗਾਹ ਤੋਂ ਘੱਟ ਨਹੀਂ। ਚਰਨਿਆਂ ਅਤੇ ਦਰਿਆਵਾਂ ਦੀਟਾਂ ਲੈਯਾਤਮਕ ਧਵਨੀਆਂ ਅੰਤ ਰੰਗ ਵਿਚ ਆਤਮਕ ਅਲੋਕਿਕਤਾ ਭਰਦੀਆਂ ਹੋਈਆਂ ਅਧਿਆਤਮਿਕਤਾ ਤੇ ਪਰਿਪੂਰਨ ਹੋ ਜਾਂਦੀਆਂ ਹਨ। ਜਦ ਤੁਸੀ ਕਦੀ ਇਸ ਸਥਾਨ ਤੇ ਪਰੀਚਿਤ ਹੋਵੇਗੇ ਤਾਂ ਤ੍ਰਿਪਤੀ ਦਾ ਅਹਿਸਾਸ ਆਤਮਿਕ ਯੋਗਦਾਨ ਪਾਵੇਗਾ। ਸੁੰਦਰ ਸਥਾਨ ਹੈ ਸਵਰਗ ਦਾ ਪਰਾਏਵਾਰੀ ਕਲਪਾ-ਕਿਨੌਰ।





# ਨਹੀਂ ਭੁੱਲਦਾ ਪ੍ਰਾਹੁਣਿਆਂ ਦਾ ਉਹ ਪਿਆਰ

ਪੁੱਤ ਵੀਰ ਦਾ ਭਤੀਜਾ ਮੇਰਾ,
ਨਾਉਂ ਜੜ੍ਹ ਮਾਪਿਆਂ ਦੀ
ਵੇ ਤੂੰ ਘਾੜ ਘੜ ਕੋਈ ਸੁਨਿਆਰਿਆ,
ਵੀਰ ਘਰ ਪੁੱਤ ਜੰਮਿਆ

ਪਹਿਲੇ ਵੇਲ਼ਿਆਂ @ਚ ਰਿਸ਼ਤਿਆਂ @ਚ ਜਿਹੜਾ ਨਿੱਘ ਹੁੰਦਾ ਸੀ ,ਵਰਤਮਾਨ ਸਮੇਂ ਉਹ ਕਿਧਰੇ ਛਾਈਂ ਮਾਈਂ ਹੋ ਗਿਆ । ਰਿਸ਼ਤਿਆਂ ਵਿੱਚ @ਪਿਆਰ ਮੁੱਹਬਤ ਖ਼ਤਮ ਹੋ ਗਿਆ ਹੈ । ਇਕਹਿਰੇ ਪਰਿਵਾਰ ਹੋਣ ਕਾਰਨ ਰਿਸ਼ਤੇ ਨਾਤੇ ਵੀ ਆਪਣੇ ਆਪਣੇ ਹੋ ਗਏ ਹਨ । ਹੁਣ ਭਰਾਵਾਂ ਦੇ ਆਪਣੇ -ਆਪਣੇ ਘਰ ਤੇ ਆਪਣੇ-ਆਪਣੇ ਰਿਸ਼ਤੇਦਾਰ ਹੋ ਗਏ ਹਨ। ਸਾਂਝੇ ਰਿਸ਼ਤਿਆਂ ਦੀ ਤਾਣੀ ਟੁੱਟ ਚੁੱਕੀ ਹੈ । ਘਰ ਪ੍ਰਾਹੁਣੇ ਆਉਣ ਤੇ ਹੁਣ ਮੰਜਿਆਂ ਦੀਆਂ ਪਾਲ਼ਾ ਨਹੀਂ ਡਾਹੀਆਂ ਜਾਂਦੀਆਂ। ਪੁਰਾਣੇ ਸਮੇਂ ਵਿੱਚ ਤਕਰੀਬਨ ਵੱਡੇ ਤੇ ਸਾਂਝੇ ਪਰਿਵਾਰ ਬਹੁਤ ਹੁੰਦੇ ਸਨ । ਪਰਿਵਾਰ ਦੀਆਂ ਚਾਚੀਆਂ, ਤਾਈਆਂ, ਦਾਦੀਆਂ ਦੇ ਪੇਕੇ ਤੋਂ ਜਾ ਵਿਆਹੀਆਂ ਭੈਣਾਂ ਦੇ ਸਹੁਰੇ ਪਿੰਡ ਤੋਂ ਕੋਈ ਨਾ ਕੋਈ ਰਿਸ਼ਤੇਦਾਰ ਦਾ ਆਉਣਾ ਜਾਣਾ ਲੱਗਿਆ ਹੀ ਰਹਿੰਦਾ ਸੀ, ਜਿਹੜਾ ਵੀ ਰਿਸ਼ਤੇਦਾਰ ਆਉਂਦਾ ਸੀ, ਉਹ ਦੋ ਚਾਰ ਦਿਨ ਜ਼ਰੂਰ ਰਹਿ ਕੇ ਜਾਂਦਾ ਸੀ । ਸਾਰੇ ਘਰ ਵਾਲ਼ੇ ਅਤੇ ਬੱਚੇ ਉਹਨਾਂ ਪ੍ਰਾਹੁਣਿਆਂ ਦੇ ਨਹਾਉਣ- ਧੋਣ ਤੇ ਖਾਣ - ਪੀਣ ਦੀ ਆਓ ਭਗਤ ਵਿੱਚ ਲੱਗੇ ਰਹਿੰਦੇ । ਪ੍ਰਾਹੁਣਿਆਂ ਦੀ ਸੇਵਾ ਉਹਨਾਂ ਦੀ ਪਸੰਦ ਦੇ ਮੁਤਾਬਿਕ ਹੁੰਦੀ ਸੀ । ਸਾਰੇ ਬੱਚੇ ਵੀ ਉਨ੍ਹਾ ਦੇ ਆਲ਼ੇ -ਦੁਆਲ਼ੇ ਮੰਡਰਾਉਂਦੇ ਰਹਿੰਦੇ ਸਨ । ਸਾਰੇ ਪ੍ਰਾਹੁਣੇ ਵੀ ਬੱਚਿਆਂ ਨੂੰ ਇੱਕੋ ਤਰ੍ਹਾਂ ਦਾ ਸਾਂਝਾ ਪਿਆਰ ਕਰਦੇ ਸਨ । ਪ੍ਰਾਹੁਣੇ ਸਭ ਦੇ ਸਾਂਝੇ ਹੁੰਦੇ ਸਨ । ਜੇ ਕਿਸੇ ਇੱਕ ਦਾ ਮਾਮਾ ਆਉਂਦਾ ਤਾਂ ਉਹ ਬਾਕੀ ਬੱਚਿਆਂ ਨੂੰ ਵੀ ਸਗੇ ਮਾਮੇ ਦੀ ਤਰ੍ਹਾਂ ਪਿਆਰ ਕਰਦਾ ਸੀ । ਉਹ ਬਾਕੀ ਬੱਚਿਆਂ ਨੂੰ ਵੀ ਇੱਕੋ ਤਰ੍ਹਾਂ ਦਾ ਸਾਂਝਾ ਪਿਆਰ ਕਰਦੇ । ਜਦੋਂ ਪ੍ਰਾਹੁਣਿਆਂ ਨੇ ਜਾਣਾ ਹੁੰਦਾ ਤਾਂ ਸਾਰੇ ਬੱਚੇ ਉਹਨਾਂ ਦੇ ਆਲ਼ੇ ਦੁਆਲੇ ਹੋ ਜਾਂਦੇ । ਜਾਣ ਲੱਗੇ ਪ੍ਰਾਹੁਣੇ ਸਭ ਨੂੰ ਇੱਕੋ ਜਿਹਾ ÷ ਪਿਆਰ ÷ ਦੇ ਕੇ ਜਾਂਦੇ। ÷ ਪਿਆਰ÷ ਤੋਂ ਭਾਵ ਉਹਨਾਂ ਦਾ ਸਿਰ ਪਲੋਸ ਕੇ ਅਤੇ ਆਪਣੀ ਗੁੰਜਾਇਸ਼ ਦੇ ਅਨੁਸਾਰ ਹਰ ਬੱਚੇ ਨੂੰ ਪੰਜੀ, ਦੱਸੀ ,ਚਵੰਨੀ,ਅਠੰਨੀ, ਰੁਪਈਆ ਜ਼ਰੂਰ ਦੇ ਕੇ ਜਾਂਦੇ । ਬੱਚੇ ਉਸ ਦਿੱਤੇ ÷ ਪਿਆਰ ÷ ਭਾਵ ਪੈਸੇ ਨੂੰ ਲੈ ਕੇ ਆਪਣੀ ਮਨ ਪਸੰਦ ਦੀ ਹੱਟੀਆਂ ਤੇ ਆਪਣੀ ਮਨ ਪਸੰਦ ਚੀਜ਼ੀ ਜਾਂ ਸਮਾਨ ਲੈਣ ਭੱਜ ਜਾਂਦੇ । ਬੱਚੇ ਮਨ ਵਿੱਚ ਸੋਚਦੇ ਕਿ ਹੁਣ ਕਿਹੜਾ ਪ੍ਰਾਹੁਣਾ ਆਵੇਗਾ । ਆਪਸ ਵਿੱਚ ਸੋਚਦੇ ਕਿ ਕਿਸ ਪ੍ਰਾਹੁਣੇ ਨੇ ਪੈਸੇ ਘੱਟ ਦਿੱਤੇ ਹਨ ਅਤੇ ਕਿਸ ਨੇ ਵੱਧ , ਜਿਸ ਪ੍ਰਾਹੁਣੇ ਨੇ ਪੈਸੇ ਵੱਧ ਦਿੱਤੇ ਹੁੰਦੇ, ਸਾਰੇ ਬੱਚੇ ਉਸ ਦੀ ਆਓ ਭਗਤ ਵੀ ਜ਼ਿਆਦਾ ਕਰਦੇ ਸਨ । ਜੇਕਰ ਕੋਈ ਬੱਚਾ ਸਕੂਲ ਵਿੱਚ ਹੁੰਦਾ ਤਾਂ ਉਸਨੂੰ ਬਹੁਤ ਪਛਤਾਵਾ ਹੁੰਦਾ ਕਿ ਕਾਸ਼ ਮੈਂ ਵੀ ਕੋਈ ਬਹਾਨਾ ਬਣਾ ਕੇ ਘਰੇ ਰਹਿ ਜਾਂਦਾ, ਮੈਨੂੰ ਵੀ ਪੈਸੇ ਮਿਲ ਜਾਂਦੇ । ਪਰ ਹੁਣ ਵਕਤ ਬਦਲ ਗਿਆ ਹੈ । ਹੁਣ ਸਾਂਝੇ ਪਰਿਵਾਰ ਦੀ ਜਗ੍ਹਾ ਇਕੱਲੇ ਪਰਿਵਾਰ ਰਹਿ ਗਏ ਹਨ ਅਤੇ ਆਉਣ ਜਾਣ ਵਾਲੇ ਪ੍ਰਾਹੁਣੇ ਵੀ ਇਕੱਲੇ ਰਹਿ ਗਏ । ਹੁਣ ਬੱਚੇ ਪ੍ਰਾਹੁਣਿਆਂ ਨੂੰ ਘਰੇ ਆਉਣ ਤੇ ਭਾਰ ਮੰਨਦੇ ਹਨ । ਹੁਣ ਜੇ ਕੋਈ ਪ੍ਰਾਹੁਣਾ ਕਿਸੇ ਬੱਚੇ ਨੂੰ ਪੰਜਾਹ,ਸੌ ਜਾਂ ਪੰਜ ਸੌ ਰੁਪਏ ਦਿੰਦਾ ਵੀ ਹੈ ਤਾਂ ਬੱਚੇ ਪੈਸਾ ਲੈਣਾ ਪਸੰਦ ਨਹੀਂ ਕਰਦੇ ਕਿਉਂਕਿ ਬੱਚੇ ਦੀ ਹਰ ਜ਼ਰੂਰਤ ਪਹਿਲਾਂ ਤੋਂ ਹੀ ਪੂਰੀ ਹੁੰਦੀ ਹੈ । ਜੇ ਦੇਖਿਆ ਜਾਵੇ ਤਾਂ ਉਹ ਪੁਰਾਣਾ ਪਿਆਰ ਹੁਣ ਵੀ ਨਹੀਂ ਭੁੱਲਦਾ । ਅੱਜ ਮੈਨੂੰ ਪ੍ਰੋ ਪੂਰਨ ਸਿੰਘ ਜੀ ਦੀ ਕਵਿਤਾ ÷ ਪੁਰਾਣੇ ਪੰਜਾਬ ਨੂੰ ਅਵਾਜ਼ਾਂ ÷ ਦੇ ਬੋਲ ਰਹਿ ਰਹਿ ਕੇ ਯਾਦ ਆਉਂਦੇ ਹਨ:-

*ਉਹ ਸ਼ਰੀਕਾਂ ਦੀ ਆਬ ਵਾਲ਼ੀ ਸਾਰੀ ਗੱਲ ਆਈ ਗਈ,*
*ਖਾਤਰਾਂ ਤੇ ਸੇਵਾਵਾਂ ,ਕੁਰਬਾਨੀਆਂ ਤੇ ਜਰਨੇ, ਜਿਗਰੇ ਤੇ ਹੌਸਲੇ,*
*ਉਹ ਰੋਟੀਆਂ ਤੇ ਮਹਿਫਲ਼ਾ, ਉਹ ਡੂੰਘੀਆਂ ਡੂੰਘੀਆਂ ਸ਼ਰਮਾ, ਸ਼ਰਾਫ਼ਤਾਂ,*
*ਉਹ ਕਿੱਥੇ ?*

ਵਲੋਂ: ਪ੍ਰਿੰਸੀਪਲ ਰੰਧਾਵਾ ਸਿੰਘ ਪਟਿਆਲਾ 9417131332

# ਕਾਲਾ ਧਨ ਤੇ ਸਿਆਸੀ ਪਾਰਟੀਆਂ



ਕਾਲੇ ਧਨ ਦੇ ਖ਼ਾਤਮੇ ਲਈ ਸਾਡੇ ਦੇਸ਼ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਚਿੰਤਾ ਪ੍ਰਗਟ ਕਰਦੀਆਂ ਰਹਿੰਦੀਆਂ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਹੀ ਪਾਰਟੀਆਂ ਦੇ ਲੀਡਰਾਂ ਦੇ ਕੋਲੋਂ ਕਾਲਾ ਧੰਨ ਬਰਾਮਦ ਹੁੰਦਾ ਹੈ।ਜੇਕਰ ਇਹ ਧੰਨ ਸੱਤਾਧਾਰੀ ਪਾਰਟੀ ਦੇ ਵਿਰੋਧੀਆਂ ਕੋਲੋਂ ਮਿਲਦਾ ਹੈ ਤਾਂ ਸਖ਼ਤ ਕਾਰਵਾਈ ਹੁੰਦੀ ਹੈ ਪਰ ਜਦੋਂ ਇਹ ਧੰਨ ਆਪਣਿਆਂ ਕੋਲੋਂ ਮਿਲਦਾ ਹੈ ਤਾਂ ਚੁੱਪ ਛਾ ਜਾਂਦੀ ਹੈ। ਕਾਲੇ ਧੰਨ ਖਿਲਾਫ ਦੇਸ਼ ਭਰ 'ਚ ਲੰਬੇ ਸਮੇਂ ਤੋਂ ਮੁਹਿੰਮ ਚਲਾਈ ਜਾ ਰਹੀ ਹੈ। ਜਾਂਚ ਏਜੰਸੀਆਂ ਲਗਾਤਾਰ ਸਰਗਰਮ ਹਨ। ਪਰ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਸਮੱਸਿਆ 'ਤੇ ਕਾਬੂ ਪਾਉਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸੋਮਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਝਾਰਖੰਡ ਦੀ ਰਾਜਧਾਨੀ ਰਾਂਚੀ ਵਿੱਚ ਰਾਜ ਸਰਕਾਰ ਦੇ ਮੰਤਰੀ ਆਲਮਗੀਰ ਆਲਮ ਦੇ ਨਿੱਜੀ ਸਕੱਤਰ ਦੇ ਘਰੇਲੂ ਸਹਾਇਕ ਦੇ ਘਰ ਛਾਪਾ ਮਾਰਿਆ, ਜਿਸ ਵਿੱਚ 35 ਕਰੋੜ ਰੁਪਏ ਤੋਂ ਵੱਧ ਦੀ ਨਕਦੀ ਬਰਾਮਦ ਕੀਤੀ ਗਈ। ਖਬਰਾਂ ਮੁਤਾਬਕ ਇਹ ਛਾਪੇਮਾਰੀ ਝਾਰਖੰਡ ਦੇ ਪੇਂਡੂ ਵਿਕਾਸ ਵਿਭਾਗ ਦੇ ਚੀਫ ਇੰਜੀਨੀਅਰ ਨਾਲ ਸਬੰਧਤ ਮਾਮਲੇ ਚ ਹੋਈ, ਜਿਸ ਨੂੰ ਈਡੀ ਨੇ ਪਿਛਲੇ ਸਾਲ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ। ਮਨੀ ਲਾਂਡਰਿੰਗ ਮੰਤਰੀ ਦੇ ਨਿੱਜੀ ਸਕੱਤਰ ਅਤੇ ਉਨ੍ਹਾਂ ਦੇ ਘਰੇਲੂ ਸਹਾਇਕ ਨਾਲ ਵੀ ਜੁੜੀ ਹੋਈ ਸੀ, ਇਸ ਲਈ ਈਡੀ ਨੇ ਉਨ੍ਹਾਂ ਨੂੰ ਜਾਂਚ ਅਤੇ ਕਾਰਵਾਈ ਦੇ ਘੇਰੇ ਵਿੱਚ ਲਿਆ। ਸਵਾਲ ਇਹ ਹੈ ਕਿ ਜੇਕਰ ਇੰਨੀ ਵੱਡੀ ਰਕਮ ਦਾ ਕਾਲਾ ਧੰਨ ਕਿਸੇ ਦੇ ਘਰ ਪਿਆ ਸੀ ਤਾਂ ਇਸ ਤਰ੍ਹਾਂ ਦਾ ਭ੍ਰਿਸ਼ਟਾਚਾਰ ਬਿਨਾਂ ਕਿਸੇ ਉੱਚ ਪੱਧਰੀ ਸੁਰੱਖਿਆ ਦੇ ਜਾਰੀ ਰਹਿਣਾ ਕਿਵੇਂ ਸੰਭਵ ਹੈ! ਸਵਾਲ ਇਹ ਵੀ ਹੈ ਕਿ ਪਿਛਲੇ ਅੱਠ ਸਾਲਾਂ ਵਿਚ ਭ੍ਰਿਸ਼ਟਾਚਾਰ ਅਤੇ ਕਾਲੇ ਧੰਨ ਵਿਰੁੱਧ ਮੁਹਿੰਮ ਚਲਾ ਕੇ ਅਤੇ ਇਸ ਨੂੰ ਖਤਮ ਕਰਨ ਲਈ ਹਰ ਪੱਧਰ 'ਤੇ ਕਾਰਵਾਈ ਕਰਕੇ ਕੀਤੇ ਗਏ ਸਾਰੇ ਵਾਅਦਿਆਂ ਅਤੇ ਦਾਅਵਿਆਂ ਦੇ ਮੁਕਾਬਲੇ ਸਫਲਤਾ ਕਿੱਥੋਂ ਦਿਖਾਈ ਦਿੰਦੀ ਹੈ! ਆਖ਼ਰ ਕੀ ਕਾਰਨ ਹੈ ਕਿ ਹਰ ਦਿਨ ਕਿਸੇ ਨਾ ਕਿਸੇ ਆਗੂ ਜਾਂ ਅਫ਼ਸਰ ਦੇ ਘਰ ਜਾਂ ਦਫ਼ਤਰ ਤੇ ਛਾਪੇ ਮਾਰੇ ਜਾਂਦੇ ਹਨ ਅਤੇ ਉਥੋਂ ਕਰੋੜਾਂ ਰੁਪਏ ਦੀ ਨਕਦੀ ਬਰਾਮਦ ਹੁੰਦੀ ਹੈ? ਜਾਂਚ ਏਜੰਸੀਆਂ ਦੀਆਂ ਤਿੱਖੀਆਂ ਕਾਰਵਾਈਆਂ ਦਰਮਿਆਨ ਕੰਧ ਤੋੜ ਕੇ ਇੰਨੀ ਵੱਡੀ ਨਕਦੀ ਕਿੱਥੋਂ ਨਿਕਲਦੀ ਹੈ, ਇਹ ਸਮਝਣਾ ਮੁਸ਼ਕਲ ਹੈ। ਕੀ ਕਾਰਨ ਹੈ ਕਿ ਕਾਲੇ ਧੰਨ 'ਤੇ ਕਾਬੂ ਪਾਉਣ ਲਈ ਬਣਾਏ ਗਏ ਨਿਯਮਾਂ ਅਤੇ ਕਾਨੂੰਨਾਂ ਪ੍ਰਤੀ ਸਖ਼ਤੀ ਦੇ ਦਾਅਵਿਆਂ ਦੇ ਬਾਵਜੂਦ ਭ੍ਰਿਸ਼ਟ ਕੰਮਾਂ ਵਿਚ ਸ਼ਾਮਲ ਕਿਸੇ ਨੇਤਾ ਜਾਂ ਅਧਿਕਾਰੀ ਨੂੰ ਕਈ ਕਰੋੜ ਰੁਪਏ ਦੀ ਨਕਦੀ ਆਪਣੇ ਘਰ ਵਿਚ ਲੁਕੋ ਕੇ ਰੱਖਣ ਵਿਚ ਕੋਈ ਡਰ ਨਹੀਂ ਹੈ? ਕਿਹਾ ਜਾ ਸਕਦਾ ਹੈ ਕਿ ਭ੍ਰਿਸ਼ਟਾਚਾਰ ਅਤੇ ਕਾਲੇ ਧੰਨ ਦੀ ਸਮੱਸਿਆ ਨੂੰ ਖਤਮ ਕਰਨ ਲਈ ਸਰਕਾਰੀ ਏਜੰਸੀਆਂ ਸਰਗਰਮ ਹਨ। ਪਰ ਇਹ ਵੀ ਸੱਚ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਜੰਗ ਛੇੜਨ ਅਤੇ ਸਬੰਧਤ ਵਿਭਾਗਾਂ ਜਾਂ ਏਜੰਸੀਆਂ ਦੀ ਅਤਿ-ਸਰਗਰਮੀ ਦੇ ਬਾਵਜੂਦ ਇਸ ਸਮੱਸਿਆ ਨੂੰ ਕਾਬੂ ਕਰਨਾ ਮੁਸ਼ਕਲ ਸਾਬਤ ਹੋ ਰਿਹਾ ਹੈ।

## ਡੂੰਘੇ ਫੱਟ

ਰੱਬ ਹੀ ਬਚਾਵੇ ਸਭ ਨੂੰ ਇਹੋ ਜਿਹੇ ਆਪਣਿਆਂ ਤੋਂ ।ਉਹ ਸੋਚਦਾ ਇਹਨਾਂ ਲੋਕਾਂ ਨੇ ਇਹ ਕਿਉਂ ਨਾ ਸੋਚਿਆ ਕਿ ਮੈਂ ਵੀ ਕਿਸੇ ਦਾ ਬੱਚਾ ਸਾਂ,ਮੇਰੇ ਸੀਨੇ ਵਿੱਚ ਵੀ ਉਨਾਂ ਦੇ ਬੱਚਿਆਂ ਵਰਗਾ ਹੀ ਦਿਲ ਸੀ।

ਵਿਆਹ ਹੋ ਗਿਆ, ਹੋਣਾ ਹੀ ਸੀ ।ਬੁਰੀ ਤਰਾਂ ਟੁੱਟੇ ਦਿਲ ਨੂੰ ਸੋਹਣੀ ਸੂਰਤ ਤੇ ਸੋਹਣੀ ਸੀਰਤ ਵਾਲ਼ੀ ਪਤਨੀ ਪ੍ਰੀਤ ਨੇ ਆਪਣੀ ਮੁਹੱਬਤ, ਨਿਮਰਤਾ ਤੇ ਸਹਿਜਤਾ ਵਾਲ਼ੇ ਮਿੱਠੇ ਸੁਭਾਅ ਨਾਲ਼ ਹੋਰ ਟੁਕੜੇ ਹੋਣ ਤੋਂ ਬਚਾਅ ਲਿਆ ।ਵਿਆਹ ਤੋਂ ਬਾਅਦ ਪ੍ਰੀਤ ਨੇ ਕਈ ਬਾਰ ਰਿਸ਼ਤੇ ਤੋਂ ਜਵਾਬ ਦੇਣ ਦਾ ਕਾਰਨ ਪੁੱਛਿਆ ਪਰ ਕੰਵਰ ਅਕਸਰ ਹੱਸ ਕੇ ਟਾਲਦਾ ਰਿਹਾ। ਪਰ ਇੱਕ ਦਿਨ ਉਸ ਨੂੰ ਪੂਰੇ ਭਰੋਸੇ 'ਚ ਲੈ ਕੇ ਸਾਰੀ ਗੱਲ ਦੱਸ ਦਿੱਤੀ ।ਉਹ ਵੀ ਚੰਗਾ ਹੀ ਹੋਇਆ ਕੰਵਰ ਨੇ ਆਪ ਹੀ ਸਭ ਕੁੱਝ ਦੱਸ ਦਿੱਤਾ ।ਬਾਅਦ ਵਿੱਚ ਇਹ ਕੰਮ ਵੀ ਇੱਕ ਦਿਨ ਅਖੌਤੀ ਰਿਸ਼ਤੇਦਾਰਾਂ ਨੇ ਗੱਲਾਂ-ਗੱਲਾਂ ਵਿੱਚ ਕਰ ਹੀ ਦਿੱਤਾ।

ਗ਼ੈਰਾਂ ਨਾਲ਼ ਲੜ-ਝਗੜ ਕੇ ਤਾਂ ਕੰਵਰ ਨੇ ਆਪਣਾ ਪਿਆਰ ਜਿੱਤ ਲਿਆ ਸੀ ਪਰ ਆਪਣਿਆਂ ਤੋਂ ਨਹੀਂ ਜਿੱਤ ਸਕਿਆ ।ਅੱਜ ਲਾਲੀ ਪਤਾ ਨਹੀਂ ਕਿੱਥੇ ਹੈ, ਕਦੇ ਜਾਣਨ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਨਾ ਹੀ ਉਸ ਦੇ ਸਾਹਮਣੇ ਆਉਣ ਦੀ ਹਿੰਮਤ ਹੈ ।ਉਸ ਦੀ ਇੱਕ ਝਲਕ ਦੇਖਣ ਅਤੇ ਦੋ ਮੁਹੱਬਤ ਭਿੱਜੇ ਬੋਲ ਸੁਣਨ ਨੂੰ ਅੱਜ ਵੀ ਕੰਵਰ ਦਾ ਦਿਲ ਤਰਸਦਾ ਹੈ ਜਿਸ ਨੂੰ ਉਹ ਫ਼ਰਜ਼ਾਂ ਦੀ ਦੁਹਾਈ ਦੇ ਕੇ ਸਮਝਾ ਲੈਂਦਾ ਹੈ ।ਵਰਿਆਂ ਦੇ ਵਰੇ ਬੀਤ ਗਏ ਹਨ ਪਰ ਜ਼ਿੰਦਗੀ ਦੇ ਕਿਸੇ ਵੀ ਮੋੜ 'ਤੇ ਉਹ ਨਹੀਂ ਟੱਕਰੀ ।ਹੋ ਸਕਦੈ ਉਸ ਨੇ ਵੀ ਕੰਵਰ ਵਾਂਗ ਆਪਣੀ ਸੱਚੀ-ਸੁੱਚੀ ਮੁਹੱਬਤ ਦਾ ਗਲ਼ਾ ਘੁੱਟ ਕੇ ਆਪਣੇ ਆਪ ਨੂੰ ਫ਼ਰਜ਼ਾਂ ਦੀ ਰਾਮ ਕਾਰ ਵਿੱਚ ਕੈਦ ਕਰ ਲਿਆ ਹੋਵੇ।

ਅਨਜਾਣੇ ਹੋਈ ਕੰਵਰ ਦੀ ਭੁੱਲ ਇੰਨੀ ਕੁ ਸੀ ਕਿ ਉਹ ਉਸ ਬੰਦੇ ਦੇ ਆਖੇ ਲੱਗ ਅਣਜਾਣ ਕੁੜੀ ਨੂੰ ਦੇਖਣ ਤੁਰ ਪਿਆ ਅਤੇ ਉਨਾਂ ਦੇ ਪਰਿਵਾਰਾਂ ਨੇ ਉਸ ਦੀ ਚੁੱਪ ਨੂੰ ਹਾਂ ਸਮਝ ਕੇ ਰਿਸ਼ਤਾ ਤਹਿ ਕਰ ਲਿਆ ।ਸਮਾਜ ਦੀ ਸੌੜੀ ਸੋਚ ਕਿ ਕਿਸੇ ਧਰਮ ਸਥਾਨ 'ਤੇ ਜਾ ਕੇ ਕਿਸੇ ਦੀ ਧੀ-ਭੈਣ ਨੂੰ ਰਿਸ਼ਤੇ ਤੋਂ ਜਵਾਬ ਨਹੀਂ ਦੇਣਾ, ਕੰਵਰ ਦੀ ਸਮੁੰਦਰ ਵਰਗੀ ਡੂੰਘੀ ਮੁਹੱਬਤ ਤੇ ਅੰਬਰਾਂ ਜਿੰਨੀ ਉੱਚੀ ਸੋਚ ਨੂੰ ਰੱਦ ਕਰ ਗਈ ਤੇ ਉਹ ਚਾਹ ਕੇ ਵੀ ਕੁੱਝ ਨਹੀਂ ਕਰ ਸਕਿਆ ।ਉਸ ਅੰਦਰ ਕਈ ਬਾਰ ਰੋਹ ਦੇ ਤੂਫ਼ਾਨ ਝੁੱਲਦੇ ਹਨ ਕਿ ਉਸ ਨੇ ਦੁਨੀਆ ਜਾਂ ਮਾਪਿਆਂ ਨੂੰ ਖ਼ੁਸ਼ ਕਰਨ ਲਈ ਆਪਣੀ ਹੀ ਨਹੀਂ ਬਲਕਿ ਉਸ ਪ੍ਰੇਮ ਰੱਤੀ ਰੂਹ ਅਤੇ ਬੰਦਿਆਂ ਵਰਗੇ ਜਿਗਰੇ ਵਾਲ਼ੀ ਕੁੜੀ ਦੀਆਂ ਖ਼ੁਸ਼ੀਆਂ ਦੀ ਵੀ ਬਲੀ ਦੇ ਦਿੱਤੀ ।ਬੱਸ, ਇਹੋ ਖ਼ਿਆਲ ਉਸ ਅੰਦਰ ਤਰਥੱਲੀਆਂ ਮਚਾਉਂਦੇ ਰਹਿੰਦੇ ਹਨ।

ਸਮਾਂ ਪਾ ਕੇ ਕੰਵਰ ਦੇ ਘਰ ਦੋ ਫੁੱਲਾਂ ਵਰਗੇ ਬੱਚੇ ਹੋਏ ।ਉਨਾਂ ਦੀ ਆਮਦ ਨੇ ਉਸ ਦੇ ਦਿਲ ਦੇ ਗਹਿਰੇ ਫੱਟਾਂ 'ਤੇ ਮਰਹੰਮ ਲਗਾਈ। ਉਹ ਆਪਣਾ ਧਿਆਨ ਪਰਿਵਾਰਕ ਜ਼ਿੰਮੇਵਾਰੀਆਂ ਵਿੱਚ ਲਾਈ ਰੱਖਦਾ ਪਰ ਉਸ ਦੇ ਅੰਦਰਲਾ ਖ਼ਲਾਅ ਕਦੇ ਨਾ ਭਰਿਆ ।ਕਦੇ-ਕਦੇ ਲਾਲੀ ਦੀ ਯਾਦ ਉਸ ਦੇ ਅੰਗੂਰ ਆਏ ਜ਼ਖ਼ਮਾਂ ਨੂੰ ਬੁਰੀ ਤਰਾਂ ਕੁਰੇਦ ਸੁੱਟਦੀ ਤੇ ਉਹ ਉੱਪਰੋਂ ਹੱਸਦਾ ਆਮ ਵਾਂਗ ਘਰ-ਪਰਿਵਾਰ ਵਿੱਚ ਵਿਚਰਦਾ ਪਰ ਉਸ ਦਾ ਦੁਖੀਆ ਦਿਲ ਕਈ-ਕਈ ਦਿਨ ਉਸ ਨੂੰ ਉਦਾਸੀ ਦੇ ਡੂੰਘੇ ਸਮੁੰਦਰ ਵਿੱਚ ਡਬੋਈ ਰੱਖਦਾ ।ਕਦੇ-ਕਦੇ ਉਸ ਦਾ ਦਿਲ ਕਰਦਾ ਸਾਰੇ ਬੰਧਨ ਤੋੜ ਇੱਕ ਵਾਰ ਲਾਲੀ ਨੂੰ ਲੱਭਾਂ ਤੇ ਮਿਲਾਂ ਪਰ ਉਹ ਝੱਟ ਆਪਣੇ ਮਨ ਨੂੰ ਸਮਝਾਉਂਦਾ ਕਿ ਹੁਣ ਤਾਂ ਲਾਲੀ ਵੀ ਇੱਕ-ਦੋ ਬੱਚਿਆਂ ਦੀ ਮਾਂ ਬਣ ਆਪਣੇ ਜੀਵਨ ਵਿੱਚ ਰੁੱਝ ਗਈ ਹੋਵੇਗੀ ।ਉਹ ਆਪਣੇ ਮਨ ਨੂੰ ਮਾਰ ਲੈਂਦਾ ਤੇ ਫ਼ਰਜ਼ਾਂ ਦੇ ਕੋਹਲੂ ਨੂੰ ਗੇੜਨ ਲਈ ਆਪਣੇ ਜਜ਼ਬਾਤਾਂ ਦੀਆਂ ਰੋਂਦੀਆਂ ਅੱਖਾਂ ਉੱਤੇ ਸਬਰ ਦੀ ਪੱਟੀ ਬੰਨ ਲੈਂਦਾ।

ਅੱਜ ਵੀ ਕੰਵਰ ਦੀ ਇਹੀ ਦਿਲੀ ਦੁਆ ਹੈ ਕਿ ਲਾਲੀ ਜਿੱਥੇ ਵੀ ਹੋਵੇ ਖ਼ੁਸ਼ ਹੋਵੇ, ਸੁਖੀ ਹੋਵੇ ।ਉਸ ਨੂੰ ਉਹਦੀਆਂ ਬਦ-ਦੁਆਵਾਂ ਵੀ ਕਬੂਲ ਹਨ ।ਕਿਸੇ ਸ਼ਾਇਰ ਦੇ ਕਿੰਨੇ ਖ਼ੂਬਸੂਰਤ ਬੋਲ ਹਨ:

ਉੱਜੜ ਤਾਂ ਗਏ ਸੀ ਜਦੋਂ ਖ਼ਤਮ ਸੀ ਕਰੀ ਕਹਾਣੀ,<br>
ਸਹੁੰ ਖਾ ਕੇ ਬੈਠੇ ਸੀ ਮੁੜ ਕੇ ਸਹੁੰ ਨਹੀਂ ਤੇਰੀ ਖਾਣੀ।<br>
ਤੇਰੀ ਯਾਦ ਮੇਰੀ ਬੰਦਗੀ, ਇਹ ਇਬਾਦਤ ਹੈ ਤੇਰੀ,<br>
ਬੱਸ ਪਛਤਾਵਾ ਪੱਲੇ ਹੈ, ਜਾਨ ਹੁਣ ਜਾਨ ਰਹੀ ਨਾ ਮੇਰੀ।

ਕੰਵਰ ਨੇ ਆਪਣੇ ਇਸ਼ਕ ਦੀ ਕਹਾਣੀ ਆਪਣੇ ਦਿਲ 'ਤੇ ਪੱਥਰ ਰੱਖ ਕੇ ਆਪੇ ਹੀ ਖ਼ਤਮ ਕਰ ਦਿੱਤੀ ।ਇੱਕ ਅਜਿਹੇ ਇਸ਼ਕ ਦੀ ਕਹਾਣੀ ਜਿਸ ਵਿੱਚ ਨਾ ਧੋਖਾ ਕੀਤਾ ਤੇ ਨਾ ਹੀ ਧੋਖਾ ਖਾਧਾ, ਹੋਰ ਕੁੱਝ ਨਹੀਂ ਬੱਸ ਖੇਡ ਮੁਕੱਦਰਾਂ ਦੀ ਸੀ ਕਿ ਮਿਲਣਾ ਲਿਖਿਆ ਹੀ ਨਹੀਂ ਸੀ ।ਪੰਦਰਾਂ ਮਿੰਟਾਂ ਦੀ ਮਿਲਣੀ ਪੰਜਾਂ ਸਾਲਾਂ ਦੇ ਪਿਆਰ 'ਤੇ ਭਾਰੀ ਪੈ ਗਈ ।ਦੋ ਘੜੀਆਂ ਦੀ ਭੁੱਲ ਜਿਗਰ 'ਤੇ ਡੂੰਘੇ ਫੱਟ ਲਾ ਗਈ ।ਕਿਸੇ ਸ਼ਾਇਰ ਨੇ ਬਿਲਕੁਲ ਸਹੀ ਲਿਖਿਆ ਹੈ---

ਵੋਹ ਵਕਤ ਵੀ ਦੇਖਾ ਹੈ, ਤਵਾਰੀਖ਼ ਕੀ ਘੜੀਓਂ ਨੇ,<br>
ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।

## ਹਿੰਦੀ ਮਿੰਨੀ ਕਹਾਣੀ : ਦੋਗਲੇ

*** ਮੂਲ : ਲਤਿਕਾ ਬਤਰਾ**

*** ਅਨੁ: ਪ੍ਰੋ. ਨਵ ਸੰਗੀਤ ਸਿੰਘ**

ਭਾਰਤ ਅਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਦਾ ਫਾਈਨਲ ਮੈਚ ਚੱਲ ਰਿਹਾ ਸੀ। ਪਾਪਾ ਨੇ ਦਫਤਰ ਤੋਂ ਛੁੱਟੀ ਲਈ ਹੋਈ ਸੀ। ਪੂਰੀ ਤਿਆਰੀ ਸੀ। ਦਫਤਰ ਦੇ ਚਾਰ ਦੋਸਤਾਂ ਨਾਲ ਡੇਰਾ ਜਮਾਇਆ ਹੋਇਆ ਸੀ। ਬੋਤਲ ਖੁੱਲ੍ਹੀ ਹੋਈ ਸੀ। ਖਾਣ ਨੂੰ ਤਲੀ ਹੋਈ ਮੂੰਗਫਲੀ ਅਤੇ ਪਿਆਜ਼ ਦੇ ਪਕੌੜੇ ਸਨ। ਟੀਵੀ @ਤੇ ਕਮੈਂਟੇਟਰ ਜੋਸ਼ ਪੈਦਾ ਕਰ ਰਹੇ ਸਨ। ਪੂਰਾ ਸਟੇਡੀਅਮ ਖਚਾਖਚ ਭਰਿਆ ਹੋਇਆ ਸੀ। ਜਦੋਂ ਦੋਵੇਂ ਟੀਮਾਂ ਮੈਦਾਨ ਵਿੱਚ ਦਾਖਲ ਹੋਈਆਂ ਤਾਂ ਰੌਲੇ-ਰੱਪੇ ਅਤੇ ਜੋਸ਼ ਨੇ ਸਾਰੇ ਹੱਦ-ਬੰਨੇ ਤੋੜ ਦਿੱਤੇ। ਸਭ ਤੋਂ ਪਹਿਲਾਂ ਪਾਕਿਸਤਾਨ ਦਾ ਰਾਸ਼ਟਰੀ ਗੀਤ ਵਜਾਇਆ ਗਿਆ। ਪਾਪਾ ਅਤੇ ਉਸਦੇ ਦੋਸਤ ਸੱਟੇਬਾਜ਼ੀ ਵਿੱਚ ਰੁੱਝੇ ਹੋਏ ਸਨ। ਉਹ ਜਿੱਤ-ਹਾਰ ਦੀ ਬਹਿਸ ਵਿੱਚ ਜ਼ੋਰ-ਸ਼ੋਰ ਨਾਲ ਲੱਗੇ ਹੋਏ ਸਨ। ਬੇਟਾ ਕੋਲ ਬੈਠਾ ਸਭ ਕੁਝ ਦੇਖ ਰਿਹਾ ਸੀ। ਫਿਰ ਰਾਸ਼ਟਰੀ ਗੀਤ ਵੱਜਣ ਲੱਗਾ, ਜਨ-ਗਣ-ਮਨ ਬੇਟਾ ਖੜ੍ਹਾ ਹੋ ਗਿਆ। ਬੇਟੇ ਨੂੰ ਯਾਦ ਆਇਆ ਕਿ ਜਦੋਂ ਥੀਏਟਰ ਵਿਚ ਰਾਸ਼ਟਰੀ ਗੀਤ ਸ਼ੁਰੂ ਹੋਇਆ ਸੀ ਤਾਂ ਉਹ ਮੰਮੀ ਨਾਲ ਪੌਪਕੋਰਨ ਅਤੇ ਕੋਲਡ ਡਰਿੰਕ ਦੀ ਜ਼ਿੱਦ ਵਿਚ ਉਲਝਿਆ ਹੋਇਆ ਸੀ। ਉਦੋਂ ਪਿਤਾ ਨੇ ਗੁੱਸੇ ਵਿੱਚ ਦੋਵਾਂ ਨੂੰ ਝਿੜਕਿਆ ਸੀ, ÷ਪਤਾ ਨਹੀਂ ਲੱਗਦਾ- @ਜਨ-ਗਨ-ਮਨ@ ਚੱਲ ਰਿਹਾ ਹੈ, ਸਾਰੇ ਖੜ੍ਹੇ ਹਨ ਅਤੇ ਤੁਸੀਂ ਦੋਵੇਂ ਅਨਪੜ੍ਹ ਅਤੇ ਨਿਕੰਮੇ... ਖੜ੍ਹੇ ਹੋ ਜਾਓ...।÷ ਪੁੱਤਰ ਨੇ ਪਿਤਾ ਵੱਲ ਦੇਖਿਆ। ਉਹ ਅਤੇ ਉਸਦੇ ਦੋਸਤ ਇਸ ਗੱਲ ਨੂੰ ਲੈ ਕੇ ਬਹਿਸ ਕਰ ਰਹੇ ਸਨ ਕਿ ਕਿਹੜੀ ਟੀਮ ਟਾਸ ਜਿੱਤੇਗੀ।

ਬੇਟੇ ਨੇ ਆਪਣੇ ਪਿਤਾ ਦਾ ਕੁੜਤਾ ਖਿੱਚਿਆ ਅਤੇ ਕਿਹਾ, ਪਾਪਾ, ਜਨ-ਗਨ-ਮਨ@ ਚੱਲ ਰਿਹਾ ਹੈ...।

ਹਾਂ, ਹਾਂ, ਪਤਾ ਹੈ ਮੈਨੂੰ। ਮੈਚ ਹੁਣੇ ਸ਼ੁਰੂ ਹੋਵੇਗਾ।

ਪਾਪਾ, ਜਨ-ਗਨ-ਮਨ...÷ ਪੁੱਤਰ ਨੇ ਖੜ੍ਹੇ-ਖੜ੍ਹੇ ਫੇਰ ਕਿਹਾ।

ਆਪਣੇ ਪੁੱਤਰ ਨੂੰ ਸਾਵਧਾਨ ਮੁੱਦਰਾ ਵਿਚ ਖੜ੍ਹੇ ਵੇਖ ਕੇ ਪਿਤਾ ਹੱਸ ਪਏ, ਕਿੰਨਾ ਤੇਜ਼ ਦਿਮਾ.ਗ ਹੈ! ਸਭ ਕੁਝ ਯਾਦ ਰੱਖਦਾ ਹੈ।÷


ਫਿਰ ਆਪਣੇ ਬੇਟੇ ਦੀ ਪਿੱਠ @ਤੇ ਹਲਕਾ ਜਿਹਾ ਮਾਰਦਿਆਂ ਉਹ ਹੱਸ ਕੇ ਬੋਲੇ, ÷ਇੱਥੇ ਕਿਹੜਾ ਕੋਈ ਵੇਖ ਰਿਹਾ ਹੈ?

ਅਤੇ ਬੋਤਲ ਚੁੱਕ ਕੇ ਉਹਦਾ ਢੱਕਣ ਖੋਲ੍ਹਣ ਲੱਗੇ।

**# ਮੂਲ : ਲਤਿਕਾ ਬਤਰਾ, 46, ਐੱਜਮੇਰੇ ਰੋਡ, ਲਿਵਿੰਗਸਟੋਨ, ਨਿਊਜਰਸੀ (ਅਮਰੀਕਾ)**

**# ਅਨੁ : ਪ੍ਰੋ. ਨਵ ਸੰਗੀਤ ਸਿੰਘ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ) 9417692015**

## ਬਾਲ ਕਹਾਣੀ





ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਸੀ। ਉੱਥੇ ਇੱਕ ਚੀਤਾ ਰਹਿੰਦਾ ਸੀ। ਉਹ ਸਾਰਿਆਂ ਦਾ ਦੋਸਤ ਸੀ। ਇੱਕ ਦਿਨ ਉੱਥੇ ਇੱਕ ਸ਼ੇਰ ਆ ਗਿਆ। ਉਹ ਇੱਕ ਜਾਨਵਰ ਨੂੰ ਖਾਣ ਲੱਗਾ। ਚੀਤੇ ਨੇ ਇਹ ਸਭ ਕੁਝ ਦੇਖ ਲਿਆ। ਚੀਤੇ ਨੇ ਭੱਜ ਕੇ ਸ਼ੇਰ ਦੇ ਪੰਜਾ ਮਾਰਿਆ। ਸ਼ੇਰ ਤੇ ਚੀਤੇ ਦੀ ਲੜਾਈ ਹੋ ਗਈ। ਚੀਤੇ ਨੇ ਸ਼ੇਰ ਨੂੰ ਮਾਰ ਦਿੱਤਾ। ਸਾਰੇ ਜਾਨਵਰਾਂ ਦੀ ਜਾਨ ਬਚ ਗਈ।

ਸਿੱਖਿਆ - ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਦੂਸਰਿਆਂ ਦਾ ਭਲਾ ਕਰੋ।

**ਸੁਖਮਨ ਸਿੰਘ , ਜਮਾਤ ਤੀਸਰੀ ,**

**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ**

## ਨਹਿਲੇ 'ਤੇ ਦਹਿਲਾ

ਕਈ ਬੰਦਿਆਂ ਨੂੰ ਨਹਿਲੇ 'ਤੇ ਦਹਿਲਾਮਾਰਨ ਦਾ ਬਹੁਤ ਢੱਬ ਹੁੰਦਾ ਹੈ। ਗੱਲ ਕਰਦੇ ਸਮੇਂ ਮੂੰਹ ਵੀ ਐਨਾ ਮਸਕੀਨ ਬਣਾਉਂਦੇ ਹਨ ਹੈ ਕਿ ਅਗਲਾ ਯਕੀਨ ਵੀ ਕਰ ਲੈਂਦਾ ਹੈ। ਸਾਡੇ ਗੁਆਂਢੀ ਪਿੰਡ ਦਾ ਵਾਸੀ ਸਵਰਨ ਸਿੰਘ ਉਰਫ ਸਵਰਨਾ ਕਾਣਾ ਅਜਿਹਾ ਹੀ ਆਦਮੀ ਸੀ,ਬੜੀ ਵੱਖੀਉਂ ਗੱਲ ਕੱਢਦਾ ਹੁੰਦਾ ਸੀ। 1970 - 71 ਦੌਰਾਨ ਲੋਕ ਜਿਆਦਾਤਰ ਸਫਰ ਤਾਂਗਿਆਂ 'ਤੇ ਹੀ ਕਰਦੇ ਹੁੰਦੇ ਸਨ। ਇੱਕ ਦਿਨ ਸਵਰਨਾ ਬੱਸ ਅੱਡੇ ਤੋਂ ਕਿਸੇ ਕੰਮ ਕਚਹਿਰੀ ਜਾ ਰਿਹਾ ਸੀ ਤੇ ਤਾਂਗੇ ਵਿੱਚ ਪੱਟੀ ਵੱਲ ਦੇ ਕੁਝ ਬਦਮਾਸ਼ ਵੀ ਬੈਠੇ ਸਨ। ਉਹ 'ਫੀਮ ਦੇ ਨਸ਼ੇ ਨਾਲ ਖਿੜੇ ਹੋਏ ਆਪਣੇ ਲੜਾਈ ਝਗੜਿਆਂ, ਕਤਲਾਂ, ਬਾਰਡਰ ਤੋਂ ਮਾਲ ਟਪਾਉਣ ਅਤੇ ਜ਼ਮੀਨਾਂ ਦੱਬਣ ਆਦਿ ਦੇ ਕਾਰਨਾਮਿਆਂ ਬਾਰੇ ਫੜ੍ਹਾਂ ਮਾਰ ਰਹੇ ਸਨ। ਪਹਿਲਾਂ ਤਾਂ ਸਵਰਨਾ ਸੁਣਦਾ ਰਿਹਾ ਪਰ ਫਿਰ ਉਸ ਤੋਂ ਰਿਹਾ ਨਾ ਗਿਆ ਤੇ ਉਸ ਨੇ ਭੋਲਾ ਜਿਹਾ ਬਣ ਕੇ ਪੁੱਛਿਆ, ਭਾਊ ਜੀ, ਇਹ ਗੋਲੀ ਮਾਰਨ ਨਾਲ ਬੰਦਾ ਮਰ ਜਾਂਦਾ ਆ? ਹਜ਼ਾਰੇ ਬਲੈਕੀਏ ਨੇ ਜਵਾਬ ਦਿੱਤਾ, ਹੋਰ ਭੰਗੜੇ ਪਾਉਂਦਾ ਆ? ਇੱਕ ਟਿਕਾਣੇ ਵੱਜੀ ਨਹੀਂ ਕਿ ਬੰਦਾ ਅਗਲੇ ਜਹਾਨ ਪਹੁੰਚ ਜਾਂਦਾ ਆ। ਸਵਰਨੇ ਨੇ ਦਰਦ ਕਹਾਣੀ ਦੱਸੀ, ਪਰ ਮੈਂ ਤਾਂ ਇੱਕ ਬੰਦੇ ਦੇ ਤਿੰਨ ਚਾਰ ਗੋਲੀਆਂ ਮਾਰੀਆਂ ਸਨ। ਉਸ ਨੂੰ ਕੁਝ ਨਾ ਹੋਇਆ, ਉਲਟਾਮੈਨੂੰ ਢਾਹ ਕੇ ਤਸੱਲੀ ਨਾਲ ਛਿਤਰੌਲ ਕੀਤੀ।

ਸੁਣ ਕੇ ਇੱਕ ਬਦਮਾਸ਼ ਨੇ ਹੈਰਾਨੀ ਨਾਲ ਪੁੱਛਿਆ, ਦੋਨਾਲੀ (12 ਬੋਰ ਦੀ ਬੰਦੂਕ) ਨਾਲ ਮਾਰੀਆਂ ਸਨ ਕਿ ਪੱਕੀ (315 ਬੋਰ ਰਾਈਫਲ) ਨਾਲ? ਸਵਰਨੇ ਨੇ ਮਸਕੀਨ ਜਿਹਾ ਬਣ ਕੇ ਗੱਲ ਮੁਕਾਈ, ਨਈਂ ਜੀ, ਮੈਂ ਤਾਂ ਵਗ੍ਹਾਤੀਆਂ ਈ ਮਾਰੀਆਂ ਸੀ ਹੱਥ ਨਾਲ, ਸਾਲਾ ਮਰਿਆ ਈ ਨਈਂ। ਸੁਣ ਕੇ ਬਦਮਾਸ਼ ਹੈਰਾਨੀ ਨਾਲ ਇੱਕ ਦੂਸਰੇ ਦਾ ਮੂੰਹ ਵੇਖਣ ਲੱਗ ਪਏ ਕਿ ਇਹ ਬੰਦਾ ਸੱਚੀਂ ਐਨਾ ਕੂੜ ਦਿਮਾਗ ਹੈ ਕਿ ਸਾਨੂੰ ਬੇਵਕੂਫ ਬਣਾ ਰਿਹਾ ਹੈ।

**ਬਲਰਾਜ ਸਿੰਘ ਸਿੱਧੂ ਏ.ਆਈ.ਜੀ.**

**ਪੰਡੋਰੀ ਸਿੱਧਵਾਂ 9501100062**

## ਰਿਟਾਇਰਡ ਅਫਸਰ ਤੇ ਚੋਣਾਂ ਲੜਨ ਲਈ ਟਿਕਟ

ਪਿੰਡ ਮੰਨਣ ਦੀ ਸੱਥ ਵਿੱਚ 2024 ਦੀਆਂ ਲੋਕ ਸਭਾ ਨੂੰ ਲੈ ਕੇ ਖੁੰਢ ਚਰਚਾ ਚੱਲ ਰਹੀ ਸੀ। ਕੋਈ ਕਿਸੇ ਪਾਰਟੀ ਨੂੰ ਮਾੜਾ ਕਹਿ ਰਿਹਾ ਸੀ ਤੇ ਕੋਈ ਕਿਸੇ ਨੂੰ ਚੰਗਾ। ਖੁੱਚਿਆਂ ਦੇ ਸੁੱਖੇਨੇ ਗੱਲ ਅਫਸਰਾਂ ਵੱਲ ਮੋੜ ਲਈ, ਯਾਰ ਪਾਰਟੀਆਂ ਦੀ ਆਹ ਗੱਲ ਨਹੀਂ ਮੈਨੂੰ ਚੰਗੀ ਲੱਗਦੀ ਜਿਹੜਾ ਲਟੈਰ (ਰਿਟਾਇਰ) ਅਫਸਰਾਂ ਨੂੰ ਐਮ.ਪੀ., ਐਮ.ਐਲ.ਏ. ਦੀ ਟਿਕਟ ਦੇ ਦੇਂਦੀਆਂ ਨੇ। ਇਨ੍ਹਾਂ ਨੇ ਤਾਂ ਪਹਿਲਾਂ ਹੀ ਚੰਗਾ ਮੋਟਾ ਮਾਲ ਕਮਾਇਆ ਹੁੰਦਾ। ਟਿਕਟਾਂਗਰੀਬ ਗੁਰਬਿਆਂਨੂੰ ਦੇਣੀਆਂ ਚਾਹੀਦੀਆਂ ਨੇ ਤਾਂ ਜੋ ਉਨ੍ਹਾਂ ਵਿਚਾਰਿਆਂ ਦੀ ਵੀ ਸੱਤਾਂ ਪੀੜ੍ਹੀਆ ਦੀ ਖੁਸ਼ਕੀ ਚੁੱਕੀ ਜਾਵੇ। ਸੁੱਖੇ ਦੀ ਗੱਲ ਸੁਣ ਕੇ ਕੁਝ ਬੰਦੇ ਹੱਸ ਪਏ ਤੇ ਕਈਆਂ ਨੇ ਸਹਿਮਤੀ ਵਿੱਚ ਸਿਰ ਹਿਲਾ ਦਿੱਤੇ। ਮਿੱਠਿਆਂ ਦਾ ਗੁਰਦੀਪ ਕਾਮਰੇਡ ਬੋਲਿਆ, ਮੈਂ ਤੇ ਕਹਿੰਨਾ ਕਿ ਜਿਹੜਾ ਵੀ ਅਫਸਰ ਰਿਟਾਇਰ ਹੋਵੇ, ਉਸ ਨੂੰ ਚੋਣਾਂ ਦੀ ਟਿਕਟ ਜਰੂਰ ਮਿਲਣੀ ਚਾਹੀਦੀ ਆ।

ਕਾਮਰੇਡ ਦੀ ਗੱਲ ਸੁਣ ਕੇ ਸਾਰੀ ਦੀ ਸਾਰੀ ਖੁੰਢ ਪੰਚਾਇਤ ਨੂੰ 440 ਵੋਲਟ ਦਾ ਝਟਕਾ ਲੱਗਾ। ਸੁਮਿੱਤਰ ਸਗਲੀ ਹੱਸ ਕੇ ਬੋਲਿਆ, ਕਾਮਰੇਡਾ, ਭੰਗ ਤਾਂ ਨਹੀਂ ਪੀ ਲਈ ਸਵੇਰੇ ਸਵੇਰ? ਤੂੰ ਤਾਂ ਸਰਮਾਏਦਾਰਾਂ ਤੇ ਭ੍ਰਿਸ਼ਟ ਅਫਸਰਾਂ ਨੂੰ ਪਾਣੀ ਪੀ ਪੀ ਕੇ ਕੋਸਦਾ ਹੁੰਦਾ ਸੀ। ਮਹੀਨੇ ਵਿੱਚੋਂ 20 ਦਿਨ ਤੂੰ ਤੇ ਤੇਰੀ ਯੂਨੀਅਨ ਥਾਣਿਆਂ, ਡੀ.ਸੀ., ਐਸ.ਐਸ.ਪੀ. ਤੇ ਬਿਜਲੀ ਮਹਿਕਮੇਦੇ ਦਫਤਰਾਂ ਦਾ ਘਿਰਾਉ ਕਰ ਕੇ ਬੈਠੇ ਰਹਿੰਦੇ ਸੀ ਕਿ ਭ੍ਰਿਸ਼ਟਾਚਾਰ ਹੋ ਰਿਹਾ ਹੈ। ਅੱਜ ਬੜਾ ਹੇਜ ਜਾਗਿਆ ਅਫਸਰਾਂ ਪ੍ਰਤੀ? ਕਿਤੇ ਦਲ ਬਦਲੂ ਨੇਤਾਵਾਂ ਵਾਂਗ ਤੇਰੀ ਤਾਂ ਨਹੀਂਆਤਮਾ ਜਾਗ ਪਈ? ਅਜਿਹੀ ਕੋਈ ਗੱਲ ਨਹੀਂ। ਅਸਲ ਵਿੱਚ ਅਫਸਰਾਂ ਨੇ ਰਿਸ਼ਵਤਖੋਰੀ ਨਾਲ ਰੱਜ ਕੇ ਮਾਇਆ ਮੋਹਣੀ ਕਮਾਈ ਹੁੰਦੀ ਹੈ।ਜਦੋਂ ਟਿਕਟ ਮਿਲ ਜਾਂਦੀ ਹੈ ਤਾਂ ਇਹ ਕਰੋੜਾਂ ਰੁਪਏ ਵੋਟਾਂ ਖਰੀਦਣ ਲਈ ਖਰਚ ਕਰ ਦਿੰਦੇ ਹਨ। ਇਸ ਤਰਾਂ ਖੂਹ ਦੀ ਮਿੱਟੀ ਖੂਹ ਨੂੰ ਲੱਗ ਜਾਂਦੀ ਹੈ ਤੇ ਜਨਤਾ ਦਾ ਪੈਸਾ ਜਨਤਾ ਨੂੰ ਵਾਪਸ ਮਿਲ ਜਾਂਦਾ ਹੈ, ਹੱਸਦੇ ਹੋਏ ਕਾਮਰੇਡ ਨੇ ਭੇਤ ਖੋਲ੍ਹਿਆ।

**ਬਲਰਾਜ ਸਿੰਘ ਸਿੱਧੂ ਏ.ਆਈ.ਜੀ.**

**ਪੰਡੋਰੀ ਸਿੱਧਵਾਂ 9501100062**

# ਪ੍ਰੀਤ ਫੁਲਵਾੜੀ

## ਐਕਸਪਾਇਰੀ ਡੇਟ

ਇਥੇ ਚਲਦੇ ਫਿਰਦੇ ਨਜ਼ਰ ਆਉਂਦੇ ਹਨ
ਗੋਰੇ ਕਾਲੇ
ਕਾਲੀਆਂ ਪੀਲੀਆਂ ਨੀਲੀਆਂ ਅੱਖਾਂ ਵਾਲੇ
ਖ਼ੁਦਾ ਦੇ ਬਣਾਏ ਪ੍ਰੋਡਕਟ ।
ਸਭ ਦੇ ਮੱਥੇ ਲਿਖੀ
ਉਹਨਾਂ ਦੀ ਐਕਸਪਾਇਰੀ ਡੇਟ।
ਸਭ ਕੋਲ ਮੌਕਾ ਹੈ
ਕਿ ਉਹ ਸਾਬਿਤ ਕਰਨ ਆਪਣੇ ਆਪ ਨੂੰ
ਦੁਨੀਆ ਦੇ ਇਸ ਬਜ਼ਾਰ ਵਿੱਚ
ਆਪਣਾ ਵਾਜਿਬ ਮੁੱਲ ਪਵਾਉਣ
ਹੋ ਕੇ ਪਰਫੈਕਟ ।
ਇਸ ਤੋਂ ਪਹਿਲਾਂ ਕਿ ਆ ਜਾਵੇ
ਉਹਨਾਂ ਦੀ ਐਕਸਪਾਇਰੀ ਡੇਟ।
ਖਾਂਦੇ ਹਨ , ਪੀਂਦੇ ਹਨ
ਨੱਚਦੇ ਹਨ , ਗਾਉਂਦੇ ਹਨ
ਕਰਦੇ ਹਨ ਪੂਰੀਆਂ ਜ਼ਿੰਮੇਵਾਰੀਆਂ
ਤੇ ਆਪਣੇ ਫ਼ਰਜ਼ ਨਿਭਾਉਂਦੇ ਹਨ
ਕਰਦੇ ਹਨ ਰੱਜਕੇ ਸ਼ੌਕ ਪੂਰੇ
ਜਦ ਤੱਕ ਲੱਗ ਨਹੀਂ ਜਾਂਦਾ
ਉਹਨਾਂ ਦੇ ਨਾਮ ਅੱਗੇ ਬਰੈਕਟ।
ਖ਼ੂਬ ਭੱਜਦੇ ਦੌੜਦੇ ਹਨ
ਖੁਦ ਵੀ ਤੇ ਉਨ੍ਹਾਂ ਦੇ ਦਿਮਾਗ ਵੀ
ਜਦ ਤੱਕ ਆ ਨਹੀਂ ਜਾਂਦੀ
ਉਹਨਾਂ ਦੀ ਐਕਸਪਾਇਰੀ ਡੇਟ।

**ਜ..ਦੀਪ ਸਿੰਘ ਦੀਪ**
**ਮੋਬਾ:98760-04714**

## ਬੀਤਿਆ ਵੇਲਾ

ਕਿੱਧਰ ਤੋਰ ਦਿੱਤੇ ਅਸੀਂ ਗੱਡੇ ਭੇਡੇ,
ਕਿੱਧਰ ਤੋਰ ਦਿੱਤੇ ਗਊਆਂ ਦੇ ਜਾਏ।
ਬਥੇਰਾ ਕਣਕਾਂ ਦਾ ਕੁਤਰਾ ਕੀਤਾ,
ਦਿਨ ਰਾਤ ਥਰੈਸ਼ਰਾਂ ਦੇ ਰੁੱਗ ਲਾਏ।
ਹੁਣ ਕੋਈ ਰੇੜੀ ਵੱਛਾ ਨਾ ਜੋੜੇ,
ਮੋਟਰਸਾਇਕਲਾਂ ਪਿੱਛੇ ਰੇਹੜੇ ਪਾਏ।
ਨਾ ਕੋਈ ਹੱਥੀਂ ਹੱਲ ਹੈ ਵਾਉਂਦਾ,
ਰੀਸੋ ਰੀਸ ਵੱਡੇ ਟਰੈਕਟਰ ਲਿਆਏ।
ਪਹਿਲਾਂ ਰੱਲ ਮਿਲ ਕਿਰਸਾਨੀ ਕਰਦੇ,
ਹੁਣ ਮਸ਼ੀਨੀ ਯੁੱਗ ਨੇ ਪਿਆਰ ਘਟਾਏ।
ਸ਼ਲਗਮ ਗਾਜਰਾਂ ਖਾ ਚੂਪ ਚੂਪ ਕੇ ਗੰਨੇ,
ਵਧੀਆ ਖੇਤਾਂ ਵਿਚ ਦਿਨ ਬਿਤਾਏ।
ਮੁੱਲਾਂਪੁਰ ਵੇਲਾ ਮੁੜ ਨਹੀਓਂ ਆਉਣਾ,
ਬਚਪਨ ਵਿਚ ਜੋ ਦਿਨ ਲੰਘਾਏ।

**ਸੁਖਵਿੰਦਰ ਸਿੰਘ ਮੁੱਲਾਂਪੁਰ**
**$. +91 9914184794**

## ਕਵਿਤਾ

ਲੰਘ ਗਈਆਂ ਬਾਰਸਾਂ ਵੇ, ਲੰਘ ਗਈਆਂ ਹਨੇਰੀਆਂ ,
ਛੇਤੀ ਆਜਾ ਵਤਨਾਂ ਨੂੰ , ਵੇਕਾ ਤੋਲਾਈਆਂ ਦੇਰੀਆਂ ।
ਕੋਈ ਬੋਲੇ ਅੱਲ੍ਹਾ ਅੱਲ੍ਹਾ , ਕੋਈ ਬੋਲੇ ਰਾਮ ਜੀ ,
ਦਿਨ ਮੇਰਾ ਲੰਘ ਜਾਂਦਾ , ਨਾ ਲੰਘਦੀ ਸਾਮ ਜੀ ,
ਦਿਲ ਮੇਰਾ ਰੋਵੇਂ , ਰਹਿਣ ਅੱਖਾਂ ਮੂਹਰੇ ਸੂਰਤਾ ਵੇ ਤੇਰੀਆਂ ।
ਛੇਤੀ ਆਜਾ ਵਤਨਾਂ ਨੂੰ ...............................
ਰਾਹ ਮੈਨੂੰ ਘੂਰਦੇ ਵੇ, ਗਲੀ ਮੈਨੂੰ ਘੂਰਦੀ ,
ਖੜੇ ਪੱਟੇ ਬਿਰਹੋਂ ਦੇ, ਮੈਂ ਤਾਂ ਫਿਰਾਂ ਪੂਰਦੀ ,
ਜਿਥੇ ਰਲ ਬਹਿੰਦੇ ਸੀ , ਵੇ ਸੁਕ ਗਈਆਂ ਓਹ ਬੇਰੀਆਂ ।
ਛੇਤੀ ਆਜਾ ਵਤਨਾਂ ਨੂੰ ...............................
ਮੰਜ਼ਲਿ ਹੈ ਬੜੀ ਦੂਰ , ਪੈਰ ਮੇਰੇ ਥੱਕ ਗਏ,
ਨਾਂ ਤੇਰਾ ਲੈ ਲੈ ਦਰਦੀ , ਦੇਖ ਬੁੱਲ ਮੇਰੇ ਅੱਕ ਗਏ,
ਚਾਵਾਂ ਵਾਲੇ ਮਹਿਲ ਵੇ , ਹੋ ਗਏ ਨੇ ਢਹਿ ਢੇਰੀਆਂ ।
ਛੇਤੀ ਆਜਾ ਵਤਨਾਂ ਨੂੰ ...............................

**ਸਿਵਨਾਥ ਦਰਦੀ**
**ਸੰਪਰਕ :-98551/55392**

## ਕੁਲਫੀ ਠੰਡੀ ਠਾਰ

ਗਲੀ ਸਾਡੀ ਵਿੱਚ ਭਾਈ ਆਇਆ,
ਕੁਲਫੀ ਲੈ ਲਓ ਹੋਕਾ ਲਾਇਆ।
ਬੜੀ ਸੁਆਦੀ ਇਹ ਮਜ਼ੇਦਾਰ,
ਆਜੋ ਖਾ ਲਉ ਠੰਡੀ ਠਾਰ।
ਨਾਲੇ ਪਾਂ ਪਾਂ ਹਾਰਨ ਵਜਾਵੇ,
ਸੁੱਤਿਆ ਤਾਂਈ ਉਹ ਉਠਾਵੇ।
ਪੈਸੇ, ਕੋਈ ਲਿਆਇਆ ਦਾਣੇ,
ਮਿੰਟੋ ਮਿੰਟੀ ਕੱਠੇ ਹੋਏ ਨਿਆਣੇ।
ਬੰਟੀ@ ਮੰਮੀ ਦੀ ਉਂਗਲੀ ਫੜਕੇ,
ਔਹ ਲੈਣੀ ਕਹੇ ਇਸ਼ਾਰਾ ਕਰਕੇ।
ਚਿੱਟੀ, ਹਰੀ ਤੇ ਪੀਲੀ, ਲਾਲ,
ਬੁੱਲ ਕਰ ਦਿੰਦੀ ਲਾਲ ਗੁਲਾਲ।
ਗਰਮੀਆਂ ਦਾ ਤੋਹਫ਼ਾ ਅਖਵਾਵੇ,
ਗਰੀਬ ਅਮੀਰ ਹਰ ਕੋਈ ਖਾਵੇ।
ਜਦ ਚੂਸੀਏ ,ਪੱਤੋ, ਆਉਣ ਨਜ਼ਾਰੇ,
ਕੁਲਫੀ ਖਾ ਖੁਸ਼ ਹੁੰਦੇ ਸਾਰੇ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ**
**ਫੋਨ ਨੰਬਰ**
**94658-21417**

## ਪੈਸਾ

ਨਿਰਧਨ ਕੋਲ਼ ਪੈਸਾ ਨਹੀਂ ਹੁੰਦਾ, ਔਖ @ਚ ਸਮਾਂ ਬਿਤਾਉਂਦਾ।
ਧਨੀ ਬੰਦਾ ਹੋਰ ਪੈਸੇ ਲਈ, ਰਾਤੀਂ ਉਠ-ਉਠ ਬਹਿੰਦਾ।
ਜੀਵਨ ਕੱਟਣ ਦੇ ਲਈ ਹੋਵੇ, ਪੈਸਾ ਬਹੁਤ ਜ਼ਰੂਰੀ।
ਜੇਬ @ਚ ਜੇ ਪੈਸਾ ਨਾ ਹੋਵੇ, ਗੱਲ ਨਾ ਹੁੰਦੀ ਪੂਰੀ।
ਨਾ ਤਾਂ ਪੈਸਾ ਏਨਾ ਹੋਵੇ, ਪਾਣੀ ਵਾਂਗ ਵਹਾਈਏ।
ਏਨਾ ਵੀ ਇਹ ਘੱਟ ਨਾ ਹੋਵੇ, ਹਰ ਵੇਲੇ ਪਛਤਾਈਏ।
ਚੋਰਾਂ, ਰਿਸ਼ਵਤਖੋਰਾਂ ਕੋਲ਼ੇ, ਧਨ ਦੀ ਕਮੀ ਨਾ ਹੋਵੇ।
ਮਾਇਆਧਾਰੀ ਬੰਦਾ ਹਰਦਮ, ਚੈਨ-ਅਰਾਮ ਨੂੰ ਖੋਵੇ।
ਧਨ ਤੇ ਦੌਲਤ ਵਾਲ਼ੇ ਬੰਦੇ, ਹੁੰਦੇ ਅੰਨ੍ਹੇ ਬੋਲ਼ੇ।
ਅਕਸਰ ਮਾਇਆਧਾਰੀ ਪਾਉਂਦੇ, ਤਨ ਤੇ ਚਿੱਟੇ ਚੋਲ਼ੇ।
ਨਿਰਧਨ ਅਤੇ ਅਮੀਰ ਦੋਵੇਂ ਹੀ, ਸੋਚਣ ਪੈਸੇ ਬਾਰੇ।
ਦੋਵੇਂ ਦੁਨੀਆਂ ਵਿੱਚ ਆ ਕੇ ਵੀ, ਲੈ ਨਾ ਸਕਣ ਨਜ਼ਾਰੇ।
ਧਰਮ-ਜਗਤ ਵਿੱਚ ਪੈਸੇ ਨੂੰ, ਆਖਣ ਮੋਹ ਤੇ ਮਾਇਆ।
ਇਹਦੇ ਵੱਸ @ਚ ਸਭ ਨੇ ਆ ਕੇ, ਦੀਨ ਤੇ ਦੁਨੀਂ ਗਵਾਇਆ।
ਨਾ ਧਨ ਥੋੜ੍ਹਾ ਚੰਗਾ ਹੋਵੇ, ਨਾ ਚੰਗਾ ਹੈ ਬਹੁਤਾ।
ਜੋ ਇਹਤੋਂ ਨਿਰਲੇਪ ਹੈ ਰਹਿੰਦਾ, ਉਹ ਹੀ ਪਾਂਧੀ ਪਹੁਤਾ।

**ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**

## ਜਿੱਤ ਕਿਸਾਨਾਂ ਦੀ

ਸਰਕਾਰਾਂ ਨੇ ਰਾਹ ਵਿੱਚ ਬੜੇ ਪਾੜ ਪਾਏ ਸੀ
ਦਿੱਲੀ ਜਾ ਕਿਸਾਨਾਂ ਪੱਕੇ ਮੋਰਚੇ ਲਾਏ ਸੀ
ਕਿਰਤੀ ਯੋਧਿਆਂ ਕਰਵਾਏ ਰਲ ਹੱਲ ਜੀ
ਪਤਾ ਲੱਗਿਆ ਕੇ ਏਕਤਾ ਚ ,ਹੁੰਦਾ ਹੈ ਬਲ ਜੀ ।
ਕਾਲੇ ਖੇਤੀ ਬਿੱਲਾਂ ਉੱਤੇ ਅੜੀ ਰਹੀ ਸਰਕਾਰ ਸੀ
ਕਿਰਤੀ ਕਿਸਾਨਾਂ ਨੂੰ ਨਾ ਇਹ ਹੋਏ ਸਵੀਕਾਰ ਸੀ
ਠੰਡ ਗਰਮੀ ਚ ,ਮਰਦੇ ਰਹੇ ਬੁੱਢੇ ਬੱਚੇ ਪਲ ਪਲ ਜੀ
ਪਤਾ ਲੱਗਿਆ ਕੇ ਏਕਤਾ ਚ, ਹੁੰਦਾ ਹੈ ਬਲ ਜੀ ।
ਸਰਕਾਰਾਂ ਬਿੱਲ ਪਾਸ ਕਰਾਉਣ ਚ ,ਜ਼ੋਰ ਲਾਏ ਸੀ
ਬੜੇ ਵੱਡੇ ਵੱਡੇ ਏਨਾਂ ਲਾਲਚ ਚ ,ਭਿਜਵਾਏ ਸੀ
ਕਿਸਾਨਾਂ ਨੂੰ ਦਿਸ ਰਿਹਾ ਆਉਣ ਵਾਲਾ ਕੱਲ੍ਹ ਜੀ
ਪਤਾ ਲੱਗਿਆ ਕੇ ਏਕਤਾ ਚ, ਹੁੰਦਾ ਹੈ ਬਲ ਜੀ ।
ਸੈਂਟਰ ਸਰਕਾਰ ਨੇ ਬੜੀ ਚੱਕੀ ਅੱਤ ਸੀ
ਰੱਦ ਕਰਨ ਨੂੰ ਕਾਨੂੰਨ ਨਾ ਲਾਉਂਦੀ ਲੱਤ ਸੀ
ਸੁਖਚੈਨ ,ਸਹਾਦਤਾਂ ਦੇ ਯੋਧਿਆਂ ਕੀਤਾ ਹੱਲ ਜੀ
ਪਤਾ ਲੱਗਿਆ ਕੇ ਏਕਤਾ ਚ, ਹੁੰਦਾ ਹੈ ਬਲ ਜੀ ।

**ਸੁਖਚੈਨ ਸਿੰਘ ,ਠੱਠੀ ਭਾਈ, 00971527632924**

## .ਗਜ਼ਲ

ਦੇਸ਼ ਦਾ ਇਤਿਹਾਸ ਬਰਖੁਰਦਾਰ ਹੁੰਦੀਆਂ ਖਿੜਕੀਆਂ।
ਸਿਰਜਨਾ ਦੀ ਸ਼ਾਨ ਮੰਗਲਾਚਾਰ ਹੁੰਦੀਆਂ ਖਿੜਕੀਆਂ।
ਦੂਰ ਤੋਂ ਹੀ ਸੀਮਾਂ ’ਤੇ ਇਹ ਨਜ਼ਰ ਤਿੱਖੀ ਰਖਦੀਆਂ,
ਰੋਜ਼ ਪਹਿਰੇਦਾਰ, ਚੋਕੀਂਦਾਰ ਹੁੰਦੀਆਂ ਖਿੜਕੀਆਂ।
ਨੇਰ੍ਹੀਆਂ ਤੂਫਾਨ ਚੱਖੜਾਂ ਬਾਰਿਸ਼ਾਂ ਦੀ ਚਾਲ ਤੋਂ।
ਬੰਦ ਹੋ ਕੇ ਘਰ ਲਈ ਦੀਵਾਰ ਹੁੰਦੀਆਂ ਖਿੜਕੀਆਂ।
ਇਕ ਪਹਾੜੀ ਘਰ ’ਚ ਫੁਲ ਬੂਟੇ ਪੁਆ ਕੇ ਜਿਸਮ ’ਤੇ,
ਫਿਰ ਕੋਈ ਤਿਉਹਾਰ ਬੰਦਨਵਾਰ ਹੁੰਦੀਆਂ ਖਿੜਕੀਆਂ।
ਜੋ ਬਜ਼ੁਰਗਾਂ ਨੇ ਬਣਾਈਆਂ ਸੀ ਕਦੀ ਰੀਝਾਂ ਦੇ ਨਾਲ,
ਪੂਜਨੀਏ ਹੁੰਦੀਆਂ ਸਤਿਕਾਰ ਹੁੰਦੀਆਂ ਖਿੜਕੀਆਂ।
ਮਾਲਿਕਾਂ ਦੇ ਕਹਿਣ ’ਤੇ ਇਹ ਖੁਲ੍ਹਦੀਆਂ ਬੰਦ ਹੁੰਦੀਆਂ,
ਕਰਦੀਆਂ ਸਜਦੇ ਤੇ ਖ਼ਿਦਮਤਦਾਰ ਹੁੰਦੀਆਂ ਖਿੜਕੀਆਂ।
ਬੰਦ ਹੋਵਣ ਜੇ ਤਾਂ ਸਮਝੋ ਫਿਰ ਕੋਈ ਇਨਕਾਰ ਹੈ,
ਅਗਰ ਖੁਲ੍ਹ ਜਾਵਣ ਤਾਂ ਫਿਰ ਇਕਰਾਰ ਹੁੰਦੀਆਂ ਖਿੜਕੀਆਂ।
ਘੂਰੀਆਂ ਪਾ ਕੇ ਜੇ ਕੋਈ ਸੋਚਦਾ ਤੇ ਝਾਕਦਾ,
ਸਮਝ ਲਉ ਫਿਰ ਪਿਆਰ ਵਿਚ ਤਕਰਾਰ ਹੁੰਦੀਆਂ ਖਿੜਕੀਆਂ।
ਨਾ ਕੋਈ ਪੁਛਦਾ ਨਾ ਗਿਸ਼ਦਾ ਨਾ ਕੋਈ ਤਕਦਾ ਹੈ ਫ਼ਿਰ,
ਜਦ ਵਡੇਰੀ ਉਮਰ ਵਿਚ ਲਾਚਾਰ ਹੁੰਦੀਆਂ ਖਿੜਕੀਆਂ।
ਜੇ ਕੋਈ ਦੁਲਹਨ ਕਿਸੇ ਇੰਤਜਾਰ ਦੇ ਵਿਚ ਹੈ ਖੜ੍ਹੀ,
ਖ਼ੂਬਸੂਰਤ ਦਿਖ ’ਚ ਫਿਰ ਸ਼ਿੰਗਾਰ ਹੁੰਦੀਆਂ ਖਿੜਕੀਆਂ।
ਪਿਆਰ ਵਾਲੀ ਤਾਂਘ ਅੰਦਰ ਖਿਚ ਜੇ ਮਿਕਨਾਤੀਸੀ ਹੈ,
ਦੂਰ ਦੀ ਤਕਣੀ ’ਚ ਫਿਰ ਦੀਦਾਰ ਹੁੰਦੀਆਂ ਖਿੜਕੀਆਂ।
ਚਿਟਕਣੀ ਤੋਂ ਬਿਨ ਅਧੂਰੀ ਜ਼ਿੰਦਗੀ ਦੀ ਦਾਸਤਾਂ,
ਆਰ ਹੁੰਦੀਆਂ ਨੇ ਤੇ ਨਾ ਹੀ ਪਾਰ ਹੁੰਦੀਆਂ ਖਿੜਕੀਆਂ।
ਜ਼ਿੰਦਗੀ ਦਾ ਬਾਲਮਾ ਦਸਤੂਰ ਏਦਾਂ ਹੀ ਰਿਹਾ,
ਸੁੱਟ ਦਿੰਦੇ ਨੇ ਜਦੋਂ ਬੇਕਾਰ ਹੁੰਦੀਆਂ ਖਿੜਕੀਆਂ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰਨਗਰ ਗੁਰਦਾਸਪੁਰ ਪੰਜਾਬ**
**ਮੋ. - 98156-25409**

## ਮਜ਼ਦੂਰ ਏਕਤਾ/ ਕਵਿਤਾ

ਇਕ ਮਈ ਨੂੰ ਮਜ਼ਦੂਰਾਂ ਦੀ ਗੱਲ ਕਰਨ ਵਾਲੇ,
ਮੂੰਹਾਂ ਦੇ ਹੁੰਦੇ ਨੇ ਮਿੱਠੇ, ਦਿਲਾਂ ਦੇ ਹੁੰਦੇ ਨੇ ਕਾਲੇ।
ਉਹ ਮਜ਼ਦੂਰਾਂ ਤੋਂ ਅੱਠ ਘੰਟਿਆਂ ਤੋਂ ਵੱਧ ਕੰਮ ਲੈਂਦੇ ਨੇ,
ਸ਼ਾਮ ਨੂੰ ਮਜ਼ਦੂਰੀ ਦੇਣ ਵੇਲੇ ਰੋਣ ਲੱਗ ਪੈਂਦੇ ਨੇ।
ਦੁਪਹਿਰ ਦੀ ਰੋਟੀ ਖਾਣ ਲਈ ਵੀ ਸਮਾਂ ਨਾ ਦਿੰਦੇ ਨੇ,
ਉਂਝ ਉਹ ਖ਼ੁਦ ਨੂੰ ਉਨ੍ਹਾਂ ਦੇ ਹਮਦਰਦ ਕਹਿੰਦੇ ਨੇ।
ਉਹ ਕੰਮ ਕਰਦੇ ਪਸੀਨੋ ਪਸੀਨਾ ਹੋਈ ਜਾਣ,
ਫਿਰ ਵੀ ਉਨ੍ਹਾਂ ਨੂੰ ਵੇਖ ਉਹ ਮੱਥੇ ਵੱਟ ਪਾਈ ਜਾਣ।
ਉਨ੍ਹਾਂ ਦੇ ਕੀਤੇ ਕੰਮ ਦੀ ਉਹ ਸਿਫਤ ਨਾ ਕਰਦੇ ਨੇ,
ਉਹ ਉਨ੍ਹਾਂ ਨੂੰ ਆਪਣੇ ਗੁਲਾਮ ਹੀ ਸਮਝਦੇ ਨੇ।
ਜੇ ਕੰਮ ਕਰਕੇ ਵੀ ਉਨ੍ਹਾਂ ਨੂੰ ਮਿਲਣੀ ਨਹੀਂ ਰੋਟੀ,
ਤਾਂ ਫਿਰ ਅੱਕ ਕੇ ਉਨ੍ਹਾਂ ਨੂੰ ਚੁੱਕਣੀ ਪੈਣੀ ਏਂ ਸੋਟੀ।
ਮਜ਼ਦੂਰ ਏਕਤਾ ਹੀ ਉਨ੍ਹਾਂ ਦੇ ਦੁੱਖਾਂ ਦਾ ਹੱਲ ਹੈ,
ਇਸ ਤੋਂ ਬਗੈਰ ਮਾਨ ਧੁੰਦਲਾ ਉਨ੍ਹਾਂ ਦਾ ਕੱਲ੍ਹ ਹੈ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਪਿਆਰੇ ਫੁੱਲ

ਰੰਗ ਬਿਰੰਗੇ ਪਿਆਰੇ - ਪਿਆਰੇ ,
ਖੁਸ਼ੀਆਂ ਦਾ ਦਿੰਦੇ ਪੈਗ਼ਾਮ ,
ਹਰ ਇੱਕ ਦੇ ਮਨ ਨੂੰ ਭਾਉਣ ,
ਸਭ ਨੂੰ ਕਰਨ ਸਲਾਮ ,
ਦੁਨੀਆਂ ਨੂੰ ਖ਼ੁਸ਼ਬੋਆਂ ਵੰਡਣ ,
ਮਹਿਕਣ ਤੇ ਮੁਸਕਾਉਣ ,
ਖਿੜ - ਖਿੜ ਖਿੜਦੇ ਸਾਰੇ ,
ਧਰਤੀ ਮਾਤਾ ਨੂੰ ਸਜਾਉਣ ,
ਖੁਸ਼ੀ - ਗਮੀ ਹਰ ਮੌਕੇ ‘ਤੇ
ਇਹ ਹੀ ਕੰਮ ਆਉਣ ,
ਸਭਨਾਂ ਦੇ ਦਿਲ ਵਿੱਚ ਵੱਸਦੇ ,
ਇਹ ਪਿਆਰੇ “ ਫੁੱਲ “ ਅਖਵਾਉਣ ,
ਕਹਿੰਦੇ ਨਾ ਡਾਲੀ ਤੋਂ ਤੋੜ ,
ਆਪਣਾ ਮਨ ਸਾਡੇ ਨਾਲ ਜੋੜ ,
ਹਰ ਇੱਕ ਦਾ ਮਨ ਪਰਚਾਈਏ ,
ਸਭ ਦੇ ਦਿਲ ਨੂੰ ਭਾਈਏ ,
ਵੰਡੀਏ ਖੁਸ਼ੀਆਂ ਖੇੜੇ ,
ਧਰਤੀ ਨੂੰ ਸਵਰਗ ਬਣਾਈਏ ।

ਅੰਤਰਰਾਸਟਰੀ ਲੇਖਕ
**ਮਾਸਟਰ ਸੰਜੀਵ ਧਰਮਾਣੀ**
**9478561356**

## ਮਾਂ ਦਿਵਸ ਤੇ ਮਾਂ ਨੂੰ ਸਮਰਪਤ ਦੋਹੇ

ਤਾਰਾ ਬਣ ਗਈ ਮਾਂ ਦੀ, ਮਮਤਾ ਹੋਈ ਨਾ ਗੁੰਮ।
ਸੁਪਨੇ ਵਿੱਚ ਵੀ ਅੰਮੜੀ, ਮੱਥਾ ਲੈਂਦੀ ਚੁੰਮ ।
ਜਨਮ -ਦਾਤੀ ਨੂੰ ਸਜ਼ਦਾ ,ਮਾਂ ਧਰਤੀ ਨੂੰ ਸਲਾਮ ।
ਮਾਂ - ਬੋਲੀ ਤੋਂ ਸਦਕੇ, ਲੱਖ ਵਾਰੀ ਪ੍ਰਨਾਮ।
ਮਾਂ ਦੀ ਇੱਕ ਦੁਆ ਦੀ , ਹੋ ਨਾ ਸਕਦੀ ਰੀਸ ।
ਸੌਵਰ੍ਹਿਆਂ ਦੇ ਵਾਂਗ ਹੈ, ਮਾਂ ਦੀ ਇੱਕ ਅਸੀਸ।
ਕੁੱਲ ਜਹਾਨ ਤੋਂ ਰੌਣਕਾਂ, ਭਾਵੇਂ ਘਰ ਆ ਜਾਣ ।
ਜਿਸ ਦੇ ਘਰ ਵਿੱਚ ਮਾਂ ਨਾ, ਲੱਗੇ ਸੁੰਨ- ਮਸਾਣ ।
ਮਤਰੇਆਂ ਦੇ ਵਾਂਗ ਹੀ , ਕਰਦੇ ਕਈ ਵਿਹਾਰ।
ਕਰਮਾਂ ਵਾਲੇ ਮਾਣਦੇ , ਮਾਂ - ਬਾਪ ਦਾ ਪਿਆਰ।
ਘਰ ਨੂੰ ਭਾਵੇਂ ਵੰਡਿਆ , ਪੁੱਤਾਂ ਅੱਧੋ -ਅੱਧ।
ਮਿੱਟੀ ਮਾਂ ਦੇ ਪੈਰ ਦੀ, ਜ਼ੰਨਤ ਤੋਂ ਵੀ ਵੱਧ ।
ਰੱਬ ਕਰੇ ਨਾ ਮਾਂ ਮਰੇ ,ਸ਼ਾਲਾ !ਜੀਵੇ ਬਾਪ।
ਮੰਗਣ ਸੁੱਖ ਔਲਾਦ ਦੀ, ਕੁਝ ਨਾ ਚਾਹਵਣ ਆਪ ।
ਸਾਥੋਂ ਦੂਰ ਮਾਂ ਤੁਰ ਗਈ, ਪਰ ਸਾਹੀਂ ਆਬਾਦ।
ਪੱਲੇ ਵਿੱਚ ਨਸੀਹਤਾਂ , ਹਰ ਦਮ ਆਵੇ ਯਾਦ ।
ਮਰ ਕੇ ਵੀ ਨਾ ਨਿਕਲਣੀ, ਦਿਲ @ਚੋਂ ਮਾਂ ਦੀ ਯਾਦ ।
ਕੱਲ੍ਹ ਵਾਂਗ ਹੀ ਸੱਜਰੀ, ਰਹਿਣੀ ਸਦਾ ਆਬਾਦ।
ਹੁਣ ਨਾ ਕਿਸੇ ਵੀ ਆਖਣਾ, ਮੇਰਾ ਰਾਜਾ ਪੁੱਤ ।
ਜਾਪੇ ਸਾਥੋਂ ਰੁੱਸ ਗਈ, ਜਿਉਂ ਬਹਾਰ ਦੀ ਰੁੱਤ ।
ਜੇ ਹੱਕ ਹੁੰਦਾ ਮਾਂ ਨੂੰ , ਲਿਖਦੀ ਨਾ ਕੋਈ ਦੁੱਖ।
ਬੱਚਿਆਂ ਦੀ ਤਕਦੀਰ ਵਿਚ, ਹੁੰਦੇ ਸੁੱਖ ਹੀ ਸੁੱਖ।
ਸ਼ਾਲਾ ! ਸਿਰ @ਤੇ ਰਹੇ ਸਦਾ , ਮਾਂ ਜਿਹੀ ਠੰਢੀ ਛਾਂ।
ਮਾਂ ਤਾਂ ਹੁੰਦੀ ਸੱਜਣੋਂ , ਰੱਬ ਦਾ ਦੂਜਾ ਨਾਂ ।

**ਸਤਿੰਦਰ ਸਿੰਘ ਓਠੀ**

## ਮਿਹਨਤ

ਹਰ ਮਸਲੇ ਦਾ ਹੱਲ ਹੁੰਦਾ ਹੈ
ਅੱਜ ਨਹੀਂ ਤਾਂ ਕੱਲ ਹੁੰਦਾ ਹੈ ।
ਹਿੰਮਤ ਹਾਰ ਕੇ ਬਹਿ ਜਾਵੇ ਜੋ
ਉਹ ਨਾਂ ਅਸਲੀ ਮੱਲ ਹੁੰਦਾ ਹੈ ।
ਆਖੇ ਜੋ ਅੰਬਰੋਂ ਮੈਂ ਤਾਰੇ ਤੋੜਾਂ
ਮਨ ਵਿੱਚ ਉਹਦੇ ਛਲ ਹੁੰਦਾ ਹੈ।
ਮੰਜਿਲ ਪਾਉਣ ਦੀ ਜੋ ਧਾਰ ਲੈਂਦਾ
ਉਹ ਪੱਕਾ ਜਿੱਤ ਦੇ ਵੱਲ ਹੁੰਦਾ ਹੈ।
ਰੱਬ ਦੇ ਉੱਤੇ ਜੋ ਛੱਡਦਾ ਡੋਰਾਂ
ਬੰਦਾ ਆਲਸੀ ਨਿਠਲ ਹੁੰਦਾ ਹੈ।
ਮਿਹਨਤ ਦਾ ਜੋ ਪੱਲਾ ਫੜਦਾ
ਉਸਨੂੰ ਮਿਲਦਾ ਫਲ਼ ਹੁੰਦਾ ਹੈ।
ਸੱਚ ਜਿਓਣਿਆ ਜਦ ਵੀ ਜਿੱਤੇ
ਸੱਚਾ ਉਹੀ ਖੁਸ਼ੀ ਦਾ ਪਲ਼ ਹੁੰਦਾ ਹੈ।

**ਜਤਿੰਦਰ ਭੁੱਚੋ**
**9501475400**

## ਸ਼ਹਾਦਤ ਸ੍ਰੀ ਗੁਰੂ ਅਰਜਨ ਦੇਵ ਜੀ

ਪੰਚਮ ਘਰ ਵਿੱਚ ਬੈਠ ਨਾਨਕ,
ਅਜਬ ਹੀ ਕੌਤਕ ਰਚਾਇਆ
ਤੱਤੀ ਤਵੀ ਤੇ ਬੈਠ ਸਤਿਗੁਰ,
“ਤੇਰਾ ਕੀਆ ਮੀਠਾ ਲਾਗੇ “ਗਾਇਆ

ਜੇਠ ਮਹੀਨਾ ਸਿਖਰ ਦੁਪਹਿਰੇ,
ਕੁਦਰਤ ਦਾ ਹਰ ਕਣ ਕੁਮਲਾਇਆ
ਚੰਦੂ ਪਾਪੀ ਸਤਿਗੁਰਾਂ ਉੱਤੇ,
ਡਾਢਾ ਹੀ ਸੀ ਕਹਿਰ ਕਮਾਇਆ

ਅੱਗ ਦੇ ਬਲ ਰਹੇ ਸੀ ਭਾਂਬੜ,
ਜਾਲਮ ਖਿੜ ਖਿੜ ਹੱਸਦਾ ਸੀ
ਉਬਲਦੀ ਦੇਗ ਵਿੱਚ ਸਤਿਗੁਰਾਂ ਦੇ,
ਚਿਹਰੇ ਤੋਂ ਨੂਰ ਵਰਸਦਾ ਸੀ

ਤੱਤੀ ਤਵੀ ਤੇ ਸੀਸ ‘ਤੇ ਰੇਤ ਤੱਤੀ,
ਸਤਿਗੁਰ ਸੀਤਲ ਅਡੋਲ ਰਹੇ
ਵੇਖ ਕੇ ਖ਼ਲਕਤ ਨੀਰ ਵਹਾਏ,
ਗੁਰੂ ਅਰਜਨ ਵਾਹਿਗੁਰੂ ਬੋਲ ਰਹੇ

ਜਬਰ ਨੂੰ ਕਰਕੇ ਫੀਤੀ ਫੀਤੀ,
ਸਬਕ ਸਿਦਕ ਦਾ ਗੁਰਾਂ ਪੜ੍ਹਾਇਆ
ਸ਼ਾਂਤੀ ਸ਼ਸਤਰ ਸੰਗਤਾਂ ਨੂੰ ਸੌਂਪਿਆ,
ਕੁਰਬਾਨੀ ਵਾਲਾ ਪੰਥ ਚਲਾਇਆ

ਨਿਮਰਤਾ ਦੇ ਪੁੰਜ ਗੁਰੂ ਅਰਜਨ,
ਨੀਵਾਂ ਰਹਿਣਾ ਸਿਖਾ ਗਏ
ਜਾਮ ਸ਼ਹਾਦਤ ਵਾਲਾ ਪੀ ਕੇ,
ਸੰਤਾ ਤੋਂ ਬੱਬਰ ਬਣਾ ਗਏ

**ਮਨਦੀਪ ਪਾਲ ਕੌਰ,**
**9463192156**

## ਚਿੜੀਆਂ

ਚਿੜੀਆਂ ਚੀਂ ਚੀਂ ਕਰਨੋਂ ਹੱਟੀਆਂ,
ਕਾਂ ਕਾਂ ਕਰਨੋਂ ਕਾਂ।
ਟਾਹਲੀਆਂ ਨਿੰਮਾਂ ਤੂਤ ਸਫੇਦੇ,
ਨਾ ਪਿੱਪਲਾਂ ਦੀ ਛਾਂ।
ਗਿੱਧੇ ਭੰਗੜੇ ਲੋਕ ਬੋਲੀਆਂ,
ਤ੍ਰਿੰਝਣਾਂ ਰਹੀ ਨਾ ਥਾਂ।
ਆਉਂਣੇ ਹੁੰਦੇ ਜਦ ਘਰ ਪ੍ਰਾਹੁਣੇ,
ਦੇਹਲੀ ਤੱਕਦੀ ਮਾਂ।
ਹੁਣ ਉਹ ਪਿੰਡ, ਪਿੰਡ ਨੀਂ ਰਹਿਗੇ,
ਬਣਗੇ ਸ਼ਹਿਰ ਗਰਾਂ।
ਪੱਤੋ ਪਿੰਡ ਵਿੱਚ ਕਦੇ ਮਾਰੀ ਗੇੜਾ,
ਕਰੀਏ ਹਾਂ ਵਿੱਚ ਆਪਾਂ ਹਾਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਚਲਦੀ ਏ

ਵਿੱਚ ਮੁਹੱਬਤ ਮੈਂ ਮੈਂ ਤੂ ਤੂ ਚਲਦੀ ਏ
ਮੰਨਣ ਰੁੱਸਣ ਦੀ ਆਰਜੂ ਚਲਦੀ ਏ
ਗਿਲੇ ਸ਼ਿਕਵੇ ਨੈਣਾਂ ਸੰਗ ਨੈਣਾ ਤੱਕ
ਬੁੱਲੀ ਚੁੱਪ ਪਰ ਗੁਫਤਗੂ ਚਲਦੀ ਏ
ਇੱਕ ਦੂਜੇ ਸਾਵੇਂ ਰਹਿੰਦੇ ਮੂੰਹ ਵੱਟ ਕੇ
ਜ਼ੇਹਨੀ ਤਵੱਜੋ ਤਾਂ ਕੂ-ਬ-ਕੂ ਚਲਦੀ ਏ
ਬਾਤ ਪਾ ਹੁੰਗਾਰਾ ਦੇਣਾ ਨਹੀਂ ਚਾਹੇ
ਦਿਲਾਂ ਚ ਓਹੀ ਜੁਸਤਜੂ ਚਲਦੀ ਏ
ਪਰਦੇ ਕੀਤੇ ਬੂਹਾ ਭਾਵੇਂ ਢੋਹਿਆ ਏ
ਓਹ ਨਜ਼ਰ ਪਰ ਹਰ ਸੂ ਚਲਦੀ ਏ
ਹਰਫ ਮੇਰੇ ਚਾਹੇ ਚੰਦਨਾਂ ਕੇਹੀ ਜਾ
ਕਲਾਮ ਚ ਓਹੀ ਖੁਸ਼ਬੂ ਚਲਦੀ ਏ

**ਚੰਦਨ ਹਾਜੀਪੁਰੀਆ**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 252

Website: www.preetnama.com Email preetnamausa@gmail.com

10 MAY TO 10 MAY , 2024